INTERNATIONAL
# ਪੰਜਾਬੀ ਟ੍ਰਿਬਿਊਨ
Funded by the Government of Canada | Financé par le gouvernement du Canada | Canada
BILINGUAL NEWSPAPER : ENGLISH AND PUNJABI
EXECUTIVE EDITOR : RACHHPAL SINGH GILL
Ph. : 604-616-2171
E-mail: iptribune@gmail.com
www.punjabitribune.ca
Vol.31 / No.05
31 January, 2025
੧੮ ਮਾਘ ਨਾਨਕਸ਼ਾਹੀ ਸੰਮਤ ੫੫੬

## 31 ਮਾਰਚ 2025 ਤੋਂ ਹੋਮ ਕੇਅਰ ਵਰਕਰਾਂ ਲਈ ਨਵੀਂ ਪ੍ਰਵਾਸ ਯੋਜਨਾ




**ਵੈਨਕੂਵਰ (ਏਕਜੋਤ ਸਿੰਘ):** ਕੈਨੇਡੀਅਨ ਇਮੀਗ੍ਰੇਸ਼ਨ ਮੰਤਰਾਲੇ ਨੇ ਐਲਾਨ ਕੀਤਾ ਹੈ ਕਿ 31 ਮਾਰਚ 2025 ਤੋਂ ਹੋਮ ਕੇਅਰ ਵਰਕਰਾਂ ਲਈ ਨਵਾਂ ਇਮੀਗ੍ਰੇਸ਼ਨ ਪਾਇਲਟ ਪ੍ਰੋਗਰਾਮ ਸ਼ੁਰੂ ਕੀਤਾ ਜਾਵੇਗਾ। ਇਹ ਪ੍ਰੋਗਰਾਮ 17 ਜੂਨ 2024 ਨੂੰ ਪੁਰਾਣੇ ਪ੍ਰੋਗਰਾਮ ਦੇ ਬੰਦ ਹੋਣ ਤੋਂ ਬਾਅਦ ਆਇਆ ਪਹਿਲਾ ਵੱਡਾ ਐਲਾਨ ਹੈ, ਜਿਸਨੂੰ ਇਮੀਗ੍ਰੇਸ਼ਨ ਸਖ਼ਤੀਆਂ ਵਿਚਕਾਰ ਇੱਕ ਰਾਹਤ ਵਜੋਂ ਦੇਖਿਆ ਜਾ ਰਿਹਾ ਹੈ।

ਇਹ ਪ੍ਰੋਗਰਾਮ 'ਨੈਨੀ' ਦੇ ਨਾਂ ਨਾਲ ਪ੍ਰਚਲਿਤ ਹੈ, ਜਿਸ ਤਹਿਤ ਕੈਨੇਡਾ ਰਹਿੰਦੇ ਪਰਿਵਾਰ ਆਪਣੇ ਬੱਚਿਆਂ ਜਾਂ ਬਜ਼ੁਰਗ ਮਾਪਿਆਂ ਦੀ ਦੇਖਭਾਲ ਲਈ ਹੋਮ ਕੇਅਰ ਵਰਕਰ ਬੁਲਾ ਸਕਦੇ ਹਨ। ਇਮੀਗ੍ਰੇਸ਼ਨ ਮਾਹਰਾਂ ਅਨੁਸਾਰ, ਬਹੁਤ ਸਾਰੇ ਮਾਪੇ ਆਪਣੇ ਬੱਚਿਆਂ ਦੀ ਸੰਭਾਲ ਲਈ ਨੈਨੀਆਂ ਦੀ ਮਦਦ ਲੈਂਦੇ ਹਨ, ਜਦਕਿ ਕਈ ਕੈਨੇਡੀਅਨ ਆਪਣੇ ਬਜ਼ੁਰਗ ਮਾਪਿਆਂ ਦੀ ਦੇਖਭਾਲ ਲਈ ਵੀ ਇਹ ਪ੍ਰੋਗਰਾਮ ਵਰਤਦੇ ਹਨ।

ਜੂਨ 2024 ਵਿੱਚ, ਕੈਨੇਡੀਅਨ ਇਮੀਗ੍ਰੇਸ਼ਨ ਮੰਤਰਾਲੇ ਨੇ ਐਲਾਨ ਕੀਤਾ ਸੀ ਕਿ ਨਵੇਂ ਪਾਇਲਟ ਪ੍ਰੋਗਰਾਮ ਤਹਿਤ ਹੋਮ ਕੇਅਰ ਵਰਕਰਾਂ ਨੂੰ ਕੈਨੇਡਾ ਪਹੁੰਚਣ 'ਤੇ ਹੀ ਪੀ.ਆਰ. ਦਿੱਤਾ ਜਾਵੇਗਾ। ਪੀ.ਆਰ. ਲਈ ਲਾਜ਼ਮੀ

☛ ਬਾਕੀ ਸਫ਼ਾ 2 'ਤੇ

## ਆਇਲਿਟਸ, ਮਜ਼ਬੂਰੀ-ਵੱਸ ਪ੍ਰਵਾਸ ਅਤੇ ਪੰਜਾਬ ਦੇ ਨੌਜਵਾਨ

ਲਿਖਤ : ਗੁਰਮੀਤ ਪਲਾਹੀ




ਪ੍ਰਵਾਸੀਆਂ ਦੇ ਵਿਦੇਸ਼ ਜਾਣ ਦਾ ਰੁਝਾਨ ਪੰਜਾਬ ਦੇ ਦੁਆਬੇ ਖਿੱਤੇ ਤੱਕ ਸੀਮਿਤ ਨਹੀਂ ਰਿਹਾ, ਹੁਣ ਤਾਂ ਪੂਰਾ ਪੰਜਾਬ ਇਸ ਰੁਝਾਨ ਦੀ ਲਪੇਟ ਵਿੱਚ ਆ ਚੁੱਕਾ ਹੈ। ਸ਼ਹਿਰੀ ਕੀ, ਪੇਂਡੂ ਕੀ, ਉੱਚਿਆਂ ਘਰਾਂ ਵਾਲੇ ਕੀ, ਮੱਧਮ ਵਰਗਾਂ ਵਾਲੇ ਕੀ, ਹੁਣ ਤਾਂ ਸਧਾਰਨ ਕਾਮੇ ਦੇ ਪੁੱਤਰ-ਧੀਆਂ ਵੀ ਅੰਗਰੇਜ਼ੀ ਦਾ ਇਮਤਿਹਾਨ ਆਇਲਿਟਸ ਪਾਸ ਕਰਕੇ ਵਿਦੇਸ਼ਾਂ

☛ ਬਾਕੀ ਸਫ਼ਾ 8 'ਤੇ

Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928
128St. Surrey BC V3W 4E8

Sarup Singh Chandi
Ph: 604-572-5050
Residential, Commercial & Private Mortgage
BEST POSSIBLE RATE AVAILABLE
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

AG Aanchal Ghai Notary Corporation
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
OUR SERVICES
- Notarizations
- Real Estate Conveyancing
- Wills & Powers of Attorney
Payal Business Centre
80 ਐਵਨਿਊ ਵਾਲੇ ਪਾਸੇ
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

A-CLASS FOREIGN EXCHANGE
ਸਿਰਫ਼ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888
80th AVE., SURREY

ROHITA PANNU LAW CORPORATION
Barrister & Solicitor
- ਨੋਟਰੀ ਸੇਵਾਵਾਂ - ਵਸੀਅਤਨਾਮਾ - ਤਲਾਕ ਦੇ ਮਾਮਲੇ - ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ - ਹਲਫੀਆ ਬਿਆਨ - ਘਰਾਂ ਦੀ ਖਰੀਦੋ-ਫਰੋਖਤ
#102-9278, 120th Street
Surrey, BC V3V 4E8
Ph.: 604-589-1399
Fax : 604-589-1556
www.rohitapannulaw.com

ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ ਲੈਣ ਲਈ ਸੰਪਰਕ ਕਰੋ
ZIRA CURRENCY EXCHANGER LTD.
ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ਬਖਸ਼ੀਸ਼ ਸਿੰਘ ਜ਼ੀਰਾ, 604-562-7000, 604-314-0000
#397-8148-128 ST. (PAYAL BUSINESS CENTRE) SURREY

Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

A TO Z DRIVING SCHOOL
So Easy ਲਰਨਿੰਗ ਲਾਇਸੈਂਸ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੌਲਿਜ਼ ਟੈਸਟ
Lucky Sekhon, 604-614-5365
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ਼ ਬੈਂਕਿਊਟ ਹਾਲ ਦੇ ਹੇਠਾਂ

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ 'ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ 'ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸ਼ਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

ਸਫ਼ਾ 1 ਦਾ ਬਾਕੀ

ਤਜਰਬਾ ਵੀ ਘਟਾ ਕੇ 6 ਮਹੀਨੇ ਕਰ ਦਿੱਤਾ ਗਿਆ ਸੀ। ਕੈਨੇਡਾ ਵੱਲੋਂ ਪਹਿਲਾਂ ਵੀ ਹੋਮ ਚਾਈਲਡ ਕੇਅਰ ਪ੍ਰੋਵਾਈਡਰ ਪਾਇਲਟ, ਹੋਮ ਸਪੋਰਟ ਵਰਕਰ ਪਾਇਲਟ, ਲਿਵ-ਇਨ ਕੇਅਰਗਿਵਰ ਪ੍ਰੋਗਰਾਮ ਅਤੇ ਕੇਅਰਿੰਗ ਫਾਰ ਚਿਲਡਰਨ ਵਰਗੇ ਪ੍ਰੋਗਰਾਮ ਚਲਾਏ ਗਏ ਹਨ। ਨਵੇਂ ਪਾਇਲਟ ਤਹਿਤ, ਉਮੀਦਵਾਰ ਕੋਲ ਤਜਰਬਾ ਹੋਣਾ, ਕੈਨੇਡੀਅਨ ਨਿਯੋਗਤਾ ਤੋਂ ਨੌਕਰੀ ਦੀ ਪੇਸ਼ਕਸ਼ ਹੋਣੀ, ਅਤੇ ਅੰਗਰੇਜ਼ੀ ਜਾਂ ਫ੍ਰੈਂਚ ਭਾਸ਼ਾ ਵਿੱਚ ਸੀ.ਐਲ.ਬੀ. 4 ਪੱਧਰ ਹੋਣਾ ਲਾਜ਼ਮੀ ਹੋਵੇਗਾ।

2019 ਵਿੱਚ ਹੋਮ ਚਾਈਲਡ ਕੇਅਰ ਪ੍ਰੋਵਾਈਡਰ ਅਤੇ ਹੋਮ ਸਪੋਰਟ ਵਰਕਰ ਪਾਇਲਟ ਦੀ ਸ਼ੁਰੂਆਤ ਤੋਂ 2024 ਤੱਕ, 5700 ਕੇਅਰਗਿਵਰਜ਼ ਅਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੇ ਕੈਨੇਡਾ ਦੀ ਪੱਕੀ ਨਾਗਰਿਕਤਾ ਹਾਸਲ ਕੀਤੀ।

ਪੰਜਾਬੀ ਮੂਲ ਦੀ ਸੁਖਦੀਪ ਕੌਰ, ਜਿਸਨੇ ਇਸ ਪ੍ਰੋਗਰਾਮ ਰਾਹੀਂ ਪੀ.ਆਰ. ਲੱਭੀ, ਨੇ ਕਿਹਾ, "ਇਹ ਇੱਕ ਬਿਹਤਰੀਨ ਪ੍ਰੋਗਰਾਮ ਹੈ, ਜਿਸ ਤਹਿਤ ਮਾਪਿਆਂ ਨੂੰ ਯੋਗ ਨੈਨੀ ਮਿਲਦੀ ਹੈ, ਤੇ ਹੀ ਕੇਅਰਗਿਵਰਜ਼ ਲਈ ਵੀ ਪੀ.ਆਰ. ਦੀ ਰਹਿ ਵਧੀ ਆਸਾਨ ਬਣਦੀ ਹੈ।" ਉਹ ਕਹਿੰਦੀ ਹੈ ਕਿ ਹੋਰਨਾਂ ਇਮੀਗ੍ਰੇਸ਼ਨ ਪ੍ਰੋਗਰਾਮਾਂ ਦੇ ਮੁਕਾਬਲੇ, ਇਸ ਵਿੱਚ ਅੰਗਰੇਜ਼ੀ ਜਾਂ ਫ੍ਰੈਂਚ ਭਾਸ਼ਾ ਲਈ ਵੱਡੀ ਯੋਗਤਾ ਦੀ ਲੋੜ ਨਹੀਂ।

ਕੈਨੇਡੀਅਨ ਇਮੀਗ੍ਰੇਸ਼ਨ ਮੰਤਰਾਲੇ ਅਨੁਸਾਰ, 2025-2027 ਦੌਰਾਨ ਏਗਰੀ-ਪਾਇਲਟ, ਇਕਨੌਮਿਕ ਮੋਬਿਲਿਟੀ ਪਾਇਲਟ ਅਤੇ ਕੇਅਰਗਿਵਰਜ਼ ਪ੍ਰੋਗਰਾਮ ਰਾਹੀਂ ਕੁੱਲ 30,760 ਵਿਅਕਤੀਆਂ ਨੂੰ ਪੀ.ਆਰ. ਦਿੱਤੀ ਜਾਵੇਗੀ।

ਇਮੀਗ੍ਰੇਸ਼ਨ ਮੰਤਰਾਲੇ ਨੇ ਦੱਸਿਆ ਕਿ ਨਵੇਂ ਪਾਇਲਟ ਪ੍ਰੋਗਰਾਮ ਦੀਆਂ ਹੋਰ ਵਿਸ਼ੇਸ਼ ਜਾਣਕਾਰੀਆਂ ਜਲਦੀ ਹੀ ਜਾਰੀ ਕੀਤੀਆਂ ਜਾਣਗੀਆਂ। ਇਸ ਨਵੇਂ ਐਲਾਨ ਤੋਂ ਬਾਅਦ, ਇਮੀਗ੍ਰੇਸ਼ਨ ਉਮੀਦਵਾਰਾਂ ਵਿੱਚ ਨਵੀਂ ਉਮੀਦ ਬਝੀ ਹੈ। This report was written by Ekjot Singh as part of the Local Journalism Initiative.

# ਵੈਨਕੂਵਰ ਦੇ ਮੇਅਰ ਨੇ ਮੈਟਰੋ ਵੈਨਕੂਵਰ ਮੀਟਿੰਗਾਂ ਦਾ ਬਾਈਕਾਟ ਕਰਨ ਦਾ ਕੀਤਾ ਐਲਾਨ

**ਵੈਨਕੂਵਰ, (ਏਕਜੋਤ ਸਿੰਘ):** ਮੈਟਰੋ ਵੈਨਕੂਵਰ ਰੀਜਨਲ ਡਿਸਟ੍ਰਿਕਟ ਦੇ ਖਰਚਿਆਂ ਨੂੰ ਲੈ ਕੇ ਵਧ ਰਹੀ ਆਲੋਚਨਾ ਦੇ ਚਲਦੇ, ਵੈਨਕੂਵਰ ਦੇ ਮੇਅਰ ਕੇਨ ਸਿਮ ਨੇ ਮੈਟਰੋ ਵੈਨਕੂਵਰ ਦੀਆਂ ਮੀਟਿੰਗਾਂ ਵਿੱਚ ਸ਼ਾਮਲ ਨਾ ਹੋਣ ਦਾ ਐਲਾਨ ਕੀਤਾ ਹੈ।



ਉਨ੍ਹਾਂ ਨੇ ਬੁੱਧਵਾਰ ਨੂੰ ਇੱਕ ਬਿਆਨ ਵਿੱਚ ਕਿਹਾ, "ਮੈਟਰੋ ਵੈਨਕੂਵਰ ਦੀ ਸ਼ਾਸਨ ਪ੍ਰਣਾਲੀ ਨਿਕੰਮੀ ਹੋ ਚੁੱਕੀ ਹੈ।" ਮੀਡੀਆ ਨੂੰ ਬਿਆਨ ਦਿੰਦੇ ਹੋਏ ਉਨ੍ਹਾਂ ਨੇ ਕਿਹਾ, "ਮੈਟਰੋ ਵੈਨਕੂਵਰ ਦੀ ਸ਼ਾਸਨ ਪ੍ਰਣਾਲੀ ਵਿੱਚ ਕੋਈ ਜ਼ਿੰਮੇਵਾਰੀ ਨਹੀਂ ਹੈ, ਇਸ ਕਰਕੇ ਹੁਣ ਤੋਂ ਮੈਂ ਮੈਟਰੋ ਦੀਆਂ ਮੀਟਿੰਗਾਂ ਵਿੱਚ ਹਿੱਸਾ ਨਹੀਂ ਲਵਾਂਗਾ। ਮੈਟਰੋ ਵੈਨਕੂਵਰ ਦੇ ਵਧ ਰਹੇ ਖਰਚੇ ਟੈਕਸ ਦੇਣ ਵਾਲਿਆਂ, ਖ਼ਾਸ ਕਰਕੇ ਵੈਨਕੂਵਰ ਵਾਸੀਆਂ ਲਈ, ਵਧੇਰੇ ਬੋਝ ਬਣ ਰਹੇ ਹਨ। ਸਾਨੂੰ ਅਸਲ ਅਤੇ ਠੋਸ ਬਦਲਾਅ ਦੀ ਲੋੜ ਹੈ।" ਮੇਅਰ ਸਿਮ ਦੀ ਆਲੋਚਨਾ ਮੰਗਲਵਾਰ ਨੂੰ ਰਿਚਮੰਡ ਸ਼ਹਿਰ ਦੇ ਕੌਂਸਲਰ ਕੇ.ਐਸ. ਹੀਡ ਵੱਲੋਂ ਦਿੱਤੇ ਬਿਆਨ ਤੋਂ ਬਾਅਦ ਆਈ। ਹੀਡ ਨੇ ਹੋਰ ਅਧਿਕਾਰੀਆਂ ਨੂੰ ਬੇਨਤੀ ਕੀਤੀ ਸੀ ਕਿ ਉਨ੍ਹਾਂ ਨੂੰ ਦਿਨ ਦੌਰਾਨ ਮੈਟਰੋ ਵੈਨਕੂਵਰ ਦੀਆਂ ਮੀਟਿੰਗਾਂ 'ਚ ਸ਼ਾਮਲ ਹੋਣ ਦੀ ਵਾਧੂ ਤਨਖ਼ਾਹ ਨਹੀਂ ਲੈਣੀ ਚਾਹੀਦੀ।

ਕੇਨ ਸਿਮ ਨੇ ਆਪਣੀ ਪਾਰਟੀ ਏ.ਬੀ.ਸੀ. ਵੈਨਕੂਵਰ ਦੇ ਕੌਂਸਲਰਾਂ ਨੂੰ ਇਹ ਨਿਰਦੇਸ਼ ਨਹੀਂ ਦਿੱਤਾ ਕਿ ਉਹ ਵੀ ਮੀਟਿੰਗਾਂ ਦਾ ਬਾਈਕਾਟ ਕਰਨ। ਉਨ੍ਹਾਂ ਦੇ ਦਫ਼ਤਰ ਨੇ ਇਹ ਸਾਫ਼ ਕਰ ਦਿੱਤਾ ਕਿ ਏ.ਬੀ.ਸੀ. ਦੇ ਕੌਂਸਲਰ, ਜੋ ਕਿ ਮੈਟਰੋ ਵੈਨਕੂਵਰ ਦੀਆਂ ਵੱਖ-ਵੱਖ ਕਮੇਟੀਆਂ ਵਿੱਚ ਸ਼ਾਮਲ ਹਨ, ਖੁਦ ਫੈਸਲਾ ਕਰ ਸਕਦੇ ਹਨ। ਹਾਲਾਂਕਿ, ਮੇਅਰ ਕੇਨ ਸਿਮ ਪਹਿਲਾਂ ਵੀ ਮੈਟਰੋ ਵੈਨਕੂਵਰ ਦੀਆਂ ਮੀਟਿੰਗਾਂ ਵਿੱਚ ਘੱਟ ਹੀ ਸ਼ਾਮਲ ਹੁੰਦੇ ਸਨ। ਪਿਛਲੇ ਸਾਲ ਉਨ੍ਹਾਂ ਨੇ ਕੁੱਲ ਮੀਟਿੰਗਾਂ ਵਿੱਚੋਂ ਕੇਵਲ 25% ਮੀਟਿੰਗਾਂ 'ਚ ਹਿੱਸਾ ਲਿਆ ਸੀ।

ਇਸ ਵਿਰੋਧ ਤੋਂ ਬਾਅਦ ਪ੍ਰੀਮੀਅਰ ਡੇਵਿਡ ਈਬੀ ਉਤੇ ਵੀ ਦਬਾਅ ਵਧਾ ਰਿਹਾ ਹੈ ਕਿ ਉਹ ਮੈਟਰੋ ਵੈਨਕੂਵਰ ਦੀ ਸ਼ਾਸਨ ਪ੍ਰਣਾਲੀ ਵਿੱਚ ਦਖ਼ਲ ਦੇਣ। ਬਹੁਤ ਸਾਰੇ ਨਗਰਪਾਲਿਕਾ ਅਧਿਕਾਰੀਆਂ ਮੈਟਰੋ ਵੈਨਕੂਵਰ ਦੀ ਵਧ ਰਹੀ ਆਲੋਚਨਾ ਅਤੇ ਖਰਚਿਆਂ ਨੂੰ ਲੈ ਕੇ ਸੂਬਾਈ ਸਰਕਾਰ ਤੋਂ ਦਖ਼ਲਅੰਦਾਜ਼ੀ ਦੀ ਮੰਗ ਕਰ ਰਹੇ ਹਨ। ਮੇਅਰ ਕੇਨ ਸਿਮ ਵਲੋਂ ਮੈਟਰੋ ਵੈਨਕੂਵਰ ਦੀ ਸ਼ਾਸਨ ਪ੍ਰਣਾਲੀ 'ਤੇ ਉਠਾਏ ਸਵਾਲ ਇਹ ਦਰਸਾਉਂਦੇ ਹਨ ਕਿ ਖਰਚਿਆਂ ਨੂੰ ਲੈ ਕੇ ਸਥਾਨਕ ਪੱਧਰ 'ਤੇ ਚਿੰਤਾ ਗੰਭੀਰ ਰੂਪ ਧਾਰ ਚੁੱਕੀ ਹੈ। ਹੁਣ ਵੇਖਣਾ ਇਹ ਹੋਵੇਗਾ ਕਿ ਕੀ ਹੋਰ ਨਗਰਪਾਲਿਕਾ ਨੇਤਾ ਵੀ ਉਨ੍ਹਾਂ ਦੇ ਬਾਈਕਾਟ ਵਿੱਚ ਸ਼ਾਮਲ ਹੁੰਦੇ ਹਨ ਜਾਂ ਮੈਟਰੋ ਵੈਨਕੂਵਰ ਵਿੱਚ ਕੋਈ ਸੁਧਾਰ ਲਿਆਂਦਾ ਜਾਂਦਾ ਹੈ। This report was written by Ekjot Singh as part of the Local Journalism Initiative.

# ਸਰੀ ਸ਼ਹਿਰ 15 ਮਾਰਚ ਨੂੰ ਬੀਸੀ ਜੂਨੋਸ ਪਲਾਜ਼ਾ ਪਾਰਟੀ ਦੀ ਕਰੇਗਾ ਮੇਜ਼ਬਾਨੀ

## ਇੱਕ-ਰੋਜ਼ਾ ਸੰਗੀਤ ਫ਼ੈਸਟੀਵਲ, ਜਿਸ 'ਚ ਕੈਨੇਡਾ ਅਤੇ ਸਰੀ ਦੇ ਕੁੱਝ ਚੋਟੀ ਦੇ ਸੰਗੀਤਕਾਰਾਂ ਨੂੰ ਸੁਣਨ ਦਾ ਮੌਕਾ ਮਿਲੇਗਾ

ਸਰੀ : ਸਰੀ ਸਿਟੀ 15 ਮਾਰਚ, ਸ਼ਨੀਵਾਰ ਨੂੰ ਦੁਪਹਿਰ 2 ਵਜੇ ਤੋਂ ਰਾਤ 10 ਵਜੇ ਤੱਕ ਸਰੀ ਸਿਵਿਕ ਪਲਾਜ਼ਾ ਵਿੱਚ "ਲੇਟਸ ਹਿਅਰ ਇਟ ਬੀਸੀ ਜੂਨੋਸ ਪਲਾਜ਼ਾ ਪਾਰਟੀ" (ਲ਼ਇਟ'ਸ ੍ਹਇਓਰ ਟਿ ਭਛ ਝੂੋਨਸ਼ ਫਲਓਜ਼ਓ ਫਅਰਟੇ) ਦਾ ਆਯੋਜਨ ਕਰੇਗਾ। ਇਹ 30 ਮਾਰਚ ਨੂੰ ਵੈਨਕੂਵਰ ਵਿੱਚ ਹੋਣ ਵਾਲੇ ਜੂਨੋ ਅਵਾਰਡਾਂ ਤੋਂ ਪਹਿਲਾਂ ਬੀਸੀ ਦੇ 6 ਸ਼ਹਿਰਾਂ ਦੇ ਜੂਨੋ ਟੂਰ ਦਾ ਹਿੱਸਾ ਹੋਵੇਗਾ । ਇਸ ਮੁਫ਼ਤ ਸੰਗੀਤ ਮੇਲੇ ਵਿੱਚ 30 ਤੋਂ ਵੱਧ ਕਲਾਕਾਰਾਂ ਨੂੰ ਛੇ ਵੱਖ-ਵੱਖ ਸਟੇਜਾਂ 'ਤੇ ਪੇਸ਼ ਕੀਤਾ ਜਾਵੇਗਾ ਤੇ ਜਿਸ ਵਿੱਚ ਪਰਿਵਾਰਿਕ ਗਤੀਵਿਧੀਆਂ, ਸਥਾਨਕ ਸੰਗੀਤ ਸੰਸਥਾਵਾਂ, ਪ੍ਰਦਰਸ਼ਕ ਅਤੇ ਫੂਡ ਟਰੱਕ ਆਦਿ ਸ਼ਾਮਲ ਹੋਣਗੇ।



ਮੇਅਰ ਬਰੇਂਡਾ ਲੌਕ ਨੇ ਕਿਹਾ, "ਮੈਂ ਸਰੀ ਵਿੱਚ 'ਲੇਟਸ ਹਿਅਰ ਇਟ ਬੀਸੀ ਜੂਨੋਸ ਪਲਾਜ਼ਾ ਪਾਰਟੀ' ਦਾ ਐਲਾਨ ਕਰਕੇ ਬਹੁਤ ਉਤਸ਼ਾਹਿਤ ਹਾਂ। ਸਰੀ ਤੇਜ਼ੀ ਨਾਲ ਆਪਣੇ ਆਪ ਨੂੰ ਕੈਨੇਡਾ ਦੇ ਸੰਗੀਤ ਸ਼ਹਿਰ ਵਜੋਂ ਸਥਾਪਤ ਕਰ ਰਿਹਾ ਹੈ ਅਤੇ ਇਸ ਕਲਾ ਦੇ ਪ੍ਰਗਟਾਵੇ ਲਈ ਇੱਕ ਗਤੀਸ਼ੀਲ ਵਾਤਾਵਰਨ ਬਣਾਉਣ ਲਈ ਅਸੀਂ ਵਚਨਬੱਧ ਹਾਂ" । "ਸਾਨੂੰ ਮਾਣ ਹੈ ਕਿ ਸਰੀ ਦਾ ਨੌਜਵਾਨ, ਖੁਸ਼ਹਾਲ ਅਤੇ ਵਿਭਿੰਨ ਭਾਈਚਾਰਾ ਆਪਣੀ ਕਲਾ, ਸੱਭਿਆਚਾਰ ਅਤੇ ਸੰਗੀਤ ਨੂੰ ਅੱਗੇ ਵਧਾ ਰਿਹਾ ਹੈ। ਮੈਂ ਖ਼ੁਸ਼ ਹਾਂ ਕਿ ਇਸ ਪ੍ਰੋਗਰਾਮ ਵਿੱਚ ਪੰਜਾਬੀ ਸੰਗੀਤ ਅਤੇ ਸੱਭਿਆਚਾਰ ਨੂੰ ਵਿਸ਼ੇਸ਼ ਤੋਰ ਤੇ ਉਭਾਰਿਆ ਜਾ ਰਿਹਾ ਹੈ, ਜੋ ਸਰੀ ਦੀ ਅਮੀਰ ਸੱਭਿਆਚਾਰਕ ਵਿਭਿੰਨਤਾ ਨੂੰ ਦਰਸਾਉਂਦਾ ਹੈ। ਜੂਨੋਸ ਪਲਾਜ਼ਾ ਪਾਰਟੀ ਵਿਸ਼ਵ ਪੱਧਰੀ ਸੰਗੀਤ ਸਮਾਗਮਾਂ ਲਈ ਇੱਕ ਪ੍ਰਮੁੱਖ ਮੰਜ਼ਿਲ ਵਜੋਂ ਸਾਡੇ ਭਾਈਚਾਰੇ ਦੀ ਵੱਧ ਰਹੀ ਸਾਖ ਨੂੰ ਦਰਸਾਉਂਦੀ ਹੈ, ਅਤੇ ਅਸੀਂ ਸਾਰਿਆਂ ਨੂੰ ਕੈਨੇਡੀਅਨ ਸੰਗੀਤ ਦੇ ਇਸ ਮੰਜ਼ਰ ਦਾ ਅਨੁਭਵ ਕਰਨ ਲਈ ਸੱਦਾ ਦਿੰਦੇ ਹਾਂ"।

"ਬੀਸੀ ਜੂਨੋਸ ਪਲਾਜ਼ਾ ਪਾਰਟੀ" ਸਰੀ ਵਿੱਚ ਜੂਨੋ ਦੀਆਂ ਭਾਵਨਾਵਾਂ ਨੂੰ ਸੰਗੀਤ, ਖਾਣੇ ਅਤੇ ਸੱਭਿਆਚਾਰ ਦੇ ਦਿਨ ਭਰ ਚੱਲਣ ਵਾਲੇ ਤਿਉਹਾਰ ਦੇ ਰੂਪ ਵਿੱਚ ਲਿਆਏਗੀ। ਪ੍ਰੋਗਰਾਮ ਵਿੱਚ ਮੁੱਖ ਸਟੇਜ ਦੇ ਨਾਲ ਸਾਊਥ ਏਸ਼ੀਆਈ ਡੀਜੇ, 5ਯ ਆਰਟ ਪਾਰਟੀ, ਕਮਿਊਨਿਟੀ ਸਟੇਜ, ਅਤੇ ਸਥਾਨਕ ਸੰਗੀਤਕਾਰ ਸਰੀ ਸਿਵਿਕ ਪਲਾਜ਼ਾ, ਸਿਟੀ ਸੈਂਟਰ ਲਾਇਬ੍ਰੇਰੀ, ਅਤੇ ਸਿਵਿਕ ਹੋਟਲ ਦੇ ਡੋਮੀਨੀਅਨ ਰੈਸਟੋਰੈਂਟ ਵਿੱਚ ਪ੍ਰਦਰਸ਼ਨ ਕਰਨਗੇ। ਮੁੱਖ ਕਲਾਕਾਰਾਂ ਦੀ ਘੋਸ਼ਣਾ ਫਰਵਰੀ ਵਿੱਚ ਕੀਤੀ ਜਾਵੇਗੀ।

"ਜੂਨੋ ਟੂਰ ਤੁਹਾਡੇ ਜੱਦੀ ਸ਼ਹਿਰ, ਸਰੀ ਦੇ ਦਿਲ ਵਿੱਚ ਜੂਨੋਸ ਦੀ ਭਾਵਨਾ ਲਿਆਉਣ ਅਤੇ ਸਾਡੇ ਸੂਬੇ ਦੇ ਸਾਰੇ ਕੋਨਿਆਂ ਵਿੱਚ ਪ੍ਰਫੁੱਲਤ ਹੋ ਰਹੇ ਹੁਨਰ ਨੂੰ ਉਭਾਰਨ ਬਾਰੇ ਹੈ। ਵੈਨਕੂਵਰ ਜੂਨੋ ਹੋਸਟ ਕਮੇਟੀ ਦੇ ਕੋ-ਚੇਅਰ ਨੈਟ ਸਬੀਨ ਨੇ ਕਿਹਾ, "ਉੱਭਰ ਰਹੇ ਤੋਂ ਲੈ ਕੇ ਤਜਰਬੇਕਾਰ ਕਲਾਕਾਰਾਂ ਤੱਕ, ਅਸੀਂ ਉਨ੍ਹਾਂ ਦੀਆਂ ਕਹਾਣੀਆਂ ਅਤੇ ਆਵਾਜ਼ਾਂ ਨੂੰ ਸਟੇਜ 'ਤੇ ਲਿਆ ਰਹੇ ਹਾਂ ਤਾਂ ਜੋ ਹਰ ਕੋਈ ਅਨੰਦ ਲੈ ਸਕੇ। "ਸਰੀ ਲੰਬੇ ਸਮੇਂ ਤੋਂ, ਖ਼ਾਸ ਕਰਕੇ ਦੱਖਣੀ ਏਸ਼ੀਆਈ ਸੰਗੀਤ ਦਾ ਇੱਕ ਕੇਂਦਰ ਬਿੰਦੂ ਰਿਹਾ ਹੈ, ਜੋ ਇਸ ਟੂਰ ਨੂੰ ਕੁਦਰਤੀ ਤੌਰ ਇੱਥੇ ਸੱਦਣ ਲਈ ਮਜਬੂਰ ਕਰਦਾ ਸੀ, ਖ਼ਾਸਕਰ ਉਸ ਸਾਲ ਜਦੋਂ ਜੂਨੋ ਨੇ ਸਾਊਥ ਏਸ਼ੀਅਨ ਮਿਊਜ਼ਿਕ ਰਿਕਾਰਡਿੰਗ ਆਫ਼ ਦਾ ਯੀਅਰ ਕੈਟਾਗਰੀ ਨੂੰ ਸ਼ਾਮਲ ਕੀਤਾ ਹੈ। ਇਸ ਪ੍ਰੋਗਰਾਮ ਦਾ ਮਕਸਦ ਸਿਰਫ਼ ਸੰਗੀਤ ਹੀ ਨਹੀਂ, ਸਗੋਂ ਭਾਈਚਾਰਿਕ ਜਸ਼ਨ, ਸੱਭਿਆਚਾਰ ਅਤੇ ਰਚਨਾਤਮਿਕ ਜਜ਼ਬਿਆਂ ਨੂੰ ਮਨਾਉਣਾ ਹੈ, ਜੋ ਸਾਡੇ ਸੂਬੇ ਨੂੰ ਹੋਰ ਵੀ ਖ਼ਾਸ ਬਣਾਉਂਦਾ ਹੈ"।

# ਸਰੀ 'ਚ ਗੈਰ-ਕਾਨੂੰਨੀ ਉਸਾਰੀ ਵਿਰੁੱਧ ਕੌਂਸਲ ਦੀ ਜ਼ੀਰੋ-ਟੌਲਰੈਂਸ ਨੀਤੀ ਜਾਰੀ

ਸਰੀ, (ਏਕਜੋਤ ਸਿੰਘ): ਸਿਟੀ ਆਫ ਸਰੀ ਨੇ ਗੈਰ-ਕਾਨੂੰਨੀ ਉਸਾਰੀ ਦੇ ਮੁਕਾਬਲੇ ਵਿੱਚ ਆਪਣੀ ਕਾਰਵਾਈ ਨੂੰ ਹੋਰ ਤੇਜ਼ ਕਰ ਦਿੱਤਾ ਹੈ ਅਤੇ ਇਸ ਵਿੱਚ ਇੱਕ ਮਹੱਤਵਪੂਰਨ ਕਦਮ 9397 - 132 ਸਟਰੀਟ ਦੀ ਪ੍ਰੋਪਰਟੀ ਦੇ ਸਿਰਲੇਖ 'ਤੇ ਨੋਟਿਸ ਦਾਇਰ ਕਰਨ ਦਾ ਫੈਸਲਾ ਹੈ। ਇਸ ਜਾਇਦਾਦ ਦੇ ਘਰ ਮਾਲਕਾਂ ਨੇ ਸਿਟੀ ਦੇ ਬਿਲਡਿੰਗ ਬਾਈਲਾਅ ਦੀ ਉਲੰਘਣਾ ਕਰਦੇ ਹੋਏ ਬਿਨਾਂ ਪਰਮਿਟ ਦੇ ਗੈਰ-ਕਾਨੂੰਨੀ ਤੌਰ 'ਤੇ ਇਮਾਰਤ ਦਾ ਨਿਰਮਾਣ ਅਤੇ ਕਬਜ਼ਾ ਕੀਤਾ ਹੈ। ਇਹ ਕਾਰਵਾਈ ਸਰੀ ਕੌਂਸਲ ਦੀ ਗੈਰ-ਕਾਨੂੰਨੀ ਉਸਾਰੀ ਖਿਲਾਫ ਜ਼ੀਰੋ-ਟੌਲਰੈਂਸ ਨੀਤੀ ਦੇ ਤਹਿਤ ਕੀਤੀ ਜਾ ਰਹੀ ਹੈ।

ਸਰੀ ਦੇ ਮੇਅਰ ਬਰੈਂਡਾ ਲੌਕ ਨੇ ਕਿਹਾ, "ਇਸ ਪ੍ਰੋਪਰਟੀ ਦੇ ਟਾਈਟਲ 'ਤੇ ਨੋਟਿਸ ਦਾਇਰ ਕਰਨਾ ਸਿਟੀ ਦੀ ਗੈਰ-ਕਾਨੂੰਨੀ ਉਸਾਰੀ ਨਾਲ ਨਜਿੱਠਣ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਪ੍ਰੋਪਰਟੀ ਵਿੱਚ 7 ਗੈਰ-ਕਾਨੂੰਨੀ ਰਿਹਾਇਸ਼ੀ ਯੂਨਿਟਾਂ ਅਤੇ 10 ਗੈਰ-ਕਾਨੂੰਨੀ ਬੈੱਡਰੂਮ ਹਨ। ਇਹ ਨੋਟਿਸ ਸੰਭਾਵੀ ਖਰੀਦਦਾਰਾਂ, ਕਰਜ਼ਾ ਦੇਣ ਵਾਲੀਆਂ ਵਿੱਤੀ ਸੰਸਥਾਵਾਂ ਅਤੇ ਬੀਮਾਕਰਤਾਵਾਂ ਨੂੰ ਜਾਇਦਾਦ ਨਾਲ ਜੁੜੇ ਸੰਭਾਵੀ ਖ਼ਤਰਿਆਂ ਬਾਰੇ ਸੂਚਿਤ ਕਰੇਗਾ।"

ਉਹਨਾਂ ਨੇ ਅੱਗੇ ਕਿਹਾ, "ਪ੍ਰਾਪਰਟੀ ਮਾਲਕਾਂ ਨੇ ਕਈ ਸਟਾਪ ਵਰਕ ਆਰਡਰਾਂ ਨੂੰ ਅਣਦੇਖਿਆ ਕਰਕੇ ਵੱਡੇ ਪੱਧਰ ਤੇ ਗੈਰ-ਅਧਿਕਾਰਤ ਉਸਾਰੀ ਜਾਰੀ ਰੱਖੀ। ਸਾਡੀ ਇਲ-ਲੀਗਲ ਕੌਂਸਟ੍ਰਕਸ਼ਨ ਇਨਫੋਰਸਮੈਂਟ ਟੀਮ ਦੇ ਅਣਥੱਕ ਯਤਨਾਂ ਨਾਲ, ਅਸੀਂ ਸਪੱਸ਼ਟ ਸੁਨੇਹਾ ਦੇ ਰਹੇ ਹਾਂ ਕਿ ਸਰੀ ਵਿੱਚ ਗੈਰ-ਕਾਨੂੰਨੀ ਅਤੇ ਅਸੁਰੱਖਿਅਤ ਉਸਾਰੀ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।"

ਇਹ ਨੋਟਿਸ 20 ਜਨਵਰੀ 2025 ਨੂੰ ਹੋਈ ਵਿਸ਼ੇਸ਼ ਕੌਂਸਲ ਦੀ ਮੀਟਿੰਗ ਵਿੱਚ ਪਾਸ ਹੋਇਆ, ਜਿੱਥੇ ਕੌਂਸਲ ਨੇ ਬਹੁਮੱਤ ਨਾਲ ਪ੍ਰੋਪਰਟੀ ਦੇ ਟਾਈਟਲ 'ਤੇ ਨੋਟਿਸ ਦਾਇਰ ਕਰਨ ਦਾ ਫੈਸਲਾ ਕੀਤਾ। ਇਸ ਦਾ ਮਕਸਦ ਖਰੀਦਦਾਰਾਂ ਅਤੇ ਸੰਬੰਧਿਤ ਵਿੱਤੀ ਸੰਸਥਾਵਾਂ ਨੂੰ ਗੈਰ-ਕਾਨੂੰਨੀ ਉਸਾਰੀ ਦੇ ਸੰਭਾਵੀ ਖ਼ਤਰਿਆਂ ਬਾਰੇ ਸੂਚਿਤ ਕਰਨਾ ਹੈ।

ਗੈਰ-ਕਾਨੂੰਨੀ ਉਸਾਰੀ ਖਿਲਾਫ ਇਹ ਕਦਮ ਪਹਿਲੀ ਵਾਰੀ ਨਹੀਂ ਹੈ। ਜੁਲਾਈ 2024 ਤੋਂ, ਕੌਂਸਲ ਨੇ 3 ਵਿਸ਼ੇਸ਼ ਮੀਟਿੰਗਾਂ ਵਿੱਚ 4 ਵੱਖ-ਵੱਖ ਪ੍ਰੋਪਰਟੀਆਂ ਦੇ ਟਾਈਟਲ 'ਤੇ ਨੋਟਿਸ ਦਾਇਰ ਕੀਤਾ, ਜਿਸ ਨਾਲ 7 ਘਰ ਮਾਲਕਾਂ ਨੂੰ ਪ੍ਰਭਾਵਿਤ ਕੀਤਾ ਗਿਆ।

ਕਮਿਊਨਿਟੀ ਚਾਰਟਰ ਅਤੇ ਸਿਟੀ ਦੇ ਬਾਈਲਾਅ ਦੀ ਪਾਲਣਾ ਨੂੰ ਉਤਸ਼ਾਹਿਤ ਕਰਨ ਵਾਲਾ ਕਾਨੂੰਨੀ ਉਪਾਅ

ਇਹ ਟਾਈਟਲ 'ਤੇ ਨੋਟਿਸ ਕਮਿਊਨਿਟੀ ਚਾਰਟਰ ਦੇ ਸੈਕਸ਼ਨ 57 ਦੇ ਅਧੀਨ ਦਾਇਰ ਕੀਤਾ ਜਾਂਦਾ ਹੈ, ਜੋ ਕਿ ਕਿਸੇ ਜਾਇਦਾਦ ਉੱਤੇ ਅਣਅਧਿਕਾਰਤ ਉਸਾਰੀ ਨੂੰ ਸੂਚਿਤ ਕਰਨ ਲਈ ਇੱਕ ਕਾਨੂੰਨੀ ਪ੍ਰਕਿਰਿਆ ਹੈ। ਇਹ ਉਪਾਅ ਕਈ ਉਦੇਸ਼ਾਂ ਦੀ ਪੂਰਤੀ ਕਰਦਾ ਹੈ, ਜਿਵੇਂ ਕਿ:

ਬਾਈਲਾਅ ਪਾਲਣਾ ਨੂੰ ਉਤਸ਼ਾਹਿਤ ਕਰਨਾ: ਇਹ ਮਾਲਕਾਂ ਨੂੰ ਸਿਟੀ ਦੇ ਬਿਲਡਿੰਗ ਬਾਈਲਾਅ ਦੀ ਪਾਲਣਾ ਕਰਨ ਲਈ ਪ੍ਰੇਰਿਤ ਕਰਦਾ ਹੈ, ਜਿਸ ਨਾਲ ਜਾਇਦਾਦਾਂ ਦੇ ਘੱਟੋ-ਘੱਟ ਸਿਹਤ ਅਤੇ ਸੁਰੱਖਿਆ ਮਿਆਰ ਪ੍ਰਦਾਨ ਕੀਤੇ ਜਾ ਸਕਦੇ ਹਨ। ਪਾਰਦਰਸ਼ਤਾ ਅਤੇ ਜਾਗਰੂਕਤਾ: ਇਹ ਗੈਰ-ਕਾਨੂੰਨੀ ਉਸਾਰੀ ਅਤੇ ਸੰਭਾਵੀ ਖਰੀਦਦਾਰਾਂ ਲਈ ਸੰਭਾਵੀ ਖ਼ਤਰਿਆਂ ਬਾਰੇ ਸੂਚਨਾ ਪ੍ਰਦਾਨ ਕਰਦਾ ਹੈ। ਲਾਗੂ ਕਰਨਾ ਅਤੇ ਜਵਾਬਦੇਹ ਬਣਾਉਣਾ: ਇਹ ਮਾਲਕਾਂ ਨੂੰ ਜਵਾਬਦੇਹ ਬਣਾਉਂਦਾ ਹੈ ਅਤੇ ਗੈਰ-ਕਾਨੂੰਨੀ ਉਸਾਰੀ ਖਿਲਾਫ ਕਾਨੂੰਨ ਨੂੰ ਲਾਗੂ ਕਰਨ ਲਈ ਕਦਮ ਚੁੱਕਦਾ ਹੈ। ਸਿਟੀ ਆਫ ਸਰੀ ਨੇ 2022 ਵਿੱਚ ਗੈਰ-ਕਾਨੂੰਨੀ ਉਸਾਰੀ ਨਾਲ ਨਜਿੱਠਣ ਲਈ ਇੱਕ ਟੀਮ ਗਠਿਤ ਕੀਤੀ ਸੀ। ਇਸ ਟੀਮ ਦਾ ਮੁੱਖ ਮਕਸਦ ਸਿਟੀ ਦੇ ਬਾਈਲਾਅ ਦੀ ਪਾਲਣਾ ਕਰਵਾਉਣਾ ਅਤੇ ਉਸਾਰੀ ਦੀਆਂ ਅਣਅਧਿਕਾਰਤ ਗਤੀਵਿਧੀਆਂ ਨੂੰ ਰੋਕਣਾ ਹੈ। ਇਸ ਨਾਲ ਸਿਟੀ ਨੂੰ ਗੈਰ-ਕਾਨੂੰਨੀ ਬਿਲਡਿੰਗ ਗਤੀਵਿਧੀਆਂ ਲਈ ਜੁਰਮਾਨੇ ਲਗਾਉਣ ਅਤੇ ਅਦਾਲਤੀ ਕਾਰਵਾਈ ਰਾਹੀਂ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜੇਕਰ ਕਿਸੇ ਪ੍ਰੋਪਰਟੀ ਵਿੱਚ ਗੈਰ-ਕਾਨੂੰਨੀ ਉਸਾਰੀ ਬਾਰੇ ਸ਼ੱਕ ਹੋਵੇ, ਤਾਂ ਸ਼ਿਕਾਇਤ ਕਰਨ ਲਈ ਬਾਈਲਾਅ ਕਮਪਲੈਂਟ ਐਡਰੈੱਸ bylawcomplaint@surrey.ca 'ਤੇ ਈਮੇਲ ਕਰਕੇ ਜਾਂ 604-591-4370 'ਤੇ ਕਾਲ ਕਰਕੇ ਸਹਾਇਤਾ ਲਈ ਸੰਪਰਕ ਕੀਤਾ ਜਾ ਸਕਦਾ ਹੈ। This report was written by Ekjot Singh as part of the Local Journalism Initiativ

# ਕੈਨੇਡਾ ਵਿੱਚ ਦੁਕਾਨਾਂ ਤੋਂ ਘਿਓ-ਮੱਖਣ ਚੋਰੀ ਕਰਨ ਦੇ ਇਲਜ਼ਾਮਾਂ ਵਿੱਚ 6 ਪੰਜਾਬੀ ਗ੍ਰਿਫ਼ਤਾਰ

ਔਟਵਾ : ਕੈਨੇਡਾ ਦੀ ਪੀਲ ਪੁਲਿਸ ਵੱਲੋਂ 60 ਹਜ਼ਾਰ ਡਾਲਰਾਂ (36,03,453 ਭਾਰਤੀ ਰੁਪਏ) ਦੇ ਦੇਸੀ ਘਿਓ ਦੀ ਚੋਰੀ ਦੇ ਇਲਜ਼ਾਮ ਤਹਿਤ 6 ਪੰਜਾਬੀ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਮੁਲਜ਼ਮਾਂ ਨੂੰ ਬ੍ਰੈਮਪਟਨ ਦੇ ਓਨਟਾਰੀਓ ਕੋਰਟ ਆਫ ਜਸਟਿਸ ਵਿੱਚ ਪੇਸ਼ ਕੀਤੇ ਜਾਣਾ ਹੈ।

ਦਰਅਸਲ, ਪੀਲ ਪੁਲਿਸ ਵੱਲੋਂ ਜਾਰੀ ਕੀਤੀ ਗਈ ਮੀਡੀਆ ਰਿਲੀਜ਼ ਵਿੱਚ ਦੱਸਿਆ ਗਿਆ ਹੈ ਕਿ ਦਸੰਬਰ 2024 ਵਿੱਚ ਉਨ੍ਹਾਂ ਨੂੰ ਜਾਣਕਾਰੀ ਸੀ ਕਿ ਇੱਕ ਸਟੋਰ ਵਿੱਚੋਂ ਚੋਰੀ ਕਾਰਨ 60 ਹਜ਼ਾਰ ਡਾਲਰ ਦਾ ਨੁਕਸਾਨ ਹੋਇਆ ਹੈ।

ਇਹ ਸਾਲ 2023 ਦੇ ਮੁਕਾਬਲੇ 135 ਫੀਸਦ ਦੇ ਕਰੀਬ ਵਾਧਾ ਹੈ ਅਤੇ ਪੀਲ ਪੁਲਿਸ ਨੂੰ ਅਜਿਹੀਆਂ 180 ਤੋਂ ਵੱਧ ਘਟਨਾਵਾਂ ਦੀ ਸੂਚਨਾ ਮਿਲੀ ਹੈ।

ਇਸੇ ਦੇ ਤਹਿਤ ਉਨ੍ਹਾਂ ਨੇ ਪ੍ਰੋਜੈਕਟ ਫਲੈਰਿਟੀ ਨਾਮ ਦੇ ਹੇਠ ਇਨਵੈਸਟੀਗੇਸ਼ਨ ਕਰ ਦਿੱਤੀ ਸੀ।

ਬੀਤੇ ਬੁੱਧਵਾਰ ਨੂੰ ਪੀਲ ਪੁਲਿਸ ਨੇ ਐਲਾਨ ਕੀਤਾ ਕਿ ਉਨ੍ਹਾਂ ਨੇ ਤਿੰਨ ਸ਼ੱਕੀ ਵਿਅਕਤੀਆਂ ਨੂੰ ਫੜ ਲਿਆ ਹੈ, ਜਿਨ੍ਹਾਂ ਕੋਲੋਂ ਚੋਰੀ ਕੀਤਾ ਹੋਇਆ ਦੇਸੀ ਘਿਓ ਬਰਾਮਦ ਹੋਇਆ।

ਇਹ ਤਿੰਨੇ ਪੰਜਾਬੀ ਮੂਲ ਦੇ ਹਨ। ਪੁਲਿਸ ਵੱਲੋਂ ਇਨ੍ਹਾਂ



ਦੇ ਨਾਮ 22 ਸਾਲਾ ਵਿਸ਼ਵਜੀਤ ਸਿੰਘ, 23 ਸਾਲਾ ਸੁਖਮੰਦਰ ਸਿੰਘ, 28 ਸਾਲਾ ਦਲਵਾਲ ਸਿੱਧੂ ਹਨ।

ਇਸ ਦੇ ਨਾਲ ਹੀ ਤਿੰਨ ਹੋਰ ਪੰਜਾਬੀ ਵਿਅਕਤੀ ਵੀ ਗ੍ਰਿਫਤਾਰ ਕੀਤੇ ਹਨ ਜਿਨ੍ਹਾਂ ’ਤੇ ਪੰਜ ਹਜ਼ਾਰ ਡਾਲਰ ਤੋਂ ਘੱਟ ਦੀ ਦੇਸੀ ਘਿਓ ਦੀ ਚੋਰੀ ਦੇ ਇਲਜ਼ਾਮ ਹੈ। ਇਨ੍ਹਾਂ ਦੀ ਪਛਾਣ 22 ਸਾਲਾ ਨਵਦੀਪ ਚੌਧਰੀ, 38 ਸਾਲਾ ਕਮਲਦੀਪ ਸਿੰਘ, ਅਤੇ 25 ਸਾਲਾ ਹਰਕੀਰਤ ਸਿੰਘ ਵਜੋਂ ਹੋਈ ਹੈ।

ਇਨ੍ਹਾਂ ਛੇ ਜਣਿਆਂ ਨੂੰ ਬਾਅਦ ਵਿੱਚ ਬਰੈਂਪਟਨ ਦੇ ਓਨਟਾਰੀਓ ਕੋਰਟ ਆਫ ਜਸਟਿਸ ਵਿੱਚ ਪੇਸ਼ ਕੀਤਾ ਗਿਆ।ਇਨ੍ਹਾਂ ਚੋਰੀ ਦੀਆਂ ਘਟਨਾਵਾਂ ਨੂੰ ਕੈਨੇਡਾ ਵਿੱਚ ਖਾਣੇ ਦੀਆਂ ਚੀਜ਼ਾਂ ਦੀ ਵਧਦੀ ਮਹਿੰਗਾਈ ਨਾਲ ਵੀ ਜੋੜ ਕੇ ਵੇਖਿਆ ਜਾ ਰਿਹਾ ਹੈ।

ਸੀਆਈਬੀ ਇਨ੍ਹਾਂ ਘਟਨਾਵਾਂ ਦੀ ਜਾਂਚ ਅਜੇ ਵੀ ਜਾਰੀ ਰੱਖ ਰਹੀ ਹੈ। ਇਸ ਮਾਮਲੇ ਵਿੱਚ ਇਹ ਵੀ ਜਾਂਚ ਕੀਤੀ ਜਾ ਰਹੀ ਹੈ ਕਿ ਚੋਰੀ ਕੀਤੇ ਹੋਏ ਉਤਪਾਦਾਂ ਨੂੰ ਕੌਣ ਲੈ ਰਿਹਾ ਹੈ।

ਘਿਓ-ਮੱਖਣ ਦੀ ਚੋਰੀ ਦੁਕਾਨਦਾਰਾਂ ਲਈ ਬਣੀ ਸਿਰਦਰਦੀ

ਕੁਝ ਮਹੀਨੇ ਪਹਿਲਾਂ ਕੀਤੀ ਆਪਣੀ ਕੈਨੇਡਾ ਫੇਰੀ ਦੌਰਾਨ ਦੇਖਿਆ ਕਿ ਗਰੋਸਰੀ ਸਟੋਰਾਂ (ਰਾਸ਼ਨ ਵਾਲੇ ਸੋਟਰ) ਵਿੱਚ ਹੋਰਨਾਂ ਸਮਾਨਾਂ ਦੇ ਉਲਟ ਦੇਸੀ ਘਿਓ ਅਤੇ ਮੱਖਣ ਨੂੰ ਲੌਕ ਲਗਾ ਕੇ ਰੱਖਿਆ ਜਾਂਦਾ ਹੈ।

ਜਦੋਂ ਦੁਕਾਨਦਾਰਾਂ ਨੂੰ ਇਸ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਬਾਕੀ ਸਾਮਾਨ ਦੀ ਥਾਂ ਘਿਓ ਤੇ ਮੱਖਣ ਉਨ੍ਹਾਂ ਦੇ ਸਟੋਰਾਂ ਤੋਂ ਵੱਧ ਚੋਰੀ ਹੁੰਦਾ ਹੈ, ਇਸ ਕਰਕੇ ਉਨ੍ਹਾਂ ਨੂੰ ਤਾਲਾ ਲਾ ਕੇ ਰੱਖਣਾ ਪੈਂਦਾ ਹੈ।

ਇਸ ਤੋਂ ਇਲਾਵਾ ਜਦੋਂ ਰਾਸ਼ਨ ਦਾ ਬਿੱਲ ਬਣਦਾ ਹੈ ਤਾਂ ਉਸ ਤੋਂ ਬਾਅਦ ਖਰੀਦੇ ਗਏ ਸਮਾਨ ਨੂੰ ਬਾਹਰ ਲੈ ਕੇ ਜਾਣ ਵੇਲੇ ਕੋਈ ਜਾਂਚ ਨਹੀਂ ਹੁੰਦੀ ਹੈ।

ਇਸ ਦੇ ਨਾਲ ਹੀ ਖਰੀਦੇ ਗਏ ਸਮਾਨ ਦਾ ਬਿੱਲ ਨਾਲ ਕੋਈ ਮੇਲ ਨਹੀਂ ਕਰਦਾ ਇਸ ਲਈ ਚੋਰੀ ਕੀਤੇ ਸਮਾਨ ਨੂੰ ਲੈ ਕੇ ਜਾਣਾ ਹੋਰ ਵੀ ਸੌਖਾ ਹੋ ਜਾਂਦਾ ਹੈ।

ਦੁਕਾਨਦਾਰਾਂ ਦਾ ਕਹਿਣਾ ਹੈ ਕਿ ਨਿਤ ਚੋਰੀ ਹੋ ਰਹੇ ਘਿਓ-ਮੱਖਣ ਕਾਰਨ ਉਨ੍ਹਾਂ ਨੂੰ ਖ਼ਾਸਾ ਨੁਕਸਾਨ ਝੱਲਣਾ ਪੈਂਦਾ ਹੈ ਅਤੇ ਉਹ ਚਾਹੁੰਦੇ ਹਨ ਕਿ ਇਸ ਦਾ ਕੋਈ ਸਥਾਈ ਹੱਲ ਹੋਣਾ ਚਾਹੀਦਾ ਹੈ।

# ਬੀ.ਸੀ. ਹਸਪਤਾਲਾਂ ਵਿੱਚ ਸਿਹਤ ਅਤੇ ਸੁਰੱਖਿਆ ਦੇ ਮਾੜੇ ਹਾਲਾਤ ਇਕ ਵਾਰੀ ਫਿਰ ਸੁਰਖੀਆਂ’ਚ

ਵੈਨਕੂਵਰ, (ਏਕਜੋਤ ਸਿੰਘ): ਬੀਤੇ ਦਿਨੀਂ ਇੱਕ ਨਰਸ ਨੂੰ ਉਸ ਵੇਲੇ ਹਸਪਤਾਲ ਤੋਂ ਘਰ ਭੇਜ ਦਿੱਤਾ ਗਿਆ, ਜਦੋਂ ਉਸਨੇ ਗਲਤੀ ਨਾਲ ਇੱਕ ਨਸ਼ੀਲੇ ਪਦਾਰਥ ਦੇ ਧੂੰਏ ਕਾਰਨ ਸਾਹ ਲੈਣਾ ਔਖਾ ਹੋ ਗਿਆ । ਇਸ ਘਟਨਾ ਨੇ ਬੀ.ਸੀ. ਵਿੱਚ ਹਸਪਤਾਲਾਂ ਵਿੱਚ ਸਿਹਤ ਅਤੇ ਸੁਰੱਖਿਆ ਨਾਲ ਸੰਬੰਧਿਤ ਚਿੰਤਾਵਾਂ ਨੂੰ ਇਕ ਵਾਰੀ ਫਿਰ ਅੱਗੇ ਲਿਆ ਹੈ।

ਇਹ ਘਟਨਾ ਵੈਨਕੂਵਰ ਜਨਰਲ ਹਸਪਤਾਲ ਵਿੱਚ ਹੋਈ, ਜਿੱਥੇ ਇੱਕ ਨਰਸ ਨੇ ਉਸ ਸਮੇਂ ਅਚਾਨਕ ਤਬੀਅਤ ਵਿਗੜ ਦੀ ਸ਼ਿਕਾਇਤ ਕੀਤੀ। ਜਦੋਂ ਉਸਨੇ ਇੱਕ ਵਿਅਕਤੀ ਨੂੰ ਬਾਥਰੂਮ ਵਿੱਚ ਦਾਖਲ ਹੋਣ ਅਤੇ ਬਾਅਦ ਉਥੋਂ ਨਿਕਲਦੇ ਵੇਲੇ ਧੂੰਏਂ ਦੇ ਛੱਲੇ ਦੇਖੇ ਉਸ ਦੇ ਜਾਣ ਤੋਂ ਬਾਅਦ ਜਦੋਂ ਨਰਸ ਬਾਥਰੂਮ ਵਿੱਚ ਗਈ ਤਾਂ ਨਸ਼ੀਲੇ ਧੂੰਏ ਕਾਰਨ ਉਸ ਦੀ ਤਬੀਅਤ ਵਿਗੜ ਗਈ।

ਅਦ੍ਰੀਅਨ ਗੀਅਰ, ਬੀ.ਸੀ. ਨਰਸਿਜ਼ ਯੂਨੀਅਨ ਦੇ ਪ੍ਰਧਾਨ ਨੇ ਦੱਸਿਆ, "ਜੋ ਮੈਂ ਪੁਸ਼ਟੀ ਕਰ ਸਕਿਆ ਹਾਂ, ਉਹ ਇਹ ਹੈ ਕਿ ਅਸੀਤ ਸਦੱਸ ਠੀਕ ਹਨ, ਪਰ ਉਸਨੇ ਪਿਛਲੇ ਘਟਨਾ ਦੇ ਬਾਅਦ ਕੁਝ ਸਾਈਡ ਇਫੈਕਟਾਂ ਦਾ ਅਨੁਭਵ ਕੀਤਾ ਸੀ। ਉਸ ਦਾ ਮੁਲਾਂਕਣ ਕੀਤਾ ਗਿਆ ਅਤੇ ਉਹ ਆਪਣੀ ਸ਼ਿਫਟ ਪੂਰੀ ਨਹੀਂ ਕਰ ਸਕੀ।"

ਵੈਨਕੂਵਰ ਕੋਸਟਲ ਹੈਲਥ ਨੇ ਇਕ ਬਿਆਨ ਜਾਰੀ ਕਰਦੇ ਹੋਏ ਘਟਨਾ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਇੱਕ ਸਿਹਤ ਸੇਵਾ ਕਾਮੇ ਨਾਲ ਅਜਿਹੀ ਘਟਨਾ ਵਾਪਰਨਾ ਮੰਦਭਾਗਾ ਹੈ। ਕਰਮਚਾਰੀਆਂ ਦੀ ਸਹਾਇਤਾ ਲਈ ਕਦਮ ਚੁੱਕੇ ਗਏ ਹਨ ਅਤੇ ਅਗਲੇ ਕਦਮਾਂ ਦੀ ਸਮੀਖਿਆ ਕੀਤੀ ਜਾ ਰਹੀ ਹੈ। ਬੀ.ਸੀ. ਸਰਕਾਰ ਨੇ ਪਿਛਲੇ ਸਾਲ ਹਸਪਤਾਲਾਂ ਵਿੱਚ ਨਸ਼ੀਲੀਆਂ ਦਵਾਈਆਂ ਦੇ ਇਸਤੇਮਾਲ ਨੂੰ ਗੈਰਕਾਨੂੰਨੀ ਕਰ ਦਿੱਤਾ ਸੀ, ਪਰ ਨਰਸਿਜ਼ ਯੂਨੀਅਨ ਦਾ ਕਹਿਣਾ ਹੈ ਕਿ ਇਹ ਅਜੇ ਵੀ ਬਹੁਤ ਸਾਰੇ ਸਿਹਤ ਸੇਵਾ ਸਥਾਨਾਂ ਵਿੱਚ ਇਹ ਸਮੱਸਿਅ ਜਾਰੀ ਹੈ। This report was written by Ekjot Singh as part of the Local Journalism Initiative.


SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼



AKASH SABLOK & TARLOK SABLOK
ਸਬਲੋਕ ਐਂਡ ਸਬਲੋਕ
604-325-9200
FAX – 604-325-3666
6108 Fraser st. (at 45th Ave.) Vancouver BC V5 Ww 3A1



ਬਾਧ
ਅਕਾਊਂਟਿੰਗ ਸਰਵਿਸਿਜ਼
ਟੈਕਸ ਦੇ ਪੇਪਰ ਭਰਨਾ
ਅਕਾਊਂਟਿੰਗ / ਪੇਰੋਲ
ਬਿਜ਼ਨਸ ਇਨਕਮ ਟੈਕਸ
ਬੁੱਕ ਕੀਪਿੰਗ
ਟੀ-ਫੋਰ ਜਾਂ ਵਰਕ ਕੰਪਨਸੇਸ਼ਨ ਫਾਰਮ



ਜਸਬੀਰ-ਸਿੰਘ-ਬਾਧ
ਸਾਡਾ ਅਕਾਊਂਟਿੰਗ ਵਿੱਚ ਲੰਬਾ ਤਜ਼ਰਬਾ ਹੈ
TAX FORM FILL UP | ACCOUNTING / PAYROOL | PERSONAL INCOME TAX
BUSINESS INCOME TAX | T4/ WORKERS COMPENSATION FORM
UNIT # 1393-20800 Westminter Hwy Richmond , BC V6V 2W3
Ph.: 604-325-8370 | Fax. : 604-231-9600



ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Wisdom teeth Extractions
» Clear Braces
» Implants
& many more...



Consult Dr. Sra for a health SMILE
Accepting Canadian Dental Care Plan From Govt.
Value $500
COMPLIMENTARY NIGHT GUARD
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry
Family & Community Dentistry
604-391-1010 | maplesmiles.ca
8364 Young Road, Unit 101, Chilliwack


THINKING ABOUT
BUYING
SELLING
OR
LEASE?
COMMERCIAL
FARMS
RESIDENTIAL
For a Free market evaluation of your property, contact
READY FOR A FREE EVALUATION :
Clients Evaluation of Borrowing Power for New Purchase
More Than Fourteen Years Experience in Real Estate.
ਘਰ, ਬੇਰੀ ਫਾਰਮ, ਖਾਲੀ ਜ਼ਮੀਨ,
ਪਲਾਟ ਜਾਂ ਵਪਾਰਕ ਜਾਇਦਾਦ ਖਰੀਦਣ
ਅਤੇ ਵੇਚਣ ਵੇਲੇ ਇਮਾਨਦਾਰ ਸੇਵਾਵਾਂ
ਲਈ ਅੱਜ ਹੀ ਮਿਲੋ।
for more information
Amarpal Singh
Call : 604.338.7310
PARALLEL
1200 W 73rd Ave Unit 828,
Vancouver, BC V6P 6G5


ਚੰਗੀਆਂ, ਵਧੀਆ, ਸਵਾਦੀ ਮਿਠਾਈਆਂ ਵਾਸਤੇ ਹਮੇਸ਼ਾ ਯਾਦ ਰੱਖੋ
SINCE 1997
SANJHA PUNJAB
ਸਾਂਝਾ ਪੰਜਾਬ ਸਵੀਟਸ
ਤਾਜ਼ੀਆਂ ਮਠਿਆਈਆਂ, ਸਮੋਸੇ, ਪਕੌੜੇ, ਸ਼ਪੈਸ਼ਲ ਖੋਏ ਦੀਆਂ ਮਠਿਆਈਆਂ,
ਲੱਡੂ,ਜਲੇਬੀਆਂ, ਨਮਕੀਨ ਤਿਆਰ ਬਰ ਤਿਆਰ ਮਿਲਦੇ ਹਨ।
100% Vegitarian
Special Rates for Gurdwara & Mandir
CONTACT : SATJINDER SAMRA
604-930-9099
E-mail : sanjhapunjabsweets@gmail.com | Website : www.sanjhapunjabsweets.com
1-B 12830 96 Ave, Surrey, BC V3V 6A8


ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Wisdom teeth Extractions
» Clear Braces
» Implants
& many more...
Accepting Canadian Dental Care Plan From Govt.
Consult Dr. Sra for a health SMILE
Value $500
COMPLIMENTARY NIGHT GUARD
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry
Family & Community Dentistry
604-391-1010 | maplesmiles.ca
8364 Young Road, Unit 101, Chilliwack

# ਬੀ.ਸੀ. ਗੋਲੀਬਾਰੀ ਮਾਮਲੇ 'ਚ 21 ਸਾਲਾ ਗਗਨਦੀਪ ਬਖ਼ਸ਼ੀ ਵਿਰੁੱਧ ਦੋਸ਼ ਲੱਗੇ

ਸਰੀ, (ਏਕਜੋਤ ਸਿੰਘ): ਬੀ.ਸੀ. – ਬ੍ਰਿਟਿਸ਼ ਕੋਲੰਬੀਆ ਵਿੱਚ ਪਿਛਲੇ ਸਾਲ ਹੋਈ ਗੋਲੀਬਾਰੀ ਦੇ ਮਾਮਲੇ ਵਿੱਚ 21 ਸਾਲ ਦੇ ਗਗਨਦੀਪ ਸਿੰਘ ਬਖ਼ਸ਼ੀ ਵਿਰੁੱਧ ਇਰਾਦਾ ਕਤਲ ਅਤੇ ਹੋਰ ਗੰਭੀਰ ਦੋਸ਼ ਲਗਾਏ ਗਏ ਹਨ। ਇਹ ਮਾਮਲਾ 16 ਦਸੰਬਰ 2024 ਨੂੰ ਸਰੀ ਦੇ ਨਿਊਟਨ ਇਲਾਕੇ ਵਿੱਚ ਵਾਪਰਿਆ ਸੀ, ਜਿੱਥੇ ਇੱਕ ਔਰਤ ਅਤੇ ਉਸ ਦੇ ਪਤੀ ਨੂੰ ਗੋਲੀਆਂ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ ਸੀ।



ਸਰੀ ਪ੍ਰੋਵਿਨਸ਼ੀਅਲ ਆਪਰੇਸ਼ਨਜ਼ ਸਪੋਰਟ ਯੂਨਿਟ ਮੁਤਾਬਕ, 16 ਦਸੰਬਰ ਨੂੰ ਸ਼ਾਮ 6 ਵਜੇ ਤੋਂ ਕੁਝ ਸਮਾਂ ਪਹਿਲਾਂ, 67-ਬੀ ਐਵੇਨਿਊ ਦੇ 12600 ਬਲਾਕ ਵਿੱਚ ਗੋਲੀਬਾਰੀ ਦੀ ਘਟਨਾ ਵਾਪਰੀ। ਜਦੋਂ ਸਰੀ ਪੁਲਿਸ ਦੇ ਫਰੰਟਲਾਈਨ ਅਫ਼ਸਰ ਘਟਨਾ ਸਥਾਨ 'ਤੇ ਪਹੁੰਚੇ, ਤਾਂ ਉਨ੍ਹਾਂ ਨੂੰ ਦੋ ਜਣੇ ਗੰਭੀਰ ਜ਼ਖ਼ਮਾਂ ਨਾਲ ਮਿਲੇ। ਉਨ੍ਹਾਂ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ।

ਪੁਲਿਸ ਨੇ ਪੂਰੀ ਘਟਨਾ ਦੀ ਜਾਂਚ ਕੀਤੀ, ਜਿਸ ਵਿੱਚ ਸਬੂਤ ਇਕੱਤਰ ਕੀਤੇ ਗਏ ਅਤੇ ਚਸ਼ਮਦੀਦਾਂ ਦੀ ਗਵਾਹੀ ਵੀ ਲਈ ਗਈ। ਇਸ ਪੜਤਾਲ ਦੌਰਾਨ, 15 ਜਨਵਰੀ 2025 ਨੂੰ ਗਗਨਦੀਪ ਸਿੰਘ ਬਖ਼ਸ਼ੀ ਨੂੰ ਸਕੁਐਮਿਸ਼ ਇਲਾਕੇ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ।

16 ਜਨਵਰੀ 2025 ਨੂੰ, ਬੀ.ਸੀ. ਪ੍ਰੋਸੀਕਿਊਸ਼ਨ ਸਰਵਿਸ ਨੇ ਗਗਨਦੀਪ ਬਖ਼ਸ਼ੀ ਵਿਰੁੱਧ ਅਧਿਕਾਰਕ ਤੌਰ 'ਤੇ ਦੋਸ਼ ਲਗਾਣ ਦੀ ਮਨਜ਼ੂਰੀ ਦੇ ਦਿੱਤੀ। ਉਸ ਉੱਤੇ ਇਰਾਦਾ-ਕਤਲ, ਜਾਣ-ਬੁੱਝ ਕੇ ਹਥਿਆਰ ਚਲਾਉਣ, ਹਮਲਾ ਕਰਨ, ਅਤੇ ਹਥਿਆਰ ਨਾਲ ਹਮਲਾ ਕਰਨ ਦੇ ਗੰਭੀਰ ਦੋਸ਼ ਲਗਾਏ ਗਏ ਹਨ।

ਅਦਾਲਤ ਨੇ 10 ਫਰਵਰੀ 2025 ਤੱਕ ਗਗਨਦੀਪ ਸਿੰਘ ਬਖ਼ਸ਼ੀ ਨੂੰ ਜੇਲ੍ਹ ਵਿੱਚ ਰੱਖਣ ਦਾ ਹੁਕਮ ਦਿੱਤਾ ਹੈ। ਉਨ੍ਹਾਂ ਦੀ ਪਹਿਲੀ ਸੁਣਵਾਈ ਸਰੀ ਪ੍ਰੋਵਿਨਸ਼ੀਅਲ ਕੋਰਟ ਵਿੱਚ ਹੋਣੀ ਨਿਰਧਾਰਤ ਹੈ।

ਇਸ ਮਾਮਲੇ ਵਿੱਚ 16 ਅਤੇ 17 ਜਨਵਰੀ 2025 ਨੂੰ ਪੁਲਿਸ ਵੱਲੋਂ ਵੱਡੀ ਕਾਰਵਾਈ ਕੀਤੀ ਗਈ। ਸੀਅ-ਟੂ-ਸਕਾਈ ਆਰ.ਸੀ.ਐਮ.ਪੀ., ਡੈਲਟਾ ਪੁਲਿਸ, ਸਰੀ ਪੁਲਿਸ ਸਰਵਿਸ ਅਤੇ ਆਈ.ਈ.ਆਰ.ਟੀ. ਦੀਆਂ ਟੀਮਾਂ ਨੇ ਸਰੀ, ਡੈਲਟਾ ਅਤੇ ਸਕੁਐਮਿਸ਼ ਵਿਖੇ ਕਈ ਟਿਕਾਣਿਆਂ 'ਤੇ ਛਾਪੇ ਮਾਰੇ। ਪੁਲਿਸ ਅਧਿਕਾਰੀਆਂ ਅਨੁਸਾਰ, ਇਹ ਛਾਪੇਮਾਰੀ ਗੋਲੀਬਾਰੀ ਮਾਮਲੇ ਨਾਲ ਜੁੜੇ ਹੋਰ ਇਨਸਾਨਾਂ ਦੀ ਭੂਮਿਕਾ ਜਾਂਚਣ ਲਈ ਕੀਤੀ ਗਈ।

ਸਰੀ ਪੁਲਿਸ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਵੀ ਇਸ ਮਾਮਲੇ ਬਾਰੇ ਹੋਰ ਜਾਣਕਾਰੀ ਹੈ, ਤਾਂ ਉਹ ਤੁਰੰਤ ਪੁਲਿਸ ਨਾਲ ਸੰਪਰਕ ਕਰੇ। ਪੁਲਿਸ ਨੇ ਇਹ ਵੀ ਕਿਹਾ ਕਿ ਉਹ ਪੀੜਤ ਪਰਿਵਾਰ ਦੀ ਸੁਰੱਖਿਆ ਅਤੇ ਚੰਗੇ ਭਵਿੱਖ ਨੂੰ ਯਕੀਨੀ ਬਣਾਉਣ ਲਈ ਕੰਮ ਕਰ ਰਹੀ ਹੈ। ਇਹ ਮਾਮਲਾ ਹੁਣ ਵੀ ਪੜਤਾਲ ਅਧੀਨ ਹੈ, ਅਤੇ ਅਗਾਮੀ ਦਿਨਾਂ ਵਿੱਚ ਹੋਰ ਖੁਲਾਸਿਆਂ ਦੀ ਉਮੀਦ ਹੈ। This report was written by Ekjot Singh as part of the Local Journalism Initiative.

# ਸਰੀ ਨੇ ਸੂਬਾਈ ਹਾਊਸਿੰਗ ਟੀਚਿਆਂ ਨੂੰ ਪਾਰ ਕੀਤਾ



ਸਰੀ, (ਏਕਜੋਤ ਸਿੰਘ): ਸਰੀ ਸ਼ਹਿਰ ਨੇ ਸੂਬਾਈ ਹਾਊਸਿੰਗ ਟੀਚਿਆਂ ਤੋਂ ਵੀ ਵੱਧ ਘਰ ਬਣਾਉਣ ਦੀ ਪ੍ਰਕਿਰਿਆ ਨੂੰ ਤੇਜ਼ ਕਰਕੇ ਇੱਕ ਮਹੱਤਵਪੂਰਨ ਮੀਲ ਪੱਥਰ ਹਾਸਲ ਕੀਤਾ ਹੈ। ਸੂਬਾ ਸਰਕਾਰ ਦੁਆਰਾ ਨਿਰਧਾਰਤ ਟੀਚਿਆਂ ਤਹਿਤ, ਸਰੀ ਨੇ ਪਹਿਲੇ ਛੇ ਮਹੀਨਿਆਂ ਵਿੱਚ 2,567 ਨਵੇਂ ਹਾਊਸਿੰਗ ਯੂਨਿਟ ਤਿਆਰ ਕਰ ਦਿੱਤੇ ਹਨ, ਜਦਕਿ 10,096 ਹੋਰ ਯੂਨਿਟਾਂ ਦੀ ਪ੍ਰਕਿਰਿਆ ਅੱਗੇ ਵਧ ਰਹੀ ਹੈ। ਇਹ ਉਪਰਾਲੇ 2029 ਤੱਕ 27,256 ਨਵੇਂ ਯੂਨਿਟਾਂ ਦੇ ਟੀਚੇ ਨੂੰ ਪੂਰਾ ਕਰਨ ਵਿੱਚ ਸਹਾਇਕ ਹੋਣਗੇ।

ਮੇਅਰ ਬ੍ਰੈਂਡਾ ਲੌਕ ਨੇ ਕਿਹਾ, "ਸਾਨੂੰ ਮਾਣ ਹੈ ਕਿ ਅਸੀਂ ਹਾਊਸਿੰਗ ਟੀਚਿਆਂ ਤੋਂ ਅੱਗੇ ਨਿਕਲ ਰਹੇ ਹਾਂ, ਪਰ ਸਾਡੀ ਵਧਦੀ ਕਮਿਊਨਿਟੀ ਲਈ ਸੂਬਾ ਸਰਕਾਰ ਨੂੰ ਲਾਜ਼ਮੀ ਇਨਫ੍ਰਾਸਟ੍ਰਕਚਰ, ਸਕੂਲ, ਟ੍ਰਾਂਜ਼ਿਟ ਅਤੇ ਸਿਹਤ ਸੇਵਾਵਾਂ 'ਤੇ ਵੀ ਧਿਆਨ ਦੇਣਾ ਚਾਹੀਦਾ ਹੈ।"

ਸਰੀ ਵਿੱਚ ਕਈ ਹਾਊਸਿੰਗ ਪ੍ਰਜੈਕਟ ਵਿਕਾਸ ਦੇ ਵੱਖ-ਵੱਖ ਪੜਾਵਾਂ ਵਿੱਚ ਹਨ। 44,300 ਤੋਂ ਵੱਧ ਯੂਨਿਟ ਰੀਜ਼ੋਨਿੰਗ ਪ੍ਰਵਾਨਗੀ ਦੀ ਉਡੀਕ ਵਿੱਚ ਹਨ, ਜਦਕਿ 13,700 ਤੋਂ ਵੱਧ ਯੂਨਿਟ ਉਸਾਰੀ ਪ੍ਰਕਿਰਿਆ ਦੀ ਅਗਲੀ ਸਟੇਜ ਵਿੱਚ ਹਨ। ਸਰੀ ਸ਼ਹਿਰ ਨੇ ਹਾਊਸਿੰਗ ਵਿਕਾਸ ਦੀ ਰਫ਼ਤਾਰ ਵਧਾਉਣ ਲਈ 25 ਤੋਂ ਵੱਧ ਸੁਧਾਰ ਕੀਤੇ ਹਨ, ਜੋ ਪ੍ਰਕਿਰਿਆ ਨੂੰ ਸੁਗਮ ਅਤੇ ਤੇਜ਼ ਬਣਾਉਣ ਵਿੱਚ ਸਹਾਇਕ ਹਨ। ਕੁਝ ਪ੍ਰਮੁੱਖ ਕਦਮ ਇਹ ਹਨ:

ਮਲਟੀ-ਫੈਮਲੀ ਹਾਊਸਿੰਗ ਲਈ ਜਲਦੀ ਖੁਦਾਈ ਇੱਕ ਨਵਾਂ ਪਾਇਲਟ ਪ੍ਰੋਗਰਾਮ ਜੋ ਰੀਜ਼ੋਨਿੰਗ ਤੋਂ ਪਹਿਲਾਂ ਹੀ ਖੁਦਾਈ ਦੀ ਮਨਜ਼ੂਰੀ ਦਿੰਦਾ ਹੈ।

ਹਾਊਸਪਲੈਕਸ ਪਰਮਿਟ ਦੀ ਸੁਗਮ ਪ੍ਰਕਿਰਿਆ ਨਵੀਆਂ ਬਿਲਡਿੰਗ ਪ੍ਰੋਜੈਕਟਾਂ ਲਈ ਫੀਸ 'ਚ ਕਟੌਤੀ ਅਤੇ ਛੇਤੀ ਪ੍ਰਵਾਨਗੀ।

ਡਿਵੈਲਪਮੈਂਟ ਪਰਮਿਟ ਪ੍ਰਕਿਰਿਆ ਦੀ ਤੇਜ਼ੀ ਨਵੇਂ ਪਰਮਿਟ ਟਾਈਮਲਾਈਨ ਵਿੱਚ 30% ਦੀ ਘਟੌਤ ਕਰਕੇ ਕੰਮ ਤੁਰੰਤ ਸ਼ੁਰੂ ਕਰਨ ਲਈ ਉਤਸ਼ਾਹਿਤ ਕਰਨਾ।

ਇੰਸੈਂਟਿਵ ਪ੍ਰੋਗਰਾਮ ਨਾਨ-ਮਾਰਕੀਟ ਰੈਂਟਲ ਹਾਊਸਿੰਗ ਅਤੇ ਰੈਪਿਡ ਟ੍ਰਾਂਜ਼ਿਟ ਹਾਊਸਿੰਗ ਪ੍ਰਾਜੈਕਟਾਂ ਲਈ ਵਿਸ਼ੇਸ਼ ਯੋਜਨਾਵਾਂ।

ਡਿਵੈਲਪਮੈਂਟ ਟਾਸਕ ਫੋਰਸ ਦੇ ਚੇਅਰ ਪ੍ਰਦੀਪ ਕੂਨਰ ਨੇ ਕਿਹਾ, "ਸਾਨੂੰ ਸਿਰਫ਼ ਹਾਊਸਿੰਗ ਟੀਚਿਆਂ ਨੂੰ ਪੂਰਾ ਕਰਨਾ ਨਹੀਂ, ਬਲਕਿ ਇਹ ਵੀ ਯਕੀਨੀ ਬਣਾਉਣਾ ਹੈ ਕਿ ਸਰੀ ਵਿੱਚ ਨਵੇਂ ਵਸਨੀਕਾਂ ਲਈ ਬਿਹਤਰ ਜੀਵਨ ਪੱਧਰ ਹੋਵੇ।"

ਸ਼ਹਿਰ ਦੀ ਇਹ ਉਨ੍ਹਾਂ ਉਪਰਾਲਿਆਂ 'ਚੋਂ ਇੱਕ ਹੈ, ਜੋ ਸਰੀ ਨੂੰ ਪ੍ਰਾਵਾਂਸ਼ੀਅਲ ਹਾਊਸਿੰਗ ਨੀਤੀ ਦੇ ਆਗੂ ਸ਼ਹਿਰਾਂ 'ਚੋਂ ਇੱਕ ਬਣਾਉਂਦੇ ਹਨ। This report was written by Ekjot Singh as part of the Local Journalism Initiative.


HOMELAND MORTGAGE CORP.

ਜੇ ਮੌਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ।

- ਪਹਿਲੀ ਵਾਰ ਘਰ ਖਰੀਦਣ ਵਾਲੇ
- ਰੈਜੀਡੈਂਸ਼ੀਅਲ ਮੌਰਟਗੇਜ
- ਕੰਸਟਰਕਸ਼ਨ ਮੌਰਟਗੇਜ
- ਪ੍ਰਾਈਵੇਟ ਮੌਰਟਗੇਜ
- ਸੈਕੰਡ ਅਤੇ ਥਰਡ ਮੌਰਟਗੇਜ



Kuldip Panesar
Mortgage Consultant
Cell :604-308-6839

PROFESSIONAL AND EXPERIENCED

Ph.: 604-593-6622, Fax : 604-593-6615


#201-7928 128St. (York Business Centre) Surrey BC V3W 4E8

Website : www.homelandmortgage.ca
E-mail : homelandmortgage@hotmail.com



YOUR NEIGHBOURHOOD LAYER

RISHI LAW CORPORATION



NARINDER RISHI
Barrister, Solicitor & Notary Public

Criminal Law
» Assault Charges
» Drug Charges
» Theft/Fraud
» Uttering Threats
» Driving Offences

Real Estate
» Purchase/ Sale of Property
» Mortgage / Line of Credit

Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa

Divorces Probate

All kind of Notary Services


Services offered in Punjabi, Hindi & English

Vancouver
6625, Fraser Street
604-322-5515
Email : nkrishi@yahoo.com

Two Locations to serve you

Surrey
604-505-6454
(By appointments only)





NEWTON DENTURE CLINIC INC.

Web: www.newtondentures.ca | Email: newtondentures@gmail.com

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ। ਮੁਫ਼ਤ ਸਲਾਹ

"Over 20 years experience as Denturist"

- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।



BALRAJ (REGGIE) GILL
R.D. Bsc. Registered Denturist

ਬਲਰਾਜ ਸਿੰਘ ਗਿੱਲ 604-590-9747

Surrey #211-8334-128 St. Surrey BC V3W 4G2
(Second floor Khalsa Business Centre)

# ਕੀ ਕੈਨੇਡਾ ਦੀਆਂ ਸਰਦੀਆਂ ਪਹਿਲੀ ਵਾਰ ਦੇਖ ਰਹੇ ਹੋ?

## ਇਸ ਸਰਦੀਆਂ ਵਿੱਚ ਸਿਹਤਮੰਦ ਰਹਿਣ ਲਈ ਫਾਰਮਾਸਿਸਟ ਵੱਲੋਂ ਸੁਝਾਅ

**ਲਿਖਤ : ਚਰਨ ਕਮਲ ਸਿੰਘ ਦੁੱਲਤ ਕੈਲਗਰੀ**

ਨਵੇਂ ਅਤੇ ਪੁਰਾਣੇ, ਸਾਰੇ ਕੈਨੇਡੀਅਨਾਂ ਲਈ, ਸਰਦੀਆਂ ਬਰਫ ਨਾਲ ਢਕੇ ਲੈਂਡਸਕੇਪਾਂ, ਜੰਮੀਆਂ ਝੀਲਾਂ ਅਤੇ ਉੱਤਰੀ ਲਾਈਟਾਂ ਦੇ ਮਨਮੋਹਕ ਨਾਚ ਵਰਗੇ ਵੇਖਣ ਯੋਗ ਦ੍ਰਿਸ਼ਾਂ ਨਾਲ ਭਰੀਆਂ ਹਨ – ਇਹ ਇਕ ਅਜਿਹਾ ਮੌਸਮ ਹੈ ਜੋ ਬਾਹਰੀ ਘੁੰਮਣ ਫਿਰਨ ਅਤੇ ਆਰਾਮਦਾਇਕ ਅੰਦਰੂਨੀ ਪਲਾਂ ਨੂੰ ਇਕੋ ਜਿਹਾ ਸੱਦਾ ਦਿੰਦਾ ਹੈ।

ਹਾਲਾਂਕਿ, ਸਰਦੀਆਂ ਦੀ ਸੁੰਦਰਤਾ ਝੱਲਣੀ ਵੀ ਔਖੀ ਹੁੰਦੀ ਹੈ। ਸਾਹ ਦੇ ਵਾਇਰਸ, ਜਿਵੇਂ ਕਿ ਫਲੂ, ਕੋਵਿਡ–19 ਅਤੇ RSV, ਠੰਡੇ ਮਹੀਨਿਆਂ ਦੌਰਾਨ ਆਮ ਚਿੰਤਾਵਾਂ ਹਨ। ਇਸ ਲਈ ਇਹ ਮਹੱਤਵਪੂਰਨ ਹੈ ਕਿ ਅਸੀਂ ਸਰਦੀਆਂ ਦੌਰਾਨ ਆਪਣੀ ਸਿਹਤ ਨੂੰ ਤਰਜੀਹ ਦੇਈਏ, ਤਾਂ ਜੋ ਅਸੀਂ ਸਾਰੇ ਸੁਰੱਖਿਅਤ ਅਤੇ ਸਿਹਤਮੰਦ ਰਹਿੰਦੇ ਹੋਏ ਮੌਸਮ ਦੇ ਜਾਦੂ ਦਾ ਅਨੰਦ ਲੈ ਸਕੀਏ।

ਨਵੇਂ ਕੈਨੇਡੀਅਨਾਂ ਲਈ, ਖਾਸ ਕਰਕੇ ਉਨ੍ਹਾਂ ਲਈ ਜੋ ਆਪਣੀ ਪਹਿਲੀ ਸਰਦੀ ਦਾ ਅਨੁਭਵ ਕਰ ਰਹੇ ਹਨ, ਜੋ ਇਹ ਨਹੀਂ ਜਾਣਦੇ ਕਿ ਸਿਹਤ ਸਲਾਹ ਲਈ ਕਿੱਥੇ ਜਾਣਾ ਹੈ, ਇਹ ਉਹ ਥਾਂ ਹੈ ਜਿੱਥੇ ਸਥਾਨਕ ਫਾਰਮਾਸਿਸਟ ਮਦਦ ਕਰ ਸਕਦੇ ਹਨ। ਅਸੀਂ ਦੇਖਭਾਲ ਲਈ ਇੱਕ ਪਹੁੰਚਯੋਗ, ਸੁਵਿਧਾਜਨਕ ਵਿਕਲਪ ਹਾਂ, ਅਤੇ ਸਰਦੀਆਂ ਦੀਆਂ ਬਹੁਤ ਸਾਰੀਆਂ ਆਮ ਬਿਮਾਰੀਆਂ ਬਾਰੇ ਇਲਾਜ ਅਤੇ ਮੁਲਾਂਕਣ ਪ੍ਰਦਾਨ ਕਰ ਸਕਦੇ ਹਾਂ, ਚਮੜੀ ਦੀਆਂ ਸਥਿਤੀਆਂ ਤੋਂ ਲੈ ਕੇ ਜੋ ਅਕਸਰ ਠੰਡੇ ਮਹੀਨਿਆਂ ਵਿੱਚ ਭੜਕਦੀਆਂ ਹਨ, ਜ਼ੁਕਾਮ ਅਤੇ ਫਲੂ ਦੇ ਲੱਛਣਾਂ ਤੱਕ, ਅਤੇ ਹੋਰ ਬਹੁਤ ਕੁਝ।

ਇਸ ਲਈ, ਅਸੀਂ ਸਰਦੀਆਂ ਲਈ ਤਿਆਰੀ ਕਰਦੇ ਸਮੇਂ, ਇੱਥੇ ਕੁਝ ਤਰੀਕਿਆਂ ਦਾ ਰਿਮਾਇੰਡਰ ਹੈ ਜੋ ਇਸ ਸਰਦੀਆਂ ਦੇ ਵਾਇਰਸ ਦੇ ਮੌਸਮ ਵਿੱਚ ਸਾਡੀ ਮਦਦ ਕਰ ਸਕਦੇ ਹਨ।

**ਤਿਆਰੀ ਤੁਹਾਡਾ ਸਭ ਤੋਂ ਵਧੀਆ ਬਚਾਅ ਹੈ:** ਜਦੋਂ ਕੋਈ ਬਿਮਾਰੀ ਮਾਰ ਕਰਦੀ ਹੈ, ਤਾਂ ਲੱਛਣਾਂ ਦੇ ਪ੍ਰਬੰਧਨ, ਦਰਦ ਤੋਂ ਰਾਹਤ ਅਤੇ ਆਰਾਮਦਾਇਕ ਰਹਿਣ ਲਈ ਜ਼ੁਕਾਮ ਅਤੇ ਫਲੂ ਦੀਆਂ ਜ਼ਰੂਰਤਾਂ ਤੱਕ ਪਹੁੰਚ ਹੋਣਾ ਜ਼ਰੂਰੀ ਹੈ।

ਸਰਗਰਮ ਹੋਣ ਅਤੇ ਸਮੇਂ ਤੋਂ ਪਹਿਲਾਂ ਤਿਆਰੀ ਕਰਨ ਨਾਲ ਤੁਸੀਂ ਇਸ ਸਰਦੀਆਂ ਦੇ ਮੌਸਮ ਵਿੱਚ ਤੁਹਾਡੇ ਰਸਤੇ ਵਿੱਚ ਆਉਣ ਵਾਲੀ ਕਿਸੇ ਵੀ ਚੀਜ਼ ਨੂੰ ਸੰਭਾਲਣ ਲਈ ਬਿਹਤਰ ਤਰੀਕੇ ਨਾਲ ਤਿਆਰ ਹੋਵੋਗੇ। ਤੁਹਾਡੀ ਫਾਰਮੇਸੀ ਵਿਖੇ ਆਪਣੀ ਇਨਫਲੂਐਂਜ਼ਾ ਵੈਕਸੀਨ ਨੂੰ ਸਰਗਰਮੀ ਨਾਲ ਪ੍ਰਾਪਤ ਕਰਨਾ ਇਸ ਸਰਦੀਆਂ ਵਿੱਚ ਆਪਣੇ ਆਪ ਨੂੰ ਅਤੇ ਆਪਣੇ ਪਿਆਰਿਆਂ ਦੀ ਰੱਖਿਆ ਕਰਨ ਦਾ ਇੱਕ ਵਧੀਆ ਤਰੀਕਾ ਹੈ। ਪਰ ਜੇ ਤੁਸੀਂ ਬਿਮਾਰ ਹੋ ਜਾਂਦੇ ਹੋ, ਤਾਂ ਤੁਹਾਡਾ ਫਾਰਮਾਸਿਸਟ ਪ੍ਰਭਾਵਸ਼ਾਲੀ ਓਵਰ–ਦ–ਕਾਊਂਟਰ ਇਲਾਜਾਂ ਦੀ ਸਿਫਾਰਸ਼ ਵੀ ਕਰ ਸਕਦਾ ਹੈ ਅਤੇ ਲੱਛਣਾਂ ਦਾ ਪ੍ਰਬੰਧਨ ਕਿਵੇਂ ਕਰਨਾ ਹੈ, ਇਸ ਬਾਰੇ ਮਾਹਰ ਸਲਾਹ ਪ੍ਰਦਾਨ ਕਰ ਸਕਦਾ ਹੈ, ਜਿਸ ਨਾਲ ਜਲਦੀ ਠੀਕ ਹੋਣਾ ਯਕੀਨੀ ਬਣਾਇਆ ਜਾ ਸਕਦਾ ਹੈ।

ਉਹਨਾਂ ਲੋਕਾਂ ਲਈ ਜੋ ਕੈਨੇਡੀਅਨ ਠੰਡੀਆਂ ਦਵਾਈਆਂ ਤੋਂ ਜਾਣੂ ਨਹੀਂ ਹੁੰਦੇ ਹਨ, ਤੁਹਾਡਾ ਫਾਰਮਾਸਿਸਟ ਇਸ ਬਾਰੇ ਦਿਸ਼ਾ ਪ੍ਰਦਾਨ ਕਰ ਸਕਦਾ ਹੈ ਕਿ ਕਿਹੜੇ ਬ੍ਰਾਂਡ ਤੁਹਾਡੇ ਲੱਛਣਾਂ ਦਾ ਸਭ ਤੋਂ ਵਧੀਆ ਇਲਾਜ ਕਰਨਗੇ।

**ਇਸ ਸਰਦੀਆਂ ਵਿੱਚ ਯਾਤਰਾ ਕਰਨਾ:** ਜਿਹੜੇ ਲੋਕ ਕੈਨੇਡੀਅਨ ਠੰਡ ਨੂੰ ਹਰਾਉਣਾ ਚਾਹੁੰਦੇ ਹਨ ਅਤੇ ਦੋਸਤਾਂ ਅਤੇ ਪਰਿਵਾਰ ਨੂੰ ਮਿਲਣ ਲਈ ਘਰ ਵਾਪਸ ਆਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਸੰਭਾਵਿਤ ਯਾਤਰਾ ਸੰਬੰਧੀ ਸਿਹਤ ਸਾਵਧਾਨੀਆਂ ਬਾਰੇ ਫਾਰਮਾਸਿਸਟ ਨਾਲ ਸਲਾਹ ਕਰਨੀ ਚਾਹੀਦੀ ਹੈ ਕਿਉਂਕਿ ਕਈ ਵਾਰ ਜਿੰਨਾ ਲੰਬਾ ਸਮਾਂ ਤੁਸੀਂ ਦੂਰ ਹੁੰਦੇ ਹੋ, ਆਮ ਸਥਿਤੀਆਂ ਤੋਂ ਪ੍ਰਤੀਰੋਧਤਾ ਘੱਟ ਜਾਂਦੀ ਹੈ। ਉਹ ਚੀਜ਼ਾਂ ਜਿੰਨ੍ਹਾਂ ਲਈ ਤੁਸੀਂ ਤਿਆਰ ਹੋਣ ਬਾਰੇ ਵਿਚਾਰ ਕਰਨਾ ਚਾਹ ਸਕਦੇ ਹੋ ਜਿੰਨ੍ਹਾਂ ਵਿੱਚ ਫਾਰਮਾਸਿਸਟ ਮਦਦ ਕਰ ਸਕਦੇ ਹਨ, ਉਹਨਾਂ ਵਿੱਚ ਮਲੇਰੀਆ ਅਤੇ ਟਾਈਫਾਈਡ ਸ਼ਾਮਲ ਹਨ, ਅਤੇ ਕੁਝ ਪ੍ਰਾਂਤਾਂ ਵਿੱਚ, ਜਿਵੇਂ ਕਿ ਬ੍ਰਿਟਿਸ਼ ਕੋਲੰਬੀਆ, ਅਲਬਰਟਾ ਅਤੇ ਓਨਟਾਰੀਓ ਵਿੱਚ, ਫਾਰਮਾਸਿਸਟ ਯਾਤਰਾ ਲਈ ਜ਼ਰੂਰੀ ਵੈਕਸੀਨ ਵੀ ਲਗਾ ਸਕਦੇ ਹਨ। ਜੇ ਤੁਸੀਂ ਇਸ ਸਰਦੀਆਂ ਵਿੱਚ ਯਾਤਰਾ ਕਰਨ ਦੀ ਯੋਜਨਾ ਬਣਾ ਰਹੇ ਹੋ, ਤਾਂ ਆਪਣੀ ਸਥਾਨਕ ਫਾਰਮੇਸੀ ਵਿਖੇ ਰੁਕਣਾ ਨਾ ਭੁੱਲੋ ਅਤੇ ਆਪਣੇ ਕਮਿਊਨਿਟੀ ਫਾਰਮਾਸਿਸਟ ਨਾਲ ਇਸ ਬਾਰੇ ਗੱਲ ਕਰੋ ਕਿ ਸਭ ਤੋਂ ਵਧੀਆ ਤਿਆਰੀ ਕਿਵੇਂ ਕਰਨੀ ਹੈ।

**ਠੰਢ ਲੱਗਣਾ:** ਠੰਡਾ ਮੌਸਮ ਸਾਡੀ ਪ੍ਰਤੀਰੋਧਤਾ ਪ੍ਰਣਾਲੀ ਨੂੰ ਕਮਜ਼ੋਰ ਕਰ ਸਕਦਾ ਹੈ, ਜਿਸਦਾ ਮਤਲਬ ਹੈ ਕਿ ਬਹੁਤ ਸਾਰੀਆਂ ਸਥਿਤੀਆਂ ਵਧੇਰੇ ਭੜਕ ਸਕਦੀਆਂ ਹਨ। ਉਦਾਹਰਨ ਲਈ, ਠੰਡੀ, ਖੁਸ਼ਕ ਹਵਾ ਕਾਰਨ ਸਰਦੀਆਂ ਵਿੱਚ ਠੰਡੇ ਜ਼ਖਮ ਅਤੇ ਐਗਜ਼ੀਮਾ ਵਧੇਰੇ ਆਮ ਹੋ ਸਕਦੇ ਹਨ, ਅਤੇ ਇਹ ਦੋਵੇਂ ਆਮ ਸਮੱਸਿਆਵਾਂ ਹਨ ਜਿੰਨ੍ਹਾਂ ਨਾਲ ਫਾਰਮਾਸਿਸਟ ਸਹਾਇਤਾ ਕਰ ਸਕਦੇ ਹਨ। ਤੁਹਾਡਾ ਫਾਰਮਾਸਿਸਟ ਲੱਛਣਾਂ ਦਾ ਮੁਲਾਂਕਣ ਕਰਨ ਅਤੇ ਦਰਦ ਨੂੰ ਘਟਾਉਣ ਅਤੇ ਇਲਾਜ ਨੂੰ ਤੇਜ਼ ਕਰਨ ਲਈ ਪ੍ਰਭਾਵਸ਼ਾਲੀ ਓਵਰ–ਦ–ਕਾਊਂਟਰ ਇਲਾਜਾਂ ਦੀ ਸਿਫਾਰਸ਼ ਕਰਨ ਲਈ ਇੱਕ ਸੁਵਿਧਾਜਨਕ ਸਰੋਤ ਹੈ। ਓਨਟਾਰੀਓ, ਨਿਊ ਬ੍ਰੰਸਵਿਕ, ਨੋਵਾ ਸਕੋਸ਼ੀਆ, ਅਲਬਰਟਾ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ, ਫਾਰਮਾਸਿਸਟ ਲੋੜ ਪੈਣ 'ਤੇ ਐਂਟੀਵਾਇਰਲ ਦਵਾਈਆਂ ਵੀ ਲਿਖ ਸਕਦੇ ਹਨ, ਜੋ ਤੁਹਾਨੂੰ ਤੁਰੰਤ ਅਤੇ ਸੁਵਿਧਾਜਨਕ ਰਾਹਤ ਪ੍ਰਦਾਨ ਕਰਦੇ ਹਨ। ਇਸ ਲਈ, ਜੇ ਤੁਸੀਂ ਇਸ ਸਰਦੀਆਂ ਵਿੱਚ ਆਪਣੇ ਆਪ ਨੂੰ ਠੰਡ ਤੋਂ ਹੋਣ ਵਾਲੇ ਦਰਦ ਨਾਲ ਜੂਝਦੇ ਹੋਏ ਪਾਉਂਦੇ ਹੋ, ਤਾਂ ਮਾਹਰ ਦੀ ਸਲਾਹ ਲਈ ਅਤੇ ਜੇ ਲੋੜ ਪਵੇ ਤਾਂ ਮੌਕੇ 'ਤੇ ਇਲਾਜ ਲਈ ਆਪਣੇ ਫਾਰਮਾਸਿਸਟ ਕੋਲ ਜਾਣ ਤੋਂ ਨਾ ਝਿਜਕੋ।

**ਫਾਰਮਾਸਿਸਟ ਦੇ ਅਭਿਆਸ ਦਾ ਪੂਰਾ ਦਾਇਰਾ:** ਇਹ ਜਾਣਨਾ ਵੀ ਮਹੱਤਵਪੂਰਨ ਹੈ ਕਿ ਫਾਰਮਾਸਿਸਟ ਸਾਰਾ ਸਾਲ ਇੱਕ ਸੁਵਿਧਾਜਨਕ ਸਿਹਤ ਸੰਭਾਲ ਸਰੋਤ ਹੁੰਦੇ ਹਨ। ਸਰਦੀਆਂ ਵਿੱਚ ਹੋਣ ਵਾਲੀਆਂ ਬਿਮਾਰੀਆਂ ਤੋਂ ਇਲਾਵਾ, ਫਾਰਮਾਸਿਸਟਾਂ ਕੋਲ ਪਿੰਕ ਆਈ, ੂਠੀਸ, ਐਲਰਜੀਆਂ ਅਤੇ ਹੋਰ ਸਮੇਤ ਮੁਲਾਂਕਣ ਅਤੇ ਤਜਵੀਜ਼ ਕਰਨ ਲਈ ਅਭਿਆਸ ਦੀ ਪੂਰੀ ਗੁੰਜਾਇਸ਼ ਹੁੰਦੀ ਹੈ। ਫਾਰਮਾਸਿਸਟ ਚਿਰਕਾਲੀਨ ਸਥਿਤੀਆਂ, ਜਿਵੇਂ ਕਿ ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਅਤੇ ਹਾਈ ਕੋਲੈਸਟਰੋਲ ਦੇ ਪ੍ਰਬੰਧਨ ਲਈ ਵੀ ਇੱਕ ਸਰੋਤ ਹਨ, ਪਰ ਸਿਰਫ਼ ਇਨ੍ਹਾਂ ਤੱਕ ਹੀ ਸੀਮਤ ਨਹੀਂ ਹਨ; ਅਤੇ ਜੋ ਲੋਕ ਤੰਬਾਕੂਨੋਸ਼ੀ ਛੱਡਣਾ ਚਾਹੁੰਦੇ ਹਨ, ਉਨ੍ਹਾਂ ਲਈ ਵੀ ਫਾਰਮਾਸਿਸਟ ਮਦਦ ਕਰ ਸਕਦੇ ਹਨ!

**ਕਲੀਨਿਕ ਦੀ ਸਹੂਲਤ:** ਜਿਵੇਂ–ਜਿਵੇਂ ਕੈਨੇਡੀਅਨ ਸਿਹਤ ਸੰਭਾਲ ਪ੍ਰਣਾਲੀ ਵਿਕਸਤ ਹੁੰਦੀ ਹੈ, ਉਸੇ ਤਰ੍ਹਾਂ ਫਾਰਮੇਸੀ ਭਾਈਚਾਰਾ ਵੀ ਵਿਕਸਤ ਹੁੰਦਾ ਹੈ। ਬ੍ਰਿਟਿਸ਼ ਕੋਲੰਬੀਆ, ਅਲਬਰਟਾ, ਓਨਟਾਰੀਓ, ਨੋਵਾ ਸਕੋਸ਼ੀਆ ਅਤੇ ਨਿਊ ਬ੍ਰੰਸਵਿਕ ਸਮੇਤ ਕੈਨੇਡਾ ਦੇ ਕੁਝ ਪ੍ਰਾਂਤਾਂ ਵਿੱਚ, ਤੁਸੀਂ ਇੱਕ ਰਵਾਇਤੀ ਕਲੀਨਿਕ ਸੈਟਿੰਗ ਵਿੱਚ ਇੱਕ ਫਾਰਮਾਸਿਸਟ ਨੂੰ ਮਿਲ ਸਕਦੇ ਹੋ। ਸ਼ਾਪਰਸ ਡਰੱਗ ਮਾਰਟ ਫਾਰਮੇਸੀ ਕੇਅਰ ਕਲੀਨਿਕਾਂ ਵਿੱਚ ਪਰਿਵਾਰਾਂ ਲਈ ਤਿਆਰ ਕੀਤੇ ਨਿੱਜੀ ਸਲਾਹ–ਮਸ਼ਵਰੇ ਕਮਰੇ ਅਤੇ ਸਥਾਨ ਸ਼ਾਮਲ ਹਨ, ਜੋ ਸਿਹਤ ਪ੍ਰਬੰਧਨ ਬਾਰੇ ਵਿਚਾਰ ਵਟਾਂਦਰੇ ਲਈ ਇੱਕ ਆਰਾਮਦਾਇਕ ਵਾਤਾਵਰਣ ਨੂੰ ਯਕੀਨੀ ਬਣਾਉਂਦੇ ਹਨ ਅਤੇ ਭਾਈਚਾਰੇ ਦੇ ਅੰਦਰ ਮੁੱਢਲੀ ਸੰਭਾਲ ਲਈ ਸੁਵਿਧਾਜਨਕ, ਪਹੁੰਚਯੋਗ ਵਿਕਲਪ ਦੀ ਪੇਸ਼ਕਸ਼ ਕਰਦੇ ਹਨ!

ਹਾਲਾਂਕਿ ਸਰਦੀਆਂ ਬਰਫੀਲੇ ਤੂਫਾਨ ਲਿਆ ਸਕਦੀਆਂ ਹਨ, ਪਰ ਤੁਹਾਨੂੰ ਲੋੜੀਂਦੀ ਅਤੇ ਬਣਦੀ ਦੇਖਭਾਲ ਦੀ ਉਡੀਕ ਕਰਨ ਲਈ ਠੰਢ ਵਿੱਚ ਬਾਹਰ ਰਹਿਣ ਦੀ ਕੋਈ ਲੋੜ ਨਹੀਂ ਹੈ। ਬਹੁਤ ਸਾਰੀਆਂ ਫਾਰਮੇਸੀਆਂ ਵਿੱਚ ਸੁਵਿਧਾਜਨਕ ਘੰਟਿਆਂ ਦੇ ਸਿੱਟੇ ਵਜੋਂ, ਤੁਸੀਂ ਸਰਦੀਆਂ ਲਈ ਤਿਆਰ ਹੋਣ ਅਤੇ ਸਿਹਤਮੰਦ ਰਹਿਣ ਤੋਂ ਸਿਰਫ ਇੱਕ ਤੇਜ਼, ਬਾਅਦ ਦੇ ਘੰਟਿਆਂ ਦੀ ਯਾਤਰਾ ਤੋਂ ਦੂਰ ਹੋ, ਚਾਹੇ ਕੋਈ ਵੀ ਬਿਮਾਰੀ ਹੋਵੇ।

# ਜ਼ਬਰੀ ਵਸੂਲੀ ਦੇ ਮਾਮਲੇ ’ਚ ਭਾਰਤੀ ਜੋੜਾ ਗ੍ਰਿਫ਼ਤਾਰ



ਟੋਰਾਂਟੋ : ਯਾਰਕ ਰੀਜਨ ਵਿੱਚ ਇੱਕ ਵਿਅਕਤੀ ਨੂੰ ਬੰਦੀ ਬਣਾਕੇ ਉਸ ਦੇ ਡੈਬਿਟ ਕਾਰਡ ਰਾਹੀਂ ਕਈ ਏ.ਟੀ.ਐਮ. ਤੋਂ ਨਕਦੀ ਕਢਵਾਉਣ ਦੇ ਮਾਮਲੇ ਵਿੱਚ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਗ੍ਰਿਫ਼ਤਾਰ ਕੀਤੇ ਗਏ ਲੋਕਾਂ ਵਿੱਚ 22 ਸਾਲਾ ਮਨਨ ਖੰਨਾ ਅਤੇ 32 ਸਾਲ ਦੀ ਜੈਸਿਕਾ ਕੇਨ ਸ਼ਾਮਲ ਹੈ।

ਯਾਰਕ ਰੀਜਨਲ ਪੁਲਿਸ ਅਨੁਸਾਰ, ਇਹ ਵਾਰਦਾਤ 19 ਜਨਵਰੀ 2025 ਨੂੰ ਸਵੇਰੇ 9:30 ਵਜੇ ਵੌਅਨ ਇਲਾਕੇ ਵਿੱਚ, ਮੇਜਰ ਮਕੈਂਜ਼ੀ ਡਰਾਈਵ ਵੈਸਟ ਅਤੇ ਜੇਨ ਸਟ੍ਰੀਟ ਨੇੜੇ ਵਾਪਰੀ। ਸ਼ੱਕੀਆਂ ਨੇ ਪਹਿਲਾਂ ਪੀੜਤ ਨਾਲ ਮਿਲ ਕੇ ਉਸ ਨੂੰ ਆਪਣੀ ਗੱਡੀ ਵਿੱਚ ਬੈਠਾ ਲਿਆ। ਜਿਵੇਂ ਹੀ ਪੀੜਤ ਗੱਡੀ ਵਿੱਚ ਬੈਠਿਆ, ਜੈਸਿਕਾ ਨੇ ਛੁਰਾ ਕੱਢ ਕੇ ਉਸ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ।

ਜਾਂਚ ਅਧਿਕਾਰੀਆਂ ਅਨੁਸਾਰ, ਜੈਸਿਕਾ ਨੇ ਪੀੜਤ ਤੋਂ ਉਸ ਦੇ ਬੈਂਕ ਨਾਲ ਜੁੜੀ ਸਾਰੀ ਜਾਣਕਾਰੀ ਹਾਸਲ ਕਰਨੀ ਸ਼ੁਰੂ ਕਰ ਦਿੱਤੀ, ਜਦਕਿ ਮਨਨ ਖੰਨਾ ਗੱਡੀ ਚਲਾ ਰਿਹਾ ਸੀ। ਸ਼ੱਕੀ ਦੋਵੇਂ ਕਈ ਵੱਖ–ਵੱਖ ਏ.ਟੀ.ਐਮ. ਮਸ਼ੀਨਾਂ ‘ਤੇ ਗਏ ਅਤੇ ਪੀੜਤ ਦੇ ਬੈਂਕ ਖਾਤੇ ਤੋਂ ਜ਼ਬਰਦਸਤੀ ਨਕਦੀ ਕਢਵਾਈ।

ਆਪਣੇ ਮਨਸੂਬੇ ਨੂੰ ਅੰਜ਼ਾਮ ਦੇਣ ਮਗਰੋਂ, ਪੀੜਤ ਨੂੰ ਛੱਡ ਦਿੱਤਾ। ਪੁਲਿਸ ਮੁਤਾਬਕ, ਪੀੜਤ ਨੂੰ ਕਿਸੇ ਤਰ੍ਹਾਂ ਦੀ ਸਰੀਰਕ ਚੋਟ ਨਹੀਂ ਲੱਗੀ, ਪਰ ਉਹ ਘਟਨਾ ਤੋਂ ਬਹੁਤ ਡਰਿਆ ਹੋਇਆ ਸੀ।

ਜਾਂਚ ਦੌਰਾਨ, ਪੁਲਿਸ ਨੂੰ ਪਤਾ ਲੱਗਾ ਕਿ ਜੈਸਿਕਾ ਕੇਨ ਦੀ ਤਲਾਸ਼ ਪਹਿਲਾਂ ਹੀ ਐਲਬਰਟਾ ਦੀ ਪੁਲਿਸ ਕਰ ਰਹੀ ਸੀ। ਉਸ ‘ਤੇ ਪਹਿਲਾਂ ਵੀ ਕਈ ਗੰਭੀਰ ਦੋਸ਼ ਲੱਗੇ ਹੋਏ ਹਨ। ਪੁਲਿਸ ਨੇ 22 ਸਾਲਾ ਮਨਨ ਖੰਨਾ ਨੂੰ ਵੀ ਹਥਿਆਰਬੰਦ ਲੁੱਟ ਅਤੇ ਜਬਰਨ ਬੰਦੀ ਬਣਾਉਣ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕਰ ਲਿਆ।

ਯਾਰਕ ਰੀਜਨਲ ਪੁਲਿਸ ਨੇ ਦੋਸ਼ੀਆਂ ਦੀਆਂ ਤਸਵੀਰਾਂ ਜਨਤਕ ਕਰਨ ਦਾ ਫੈਸਲਾ ਕੀਤਾ ਹੈ, ਤਾਂ ਜੋ ਕੈਨੇਡਾ ਦੇ ਹੋਰ ਹਿੱਸਿਆਂ ਵਿੱਚ ਵੀ ਜੇਕਰ ਕਿਸੇ ਹੋਰ ਵਿਅਕਤੀ ਨਾਲ ਅਜਿਹਾ ਹੋਇਆ ਹੋਵੇ, ਤਾਂ ਉਹ ਅੱਗੇ ਆ ਕੇ ਜਾਣਕਾਰੀ ਦੇ ਸਕੇ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਉਨ੍ਹਾਂ ਕੋਲ ਇਸ ਮਾਮਲੇ ਨਾਲ ਜੁੜੀ ਕੋਈ ਹੋਰ ਜਾਣਕਾਰੀ ਹੈ, ਤਾਂ ਉਹ ਤੁਰੰਤ ਜਾਂਚ ਅਧਿਕਾਰੀਆਂ ਜਾਂ ਕ੍ਰਾਈਮ ਸਟੌਪਰਜ਼ ਨਾਲ ਸੰਪਰਕ ਕਰਨ।

ਅਧਿਕਾਰੀਆਂ ਮੁਤਾਬਕ, ਇਹ ਕੇਸ ਹੋਰ ਵੀ ਵੱਡਾ ਹੋ ਸਕਦਾ ਹੈ, ਕਿਉਂਕਿ ਜੈਸਿਕਾ ਤੇ ਮਨਨ ਉੱਤੇ ਹੋਰ ਮਾਮਲੇ ਵੀ ਹੋ ਸਕਦੇ ਹਨ। ਪੁਲਿਸ ਇਸ ਮਾਮਲੇ ਦੀ ਗਹਿਰੀ ਜਾਂਚ ਕਰ ਰਹੀ ਹੈ ਅਤੇ ਉਮੀਦ ਹੈ ਕਿ ਹੋਰ ਪੀੜਤ ਵੀ ਅੱਗੇ ਆ ਕੇ ਆਪਣੀ ਗਵਾਹੀ ਦੇਣਗੇ।


**Guru Nanak’s Free Kitchen**

LOVE ALL, FEED ALL

**ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ**

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15–16 ਸਾਲਾਂ ਤੋਂ ਵੈਨਕੂਵਰ ‘ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ ‘ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ ‘ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ ‘ਤੇ ਸੰਪਰਕ ਕਰ ਸਕਦਾ ਹੈ।

**778-895-1453, 604-771-7170**

# ਲਿਬਰਲ ਪਾਰਟੀ ਦੀ ਲੀਡਰਸ਼ਿਪ ਲਈ 6 ਉਮੀਦਵਾਰ ਮੈਦਾਨ 'ਚ, ਮੁਕਾਬਲਾ ਤੇਜ਼

**ਔਟਵਾ, (ਏਕਜੋਤ ਸਿੰਘ):** ਲਿਬਰਲ ਪਾਰਟੀ ਦੀ ਲੀਡਰਸ਼ਿਪ ਦੌੜ ਹੁਣ 6 ਉਮੀਦਵਾਰਾਂ ਵਿਚ ਸੀਮਤ ਰਹੇਗੀ, ਜਦ ਕਿ ਭਾਰਤੀ ਮੂਲ ਦੇ ਚੰਦਰਾ ਆਰਿਆ ਨੂੰ ਦੌੜ ਵਿਚੋਂ ਬਾਹਰ ਕਰ ਦਿੱਤਾ ਗਿਆ ਹੈ। ਉਨ੍ਹਾਂ ਦੇ ਹਟਣ ਮਗਰੋਂ, ਲਿਬਰਲ ਪਾਰਟੀ ਨੇ ਮਾਰਕ ਕਾਰਨੀ, ਕ੍ਰਿਸਟੀਆ ਫਰੀਲੈਂਡ, ਜੇਮੀ ਬੈਟੀਸਟ, ਕਰੀਨਾ ਗੂਲਡ, ਰੂਬੀ ਢੱਲਾ ਅਤੇ ਫਰੈਂਕ ਬੇਅਲਿਸ ਦੀ ਉਮੀਦਵਾਰੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਹਾਲਾਂਕਿ, ਉਨ੍ਹਾਂ ਨੂੰ ਅਧਿਕਾਰਿਕ ਤੌਰ 'ਤੇ ਲੜਨ ਦੀ ਇਜਾਜ਼ਤ ਮਿਲਣ ਲਈ ਹੁਣ ਵੀ ਇਲੈਕਸ਼ਨਜ਼ ਕੈਨੇਡਾ ਦੀ ਹਰੀ ਝੰਡੀ ਲੋੜੀਦੀ ਹੈ।

ਮਾਰਕ ਕਾਰਨੀ, ਜੋ ਬੈਂਕ ਆਫ਼ ਕੈਨੇਡਾ ਦੇ ਸਾਬਕਾ ਗਵਰਨਰ ਰਹਿ ਚੁੱਕੇ ਹਨ, ਲੀਡਰਸ਼ਿਪ ਦੌੜ ਵਿੱਚ ਮਜ਼ਬੂਤ ਦਾਅਵੇਦਾਰ ਵਜੋਂ ਉਭਰ ਰਹੇ ਹਨ। ਉਨ੍ਹਾਂ ਨੇ ਕਈ ਮੰਤਰੀਆਂ ਅਤੇ ਐਮ.ਪੀ.ਜ਼ ਦੀ ਹਮਾਇਤ ਹਾਸਲ ਕੀਤੀ ਹੈ। ਹਾਲ ਹੀ ਵਿਚ, ਉਨ੍ਹਾਂ ਨੇ ਇੱਕ ਵੀਡੀਓ ਜਾਰੀ ਕਰਕੇ ਕੰਜ਼ਰਵੇਟਿਵ ਪਾਰਟੀ ਦੇ ਆਗੂ ਪਿਅਰੇ ਪੌਇਲੀਐਵ ਉਤੇ ਨਿਸ਼ਾਨਾ ਸਾਧਿਆ। ਉਨ੍ਹਾਂ ਨੇ ਕਿਹਾ, "ਤੁਸੀਂ ਟਰੰਪ ਦਾ ਮੁਕਾਬਲਾ ਨਹੀਂ ਕਰ ਸਕਦੇ ਜਦੋਂ ਤੁਸੀਂ ਅਮਰੀਕਾ ਦੇ ਰਾਸ਼ਟਰਪਤੀ ਦਾ ਮੋਹਰਾ ਬਣੇ ਹੋਏ ਹੋ।" ਉਨ੍ਹਾਂ ਦੇ ਇਸ ਬਿਆਨ ਨਾਲ ਲਿਬਰਲ ਪਾਰਟੀ ਦੇ ਸਮਰਥਕਾਂ ਵਿੱਚ ਉਤਸ਼ਾਹ ਵਧਿਆ ਹੈ।



ਰੂਬੀ ਢੱਲਾ, ਜੋ ਪਹਿਲਾਂ ਬਰੈਂਪਟਨ ਤੋਂ ਐਮ.ਪੀ. ਰਹਿ ਚੁੱਕੀ ਹਨ, ਨੇ ਆਖਰੀ ਮੌਕੇ 'ਤੇ ਲੀਡਰਸ਼ਿਪ ਦੌੜ ਵਿੱਚ ਸ਼ਾਮਲ ਹੋਣ ਦਾ ਫੈਸਲਾ ਲਿਆ। ਉਹ ਲਿਬਰਲ ਪਾਰਟੀ ਦੀ ਦੌੜ ਵਿੱਚ ਆਪਣੀ ਮਜ਼ਬੂਤ ਪਹਿਚਾਣ ਬਣਾਉਣ ਲਈ ਕਰੜੀ ਮੁਸ਼ੱਕਤ ਕਰ ਰਹੀ ਹਨ। ਰੂਬੀ ਢੱਲਾ ਦਾ ਲਿਬਰਲ ਪਾਰਟੀ ਵਿੱਚ ਵੱਡਾ ਵਕਤਾਵਾਦ ਹੈ, ਪਰ ਉਨ੍ਹਾਂ ਨੂੰ ਹੋਰ ਉਮੀਦਵਾਰਾਂ ਦੇ ਮੁਕਾਬਲੇ ਵਧੇਰੇ ਸਹਿਯੋਗ ਹਾਸਲ ਕਰਨਾ ਪਵੇਗਾ।

ਕ੍ਰਿਸਟੀਆ ਫਰੀਲੈਂਡ ਨੇ ਐਲਾਨ ਕੀਤਾ ਹੈ ਕਿ ਜੇਕਰ ਉਹ ਲੀਡਰ ਬਣੇ, ਤਾਂ ਉਹ ਲਿਬਰਲ ਪਾਰਟੀ ਦੇ ਸੰਵਿਧਾਨ ਵਿੱਚ ਬਦਲਾਵ ਲਿਆਉਣਗੇ। ਉਨ੍ਹਾਂ ਕਿਹਾ, "ਲਿਬਰਲ ਪਾਰਟੀ ਨੂੰ ਅਜਿਹੇ ਹਾਲਾਤ ਵਿੱਚ ਕਦੇ ਨਹੀਂ ਪੈਣਾ ਚਾਹੀਦਾ, ਜਿੱਥੇ ਇੱਕ ਲੀਡਰ ਤੈਅ ਕਰੇ ਕਿ ਦੂਜਾ ਲੀਡਰ ਕੌਣ ਹੋਵੇਗਾ।" ਉਨ੍ਹਾਂ ਨੇ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੇ ਵਰਕਰਾਂ ਅਤੇ ਪਾਰਟੀ ਕੌਕਸ ਦੀ ਭੂਮਿਕਾ ਨਿਰਣਾਇਕ ਬਣਾਉਣ ਦੀ ਵਕਾਲਤ ਕੀਤੀ।

ਫਰੈਂਕ ਬੇਅਲਿਸ ਨੇ ਸਭ ਤੋਂ ਪਹਿਲਾਂ ਆਪਣੀ ਉਮੀਦਵਾਰੀ ਦਾ ਐਲਾਨ ਕੀਤਾ ਸੀ, ਜਦ ਕਿ ਹੋਰ ਉਮੀਦਵਾਰ ਬਾਅਦ ਵਿੱਚ ਇਸ ਦੌੜ ਵਿੱਚ ਸ਼ਾਮਲ ਹੋਏ। ਉਨ੍ਹਾਂ ਨੇ ਆਪਣੀ ਮੁਹਿੰਮ ਵਿੱਚ ਪਾਰਟੀ ਦੀ ਆਰਥਿਕ ਨੀਤੀ ਨੂੰ ਮਜ਼ਬੂਤ ਬਣਾਉਣ ਤੇ ਧਿਆਨ ਕੇਂਦਰਤ ਕੀਤਾ ਹੈ।

ਇਸ ਦੌੜ ਵਿਚੋਂ ਬਾਹਰ ਹੋਏ ਚੰਦਰਾ ਆਰਿਆ ਨੇ ਪਹਿਲਾਂ ਹੀ ਕਿਹਾ ਸੀ ਕਿ ਜੇਕਰ ਉਹ ਲੀਡਰ ਬਣੇ, ਤਾਂ ਕੈਨੇਡਾ ਨੂੰ ਰਾਜਾਸ਼ਾਹੀ ਤੋਂ ਮੁਕਤ ਕਰਵਾਉਣ ਲਈ ਉਨ੍ਹਾਂ ਵਲੋਂ ਠੋਸ ਕਦਮ ਚੁੱਕੇ ਜਾਣਗੇ। ਪਰ ਉਨ੍ਹਾਂ ਦੀ ਲੀਡਰਸ਼ਿਪ ਦੌੜ ਵਿਚੋਂ ਹਟਣਾ ਉਨ੍ਹਾਂ ਦੇ ਸਮਰਥਕਾਂ ਲਈ ਨਿਰਾਸ਼ਾਜਨਕ ਰਿਹਾ।

ਹੁਣ ਇਹ ਵੇਖਣਾ ਦਿਲਚਸਪ ਹੋਵੇਗਾ ਕਿ ਆਉਣ ਵਾਲੇ ਹਫ਼ਤਿਆਂ ਵਿੱਚ ਇਹ ਮੁਕਾਬਲਾ ਕਿੰਨਾ ਤੇਜ਼ ਹੋਵੇਗਾ ਅਤੇ ਕਿਹੜਾ ਉਮੀਦਵਾਰ ਅੰਤਤ: ਲਿਬਰਲ ਪਾਰਟੀ ਦੀ ਆਗੂ ਬਣੇਗਾ। This report was written by Ekjot Singh as part of the Local Journalism Initiative.

# ਸਰੀ ਵਿਖੇ ਦਿਲ ਦੇ ਦੌਰੇ ਕਾਰਨ ਪੰਜਾਬੀ ਨੌਜਵਾਨ ਜਸਬੀਰ ਸਿੰਘ ਦੀ ਮੌਤ

ਸਰੀ, ਪਿੰਡ ਅਰਾਈਆਂਵਾਲਾ (ਮਖੂ) ਦੇ ਵਾਸੀ ਜਸਬੀਰ ਸਿੰਘ ਪੁੱਤਰ ਲਖਵਿੰਦਰ ਸਿੰਘ ਦਾ ਕੈਨੇਡਾ ਦੇ ਸ਼ਹਿਰ ਸਰੀ ਵਿੱਚ ਦਿਲ ਦੇ ਦੌਰੇ ਕਾਰਨ ਦਿਨਾਂ ਬੜੀ ਅਚਾਨਕ ਮੌਤ ਹੋ ਗਈ। ਉਨ੍ਹਾਂ ਦੀ ਮੌਤ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ ਹੈ। ਜਸਬੀਰ ਸਿੰਘ, ਜੋ ਕਿ ਸਰੀ ਵਿਚ ਰਹਿੰਦੇ ਸਨ, ਆਪਣੀ ਅਚਾਨਕ ਮੌਤ ਨਾਲ ਪਰਿਵਾਰ, ਮਿੱਤਰ ਅਤੇ ਪਿੰਡ ਦੇ ਲੋਕਾਂ ਨੂੰ ਵੱਡਾ ਧੱਕਾ ਪਹੁੰਚਾਇਆ ਹੈ।

ਪ੍ਰਾਰੰਭਿਕ ਜਾਣਕਾਰੀ ਮੁਤਾਬਿਕ, ਜਸਬੀਰ ਸਿੰਘ ਪਿਛਲੇ ਕੁਝ ਦਿਨਾਂ ਤੋਂ ਸਿਹਤ ਦੀ ਸਮੱਸਿਆ ਨਾਲ ਜੂਝ ਰਹੇ ਸਨ। ਪਰ ਕੋਈ ਵੀ ਨਾ ਸੋਚ ਸਕਿਆ ਸੀ ਕਿ ਉਨ੍ਹਾਂ ਦੀ ਮੌਤ ਇਤਨੀ ਛੇਤੀ ਹੋਵੇਗੀ। ਉਨ੍ਹਾਂ ਦੀ ਮੌਤ ਨਾਲ ਉਨ੍ਹਾਂ ਦੇ ਪਰਿਵਾਰ, ਖੇਤਰ ਅਤੇ ਸਰੀ ਦੀ ਕਮਿਊਨਿਟੀ ਵਿੱਚ ਦੁਖ ਦਾ ਮਾਹੌਲ ਹੈ। ਜਸਬੀਰ ਸਿੰਘ ਦੇ ਸਾਥੀਆਂ ਅਤੇ ਮਿੱਤਰਾਂ ਦਾ



ਮਾਨਨਾ ਹੈ ਕਿ ਉਹ ਇੱਕ ਸਮਾਜਿਕ ਤੌਰ 'ਤੇ ਬੜੇ ਦਯਾਲੂ ਅਤੇ ਸਹਿਯੋਗੀ ਵਿਅਕਤੀ ਸਨ।

ਉਨ੍ਹਾਂ ਦੇ ਪਰਿਵਾਰ ਵਾਲੇ ਇਸ ਘੜੀ ਵਿੱਚ ਭਾਰੀ ਮਾਨਸਿਕ ਝਟਕੇ ਨਾਲ ਜੂਝ ਰਹੇ ਹਨ। ਪਰਿਵਾਰ ਅਤੇ ਰਿਸ਼ਤੇਦਾਰਾਂ ਨੇ ਜਸਬੀਰ ਸਿੰਘ ਦੀ ਮੌਤ 'ਤੇ ਆਪਣੀ ਦੁੱਖਦਾਈ ਹਮਦਰਦੀ ਜਤਾਈ ਹੈ। ਸਾਰੇ ਇਲਾਕੇ ਦੇ ਵਾਸੀਆਂ ਨੇ ਵੀ ਉਨ੍ਹਾਂ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਕਈ ਲੋਕਾਂ ਨੇ ਇਸ ਦੁੱਖ ਦੇ ਸਮੇਂ 'ਚ ਸਮਰਥਨ ਦਿੱਤਾ ਹੈ ਅਤੇ ਸਹਾਇਤਾ ਪ੍ਰਦਾਨ ਕਰਨ ਦੀ ਪੇਸ਼ਕਸ਼ ਕੀਤੀ ਹੈ।

ਜਸਬੀਰ ਸਿੰਘ ਦੀ ਮੌਤ ਨੇ ਖੇਤਰ ਵਿੱਚ ਇੱਕ ਖਾਲੀ ਥਾਂ ਛੱਡੀ ਹੈ ਅਤੇ ਉਹਨਾਂ ਦੀ ਘਿਣਤੀ ਦੇ ਸਹਿਯੋਗ ਨੂੰ ਯਾਦ ਕੀਤਾ ਜਾ ਰਿਹਾ ਹੈ। ਇਸ ਦੁੱਖਤ ਘੜੀ ਵਿੱਚ ਉਨ੍ਹਾਂ ਦੀ ਯਾਦ ਸਾਰੇ ਪਿੰਡ ਅਤੇ ਖੇਤਰ ਵਿਚ ਜਿਊਂਦੀ ਰਹੇਗੀ।






ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ
International
Punjabi Tribune

• Rachhpal Singh Gill
ਸੰਪਾਦਕ (ਕਾਰਜਕਾਰੀ)
604-616-2171

Funded by the Government of Canada | Financé par le gouvernement du Canada | Canada

**ADVISORY BOARD**

• **Gurvinder Singh Dhaliwal**
Vancouver,
604-825-1550

• **Gurlal Singh**
Journalist,

• **Hardam Singh Maan**
Surrey
604-308-6663

• **Virpal Singh Bhagta**
News Reporter | Punjab
+91 96532 00226

• **Ekjot Singh**
News Reporter

**Printed & Published in Canada by : International Punjabi Tribune Inc.**

604-584-5577 (Office)
punjabitribune
iptribune@gmail.com
www.punjabitribune.ca
punjabitribune

**NOTICE TO ADVERTISER**

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

**Publisher is not responsible in any mishappening between the customer and Advertiser.**

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾਲੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ।

# ਆਇਲਿਟਸ, ਮਜ਼ਬੂਰੀ-ਵੱਸ ਪ੍ਰਵਾਸ ਅਤੇ ਪੰਜਾਬ ਦੇ ਨੌਜਵਾਨ

ਲਿਖਤ : ਗੁਰਮੀਤ ਪਲਾਹੀ

ਸਫ਼ਾ 1 ਦਾ ਬਾਕੀ



ਵੱਲ ਉਡਾਰੀ ਮਾਰਨ ਦਾ ਜੁਗਾੜ ਬਣਾ ਰਹੇ ਹਨ। ਕੋਈ ਆਪਣਾ ਬੈਂਕ ਖਾਤਾ ਖਾਲੀ ਕਰ ਰਿਹਾ ਹੈ, ਇਸ ਕੰਮ ਵਾਸਤੇ ਕੋਈ ਆਪਣਾ ਖੇਤ ਗਿਰਵੀ ਰੱਖ ਰਿਹਾ ਹੈ। ਸਧਾਰਨ ਬੰਦਾ ਆਪਣਾ ਘਰ ਬੈਂਕ ਕੋਲ ਗਹਿਣੇ ਧਰ ਕੇ ਆਪਣੇ ਵਿਦੇਸ਼ ਜਾਣ ਵਾਲੇ ਮੁੰਡੇ-ਕੁੜੀ ਲਈ ਫੀਸ ਜੁਟਾਉਣ ਦਾ ਜੁਗਾੜ ਕਰ ਰਿਹਾ ਹੈ, ਇਹ ਕਹਿਕੇ ਕਿ ਇੱਕ ਵਾਰੀ ਦੀ ਫੀਸ ਜੋਗੇ ਪੈਸੇ ਹੋ ਜਾਣ ਭਾਵੇਂ ਭੈਣਾਂ, ਭਰਾਵਾਂ, ਰਿਸ਼ਤੇਦਾਰਾਂ ਤੋਂ ਉਧਾਰ ਲੈ ਕੇ, ਬਾਕੀ ਕਾਕਾ/ਕਾਕੀ ਆਪੇ ਜਾ ਕੇ "ਵਿਦੇਸ਼ੀ ਦਰਖ਼ਤਾਂ" ਤੋਂ ਤੋੜ ਲੈਣਗੇ।

ਹੁਣ ਇਹ ਗੱਲ ਹੈਰਾਨੀ ਵਾਲੀ ਨਹੀਂ ਰਹੀ ਕਿ ਇੱਕ ਸਾਲ ਵਿੱਚ ਸਵਾ ਤੋਂ ਡੇਢ ਲੱਖ ਤੱਕ ਨੌਜਵਾਨ ਆਇਲਿਟਸ ਪਾਸ ਕਰਕੇ ਵਿਦੇਸ਼ੀ ਕਾਲਜਾਂ, ਯੂਨੀਵਰਸਿਟੀਆਂ ਦੀਆਂ ਭਾਰੀ ਭਰਕਮ ਫੀਸਾਂ ਤਾਰ ਕੇ, ਵੀਜ਼ੇ ਲੈ ਕੇ, ਜਹਾਜ਼ਾਂ ਦੇ ਹੂਟੇ ਲੈ ਰਹੇ ਹਨ - ਵਿਦੇਸ਼ ਵਿੱਚ ਉਹਨਾਂ ਦਾ ਕੀ ਬਣੇਗਾ, ਇਹ "ਉੱਪਰਲੇ" ਉੱਤੇ ਡੋਰ ਛੱਡਕੇ ਤੇ ਇਹ ਕਹਿਕੇ ਕਿ ਜੋ ਹੋਊ ਵੇਖੀ ਜਾਊ।

ਵਿਦੇਸ਼ ਜਾਣ ਦੇ ਇਸ ਰੁਝਾਨ ਦਾ ਕਾਰਨ ਭਾਵੇਂ ਬੇਰੁਜ਼ਗਾਰੀ ਹੋਵੇ ਜਾਂ ਪੰਜਾਬ ਵਿੱਚ ਪਸਰੇ ਨਸ਼ੇ ਤੇ ਮਾਪਿਆਂ ਦੀ ਆਪਣੀ ਔਲਾਦ ਨੂੰ ਇਹਨਾਂ ਤੋਂ ਬਚਾਉਣ ਦੀ ਤਰਕੀਬ। ਪਰ ਇਸ ਰੁਝਾਨ ਨੇ ਪੰਜਾਬ ਦੀ ਜਵਾਨੀ ਨੂੰ ਉਹਨਾਂ ਔਝੜ ਰਾਹਾਂ ਤੇ ਪਾ ਦਿੱਤਾ ਹੈ, ਜਿੱਥੇ ਉਹਨਾਂ ਨੂੰ ਇਹ ਨਹੀਂ ਪਤਾ ਕਿ ਉਹਨਾਂ ਦਾ ਭਵਿੱਖ ਕੀ ਹੋਏਗਾ। ਪਰ ਮਾਪੇ ਅਤੇ ਨੌਜਵਾਨ ਇਹ ਮੰਨਕੇ ਵਿਦੇਸ਼ ਤੁਰਦੇ ਜਾ ਰਹੇ ਹਨ ਕਿ ਪੰਜਾਬ ਦੀ ਭੈੜੀ ਹਾਲਤ ਨਾਲੋਂ ਤਾਂ ਉਹਨਾਂ ਦਾ ਹਾਲ ਵਿਦੇਸ਼ ਵਿੱਚ ਚੰਗਾ ਹੀ ਰਹੇਗਾ।

ਇਸ ਰੁਝਾਨ ਦਾ ਫਾਇਦਾ ਚੁੱਕਦਿਆਂ ਪੰਜਾਬ ਵਿੱਚ ਟਰੈਵਲ ਏਜੰਟਾਂ ਦੀ ਚਾਂਦੀ ਬਣੀ ਹੋਈ ਹੈ। ਆਇਲਿਟਸ ਸੈਂਟਰ ਹਰ ਛੋਟੇ-ਵੱਡੇ ਕਸਬੇ ਅਤੇ ਵੱਡੇ ਸ਼ਹਿਰਾਂ ਵਿੱਚ ਨਿੱਤ ਖੁੱਲ੍ਹਦੇ ਜਾ ਰਹੇ ਹਨ, ਜਿੱਥੇ ਨੌਜਵਾਨ ਮੁੰਡੇ, ਕੁੜੀਆਂ ਬਾਰ੍ਹਵੀਂ ਦੀ ਪੜ੍ਹਾਈ ਤੋਂ ਬਾਅਦ ਪੰਜ ਸਾਢੇ ਪੰਜ, ਛੇ, ਸਾਢੇ ਛੇ, ਸੱਤ, ਬੈਂਡ ਲੈਣ ਲਈ ਤਰਲੋਮੱਛੀ ਹੋਏ ਤੁਰੇ ਫਿਰਦੇ ਹਨ ਅਤੇ ਇਹਨਾਂ ਸੈਂਟਰਾਂ ਵਾਲਿਆਂ ਨੂੰ ਹਜ਼ਾਰਾਂ ਰੁਪਏ ਫੀਸਾਂ ਤਾਰ ਰਹੇ ਹਨ, ਜਿਹਨਾਂ ਉੱਤੇ ਇਹ ਫੀਸਾਂ ਵੱਧ ਜਾਂ ਘੱਟ ਉਗਰਾਹੁਣ ਦਾ ਸਰਕਾਰੀ ਕੁੰਡਾ ਵੀ ਕੋਈ ਨਹੀਂ। ਇਹਨਾਂ ਆਇਲਿਟਸ ਸੈਂਟਰਾਂ ਅਤੇ ਟਿਊਟਰਾਂ ਦਾ ਰੁਝਾਨ ਤਾਂ ਇੱਥੋਂ ਤੱਕ ਹੋ ਗਿਆ ਹੈ ਕਿ ਚੰਗੇ ਅੰਗਰੇਜ਼ੀ ਜਾਣਨ ਵਾਲੇ ਟੀਚਰ ਆਪਣੇ ਘਰਾਂ ਵਿੱਚ ਹੀ ਇਹਨਾਂ "ਜ਼ਰੂਰਤਮੰਦਾਂ" ਕੋਲੋਂ ਹਜ਼ਾਰਾਂ ਰੁਪਏ ਬਟੋਰ ਰਹੇ ਹਨ। ਇਸ ਤੋਂ ਵੀ ਅੱਗੇ ਇਹ ਲੁੱਟ ਅੰਬੈਸੀਆਂ ਵਲੋਂ ਵੀਜ਼ਾ ਫੀਸਾਂ ਦੇ ਵਾਧੇ ਦੇ ਰੂਪ ਵਿੱਚ ਵੇਖੀ ਜਾ ਸਕਦੀ ਹੈ ਅਤੇ ਜਾਹਲੀ ਵਿਦੇਸ਼ੀ ਕਾਲਜ, ਯੂਨੀਵਰਸਿਟੀਆਂ ਧੜਾ-ਧੜ ਦਾਖ਼ਲੇ ਦੇਕੇ ਇਹਨਾਂ ਵਿਦਿਆਰਥੀਆਂ ਤੋਂ ਡਾਲਰ ਇਕੱਠੇ ਕਰ ਲੈਂਦੀਆਂ ਹਨ, ਭਾਵੇਂ ਕਿ ਉਹਨਾਂ ਦੇ ਜਾਅਲੀ ਹੋਣ ਦਾ ਖਾਮਿਆਜ਼ਾ ਵਿਦਿਆਰਥੀਆਂ ਨੂੰ ਹੀ ਭੁਗਤਣਾ ਪੈਂਦਾ ਹੈ। ਹੈਰਾਨੀ ਵਾਲੀ ਗੱਲ ਤਾਂ ਇਸ ਤੋਂ ਵੀ ਉੱਪਰ ਹੈ ਕਿ ਪੰਜਾਬ ਦੀ ਸਰਕਾਰ ਜਿਸਦੇ ਜ਼ਿੰਮੇ ਪੰਜਾਬ ਦੇ ਨੌਜਵਾਨਾਂ ਲਈ ਰੁਜ਼ਗਾਰ ਦਾ ਜ਼ਿੰਮਾ ਹੈ, ਉਹ ਇਹਨਾਂ ਨੌਜਵਾਨਾਂ ਨੂੰ ਆਪਣੇ ਗਲੋਂ ਲਾਹੁਣ ਲਈ "ਆਇਲਿਟਸ" ਦੀ ਤਿਆਰੀ ਲਈ ਆਇਲਿਟਸ ਸੈਂਟਰ ਖੋਲ੍ਹਣ ਦੀ ਤਿਆਰੀ ਕਰਦੇ ਦੱਸੇ ਜਾਂਦੇ ਹਨ, ਇਹ ਉੱਡਦੀਆਂ-ਉੱਡਦੀਆਂ ਖ਼ਬਰਾਂ ਹਨ।

ਪਰ ਇਸ ਰੁਝਾਨ ਦਾ ਖਾਮਿਆਜ਼ਾ ਸਭ ਤੋਂ ਵੱਧ ਸੂਬੇ ਪੰਜਾਬ ਵਿੱਚ ਖੁੱਲ੍ਹੇ ਉੱਚ ਸਿੱਖਿਆ ਪ੍ਰਦਾਨ ਕਰਨ ਵਾਲੇ ਕਾਲਜਾਂ ਅਤੇ ਪ੍ਰੋਫੈਸ਼ਨਲ ਕਾਲਜਾਂ ਨੂੰ ਭੁਗਤਣਾ ਪੈ ਰਿਹਾ ਹੈ, ਜਿਹਨਾਂ ਦੀਆਂ ਨੀਅਤ ਮਨਜ਼ੂਰਸ਼ੁਦਾ ਸੀਟਾਂ ਵੀ ਪੂਰੀਆਂ ਭਰ ਨਹੀਂ ਹੋ ਰਹੀਆਂ। ਸੂਬੇ ਵਿੱਚ 100 ਇੰਜੀਨੀਰਿੰਗ ਕਾਲਜ ਤੇ ਦੋ ਸਰਕਾਰੀ ਯੂਨੀਵਰਸਿਟੀਆਂ ਹਨ, ਜਿਹਨਾਂ ਵਿੱਚ 43200 ਸੀਟਾਂ ਮਕੈਨੀਕਲ, ਇਲੈਕਟ੍ਰੀਕਲ, ਸਿਵਲ ਇਲੈਕਟ੍ਰੋਨਿਕਸ, ਕੰਪਿਊਟਰ ਆਦਿ ਬੀ.ਟੈੱਕ. ਡਿਗਰੀ ਲਈ ਹਨ। ਐੱਮ.ਬੀ.ਏ. ਦੀਆਂ ਸੀਟਾਂ ਵੱਖਰੀਆਂ ਹਨ। ਇਸਦੇ ਨਾਲ ਆਈ.ਆਈ.ਟੀ. ਰੋਪੜ ਅਤੇ ਸੰਤ ਲੌਂਗੋਵਾਲ ਇੰਜੀਨੀਰਿੰਗ ਦੀ ਡੀਮਡ ਯੂਨੀਵਰਸਿਟੀ ਹੈ, ਜੋ ਵੱਖੋ-ਵੱਖਰੇ ਕੋਰਸ ਚਲਾ ਰਹੀ ਹੈ। ਇਹਨਾਂ ਸਾਰੀਆਂ ਸੰਸਥਾਵਾਂ ਵਿੱਚ ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ (ਏ.ਆਈ.ਸੀ.ਟੀ.ਈ.) ਵਲੋਂ ਮਨਜ਼ੂਰ ਸੀਟਾਂ ਹਨ, ਪਰ ਉਹ ਭਰ ਨਹੀਂ ਰਹੀਆਂ। ਇਹਨਾਂ ਕਾਲਜਾਂ ਵਿੱਚ ਬਹੁਤੇ ਬੰਦ ਹੋਣ ਕਿਨਾਰੇ ਹਨ। ਜਦੋਂ ਇਹ ਇੰਜੀਨੀਰਿੰਗ ਕਾਲਜ ਖੁੱਲ੍ਹੇ ਸਨ, ਉਦੋਂ ਸੂਬੇ ਦੇ ਆਰਟਸ ਕਾਲਜ ਬੰਦ ਹੋਣ ਕਿਨਾਰੇ ਹੋ ਗਏ ਸਨ। ਹੁਣ ਪ੍ਰੋਫੈਸ਼ਨਲ ਕਾਲਜਾਂ, ਡਿਗਰੀ ਆਰਟਸ ਕਾਲਜਾਂ ਅਤੇ ਇੱਥੋਂ ਤੱਕ ਕਿ ਪ੍ਰੋਫੈਸ਼ਨਲ ਯੂਨੀਵਰਸਿਟੀਆਂ ਨੂੰ ਪੜ੍ਹਾਈ ਕਰਾਉਣ ਲਈ ਲੋੜੀਂਦੇ ਵਿਦਿਆਰਥੀ ਨਹੀਂ ਮਿਲ ਰਹੇ। ਸਿੱਟੇ ਵਜੋਂ ਇਹਨਾਂ ਪ੍ਰਾਈਵੇਟ ਸੰਸਥਾਵਾਂ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਦੇਣ ਦਾ ਸੰਕਟ ਖੜ੍ਹਾ ਹੋ ਚੁੱਕਾ ਹੈ। ਉੱਪਰੋਂ ਇਹਨਾਂ ਸੰਸਥਾਵਾਂ ਲਈ ਵਿੱਤੀ ਸੰਕਟ ਉਦੋਂ ਹੋਰ ਵੀ ਵੱਡਾ ਦਿਖਾਈ ਦਿੰਦਾ ਹੈ, ਜਦੋਂ ਉਹਨਾਂ ਨੂੰ ਐੱਸ ਸੀ, ਐੱਸ ਟੀ ਵਰਗ ਦੇ ਵਿਦਿਆਰਥੀਆਂ ਨੂੰ ਮੁਫ਼ਤ ਦਾਖ਼ਲਾ ਦੇਣਾ ਪੈਂਦਾ ਹੈ, ਪਰ ਉਹਨਾਂ ਦੀ ਫੀਸ, ਫੰਡ ਕੇਂਦਰ ਸਰਕਾਰ ਵਲੋਂ ਮੁਹੱਈਆ ਹੀ ਨਹੀਂ ਹੁੰਦੇ ਜਾਂ ਸਮੇਂ ਸਿਰ ਮੁਹੱਈਆ ਨਹੀਂ ਹੁੰਦੇ। ਪਰ ਅਸਲ ਵਿੱਚ ਤਾਂ ਇਹਨਾਂ ਯੂਨੀਰਵਸਿਟੀਆਂ, ਕਾਲਜਾਂ ਦਾ ਸੰਕਟ, ਦਾਖ਼ਲੇ ਲਈ ਵਿਦਿਆਰਥੀਆਂ ਦੀ ਕਮੀ ਹੈ, ਕਿਉਂਕਿ ਪਲੱਸ-ਟੂ ਕਰਨ ਉਪਰੰਤ ਵਿਦਿਆਰਥੀ ਵਿਦੇਸ਼ਾਂ ਵੱਲ ਚਾਲੇ ਪਾ ਰਹੇ ਹਨ।

ਇਹ ਤੱਥ ਵੀ ਲੁਕਿਆ-ਛੁਪਿਆ ਨਹੀਂ ਕਿ ਪੰਜਾਬ ਦੇ ਆਇਲਿਟਸ ਸੈਂਟਰ ਵੱਡੀਆਂ ਕਮਾਈਆਂ ਕਰ ਰਹੇ ਹਨ ਅਤੇ ਇਹਨਾਂ ਸੈਂਟਰਾਂ ਵਿੱਚ ਹਰ ਸਾਲ ਤਿੰਨ ਤੋਂ ਚਾਰ ਲੱਖ ਵਿਦਿਆਰਥੀ ਟਰੇਨਿੰਗ ਪ੍ਰਾਪਤ ਕਰਦੇ ਹਨ। ਕਈ ਵਿਦਿਆਰਥੀ ਅੰਗਰੇਜ਼ੀ ਬੋਲਣ ਦੀ ਟ੍ਰੇਨਿੰਗ ਲੈਂਦੇ ਹਨ। ਕਈ ਵਿਦਿਆਰਥੀ ਘੱਟ ਬੈਂਡ ਪਰਾਪਤ ਕਰਨ ਕਾਰਨ ਮੁੜ-ਮੁੜ ਕੋਚਿੰਗ ਲੈਣ ਲਈ ਸੈਂਟਰਾਂ ਤੇ ਪੁੱਜਦੇ ਹਨ। ਇਹਨਾਂ ਵਿਦਿਆਰਥੀਆਂ ਵਿੱਚ ਪਿੰਡਾਂ ਦੇ ਉਹਨਾਂ ਮੁੰਡੇ-ਕੁੜੀਆਂ ਦੀ ਤਾਂ ਕਮੀ ਹੀ ਨਹੀਂ, ਜਿਹੜੇ ਸ਼ਹਿਰਾਂ ਦੇ ਪਬਲਿਕ ਸਕੂਲਾਂ ਵਿੱਚ ਅੰਗਰੇਜ਼ੀ ਮਾਧਿਆਮ ਵਿੱਚ ਪਹਿਲੀ ਜਮਾਤ ਤੋਂ ਸਿੱਖਿਆ ਪ੍ਰਾਪਤ ਕਰਦੇ ਹਨ, ਪਰ ਹੁਣ ਸਰਕਾਰੀ ਜਾਂ ਪ੍ਰਾਈਵੇਟ ਸਕੂਲਾਂ ਦੇ ਪੇਂਡੂ ਸ਼ਹਿਰੀ ਵਿਦਿਆਰਥੀ ਵੀ ਰੀਸੋ-ਰੀਸੀ ਇਸ ਇਮਤਿਹਾਨ ਵਿੱਚ ਬੈਠਦੇ ਹਨ। ਕਈ ਪਾਸ ਹੁੰਦੇ ਹਨ ਪਰ ਬਹੁਤ ਘੱਟ ਬੈਂਡ ਲੈਕੇ। ਨਿਰਾਸ਼ਤਾ ਦੇ ਆਲਮ ਵਿੱਚ ਉਹ ਨਾ ਇੱਧਰ ਜੋਗੇ ਰਹਿੰਦੇ ਹਨ, ਨਾ ਉੱਧਰ ਜੋਗੇ।

ਬਿਨਾਂ ਸ਼ੱਕ ਉੱਚ ਸਿੱਖਿਆ ਲਈ ਵਿਦੇਸ਼ਾਂ ਨੂੰ ਜਾਣਾ ਮਾੜੀ ਗੱਲ ਨਹੀਂ ਹੈ। ਪਰ ਉੱਚ ਸਿੱਖਿਆ ਦੇ ਨਾਮ ਉੱਤੇ ਵਿਦੇਸ਼ਾਂ ਵਿੱਚ ਜਾਕੇ ਹੀਲੇ-ਵਸੀਲੇ ਉੱਥੇ ਹੀ ਟਿਕ ਜਾਣਾ ਚਿੰਤਾ ਦਾ ਵਿਸ਼ਾ ਹੈ। ਪੰਜਾਬ ਦੀ ਜੁਆਨੀ ਦਾ ਪੰਜਾਬ ਵਿੱਚੋਂ ਪ੍ਰਵਾਸ ਪੰਜਾਬ ਵਿੱਚ ਸਭਿਆਚਾਰਕ ਸੰਕਟ ਤਾਂ ਪੈਦਾ ਕਰ ਹੀ ਰਿਹਾ ਹੈ, ਪਰ ਨਾਲ ਦੀ ਨਾਲ ਅਰਬਾਂ ਰੁਪਏ ਹਰ ਸਾਲ ਪੰਜਾਬੋਂ ਬਾਹਰ ਵੱਡੀਆਂ ਫੀਸਾਂ ਦੇ ਰੂਪ ਵਿੱਚ ਵਿਦੇਸ਼ੀ ਯੂਨੀਵਰਸਿਟੀਆਂ/ ਕਾਲਜਾਂ ਕੋਲ ਜਾ ਰਿਹਾ ਹੈ। ਪੰਜਾਬ ਜਿਹੜਾ ਪਹਿਲਾਂ ਹੀ ਆਰਥਿਕ ਸੰਕਟ ਵਿੱਚ ਗ੍ਰਸਿਆ ਪਿਆ ਹੈ, ਇਸਦੀ ਕਿਸਾਨੀ ਪਹਿਲਾਂ ਹੀ ਮਾਨਸਿਕ ਤੌਰ 'ਤੇ ਟੁੱਟ ਚੁੱਕੀ ਹੈ, ਉਸ ਉੱਤੇ ਅਤੇ ਸੂਬੇ ਦੇ ਮੱਧ ਵਰਗ ਪਰਿਵਾਰਾਂ ਉੱਤੇ ਇਹ ਪਹਾੜ ਜਿੱਡਾ ਆਰਥਿਕ ਨਾ ਸਹਿਣਯੋਗ ਬੋਝ ਪੈਣਾ, ਉਸਨੂੰ ਮਾਨਸਿਕ ਤੌਰ 'ਤੇ ਤੋੜ ਰਿਹਾ ਹੈ। ਪਹਿਲਾਂ ਤਾਂ ਕਿਹਾ ਜਾਂਦਾ ਸੀ ਕਿ ਪੰਜਾਬ ਦੇ 90 ਫੀਸਦੀ ਕਿਸਾਨ ਕਰਜ਼ੇ ਦੀ ਮਾਰ ਹੇਠ ਹਨ, ਪਰ ਹੁਣ ਤਾਂ ਇਹ ਗੱਲ ਦੁੱਧ ਚਿੱਟੇ ਦਿਨ ਵਾਂਗ ਸਾਫ਼ ਹੈ ਕਿ ਹਰ ਪੰਜਾਬੀ ਵੱਡੇ ਕਰਜ਼ੇ ਦੀ ਮਾਰ ਹੇਠ ਫਸ ਚੁੱਕਾ ਹੈ, ਇਹ ਆਸ ਲੈ ਕੇ ਕਿ ਉਸਦੇ ਬੱਚਿਆਂ ਦਾ ਭਵਿੱਖ "ਪ੍ਰਵਾਸ ਹੰਢਾਉਣ" ਵਿੱਚ ਹੀ ਹੈ ਅਤੇ "ਜਬਰੀ ਪ੍ਰਵਾਸ" ਹੀ ਉਸ ਨੂੰ ਥੋੜ੍ਹੀ ਬਹੁਤੀ ਖੁਸ਼ੀ ਪ੍ਰਦਾਨ ਕਰ ਸਕਦਾ ਹੈ।

ਪੰਜਾਬ, ਜਿਹੜਾ ਦੇਸ਼ ਦੇ ਸਾਰੇ ਸੂਬਿਆਂ ਨਾਲੋਂ ਵੱਧ ਕੈਂਸਰ ਦੇ ਮਰੀਜ਼ ਆਪਣੀ ਗੋਦੀ ਲਈ ਬੈਠਾ ਹੈ। ਪੰਜਾਬ, ਜਿਹੜਾ ਦੇਸ਼ ਵਿੱਚ ਸਭ ਤੋਂ ਵੱਧ ਧਰਤੀ ਹੇਠਲੇ ਪਾਣੀ ਦੀ ਵਰਤੋਂ ਕਰਕੇ ਆਪ ਰੇਗਿਸਤਾਨ ਬਣਨ ਵੱਲ ਪੁਲਾਂਘਾਂ ਪੁੱਟ ਰਿਹਾ ਹੈ - ਉਹ ਪੰਜਾਬ ਸੱਭਿਆਚਾਰਕ ਅਤੇ ਆਰਥਿਕ ਤੌਰ 'ਤੇ ਵੀ ਬੁਰੀ ਤਰ੍ਹਾਂ ਟੁੱਟ ਰਿਹਾ ਹੈ।

ਲੋੜ ਇਸ ਅਣਚਾਹੇ ਪ੍ਰਵਾਸ ਨੂੰ ਰੋਕਣ ਦੀ ਹੈ, ਉਤਸ਼ਾਹਤ ਕਰਨ ਦੀ ਨਹੀਂ। ਪੰਜਾਬ ਸਰਕਾਰ ਆਇਲਿਟਸ ਸੈਂਟਰ, ਕੋਚਿੰਗ ਸੈਂਟਰ ਖੋਲ੍ਹਣ ਦੀ ਥਾਂ ਕਾਲਜਾਂ/ ਯੂਨੀਵਰਸਿਟੀਆਂ ਵਿੱਚ ਦੇਸ਼ ਪੱਧਰ ਦੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਬੈਠਣ ਲਈ ਕੋਚਿੰਗ ਸੈਂਟਰ ਖੋਲ੍ਹੇ।

ਸਰਕਾਰ ਉਹਨਾਂ ਕਾਲਜਾਂ/ ਯੂਨੀਵਰਸਿਟੀਆਂ ਵਿੱਚ ਵੋਕੇਸ਼ਨਲ ਕੋਰਸ ਚਾਲੂ ਕਰੇ, ਜਿੱਥੇ ਇੰਜਨੀਅਰਿੰਗ ਦੀਆਂ ਮਨਜ਼ੂਰਸ਼ੁਦਾ ਸੀਟਾਂ ਪੂਰੀਆਂ ਨਹੀਂ ਹੁੰਦੀਆਂ ਤੇ ਸੂਬੇ ਦੇ ਕਾਰਖਾਨੇਦਾਰਾਂ ਦੀਆਂ ਲੋੜਾਂ ਪੂਰੀਆਂ ਕਰਨ ਵਾਲੇ ਟੈਕਨੀਸ਼ਨਾਂ ਨੂੰ ਸਿੱਖਿਆ ਦੇਣ ਦਾ ਪ੍ਰਬੰਧ ਕਰੇ, ਜਿਹਨਾਂ ਦੀ ਵੱਡੀ ਘਾਟ ਹੈ। ਸੂਬੇ ਵਲੋਂ ਚਲਾਏ ਜਾ ਰਹੇ ਪੌਲੀਟੈਕਨਿਕਾਂ, ਆਈ ਟੀ ਆਈ ਅਦਾਰਿਆਂ ਵਿੱਚ ਮਲਟੀ ਸਕਿੱਲ ਪ੍ਰੈਕਟੀਕਲ ਕੋਰਸ ਚਾਲੂ ਕਰਕੇ ਇਹਨਾਂ ਨੌਜਵਾਨਾਂ ਨੂੰ ਸਵੈ-ਰੁਜ਼ਗਾਰਤ ਕਰੇ। ਇਸ ਤੋਂ ਵੀ ਵੱਡੀ ਗੱਲ ਇਹ ਕਿ ਮੁਫ਼ਤ ਅੰਨ ਦਾਣਾ ਦੇਣ ਦੀਆਂ ਸਕੀਮਾਂ ਦੀ ਥਾਂ ਹਰ ਘਰ ਵਿੱਚ ਘੱਟੋ-ਘੱਟ ਇੱਕ ਜੀਅ ਨੂੰ ਰੁਜ਼ਗਾਰ ਦੇਣ ਦਾ ਪ੍ਰਬੰਧ ਕਰੇ ਅਤੇ ਉਹ ਸਾਰੀਆਂ ਸਰਕਾਰੀ ਨੌਕਰੀਆਂ ਭਰੇ, ਜਿਹਨਾਂ ਵਿੱਚ ਸਰਕਾਰੀ ਸਕੂਲਾਂ ਦੇ ਅਧਿਆਪਕ, ਦਫਤਰਾਂ ਵਿੱਚ ਕਲਰਕ, ਕੰਪਿਊਟਰ ਓਪਰੇਟਰ, ਵੱਖੋ-ਵੱਖਰੇ ਮਹਿਕਮਿਆਂ ਵਿੱਚ ਟੈਕਨੀਕਲ ਸਟਾਫ ਸ਼ਾਮਲ ਹਨ ਅਤੇ ਜਿਹਨਾਂ ਦੀਆਂ ਮਨਜ਼ੂਰਸ਼ੁਦਾ ਪੋਸਟਾਂ ਸਾਲਾਂ ਤੋਂ ਭਰਨ ਤੋਂ ਪਈਆਂ ਹਨ। ਤਦੇ ਇਸ ਪ੍ਰਵਾਸ ਨੂੰ ਠੱਲ੍ਹ ਪਏਗੀ ਅਤੇ ਮਾਪੇ ਸਰਕਾਰ ਉੱਤੇ ਯਕੀਨ ਕਰਕੇ ਆਪਣੇ ਲਾਡਲਿਆਂ ਨੂੰ ਮਜਬੂਰੀ-ਬੱਸ ਵਿਦੇਸ਼ਾਂ ਦੇ ਔਝੜੇ ਰਾਹਾਂ ਉੱਤੇ ਭੇਜਣ ਲਈ ਮਜਬੂਰ ਨਹੀਂ ਹੋਣਗੇ।

# ਅਰਧ-ਬੇਹੋਸ਼ੀ ਦੀ ਹਾਲਤ ’ਚ ਖੁੱਲ੍ਹੇ ਅਸਮਾਨ ਥੱਲੇ ਰਾਤਾਂ ਕੱਟ ਰਹੇ ਬਜ਼ੁਰਗ ਨੂੰ ਸਰਾਭਾ ਆਸ਼ਰਮ ਨੇ ਸੰਭਾਲਿਆ

22 ਜਨਵਰੀ ਦਾ ਹੀ ਵਾਕਿਆ ਹੈ ਕਿ ਰਜ਼ਨੀਸ਼ ਕੁਮਾਰ ਨਾਮ ਦਾ 80 ਸਾਲਾ ਬਜ਼ੁਰਗ ਲੁਧਿਆਣੇ ਦੇ ਫੁਹਾਰਾ ਚੌਕ ਨਜ਼ਦੀਕ ਸੀਮੈਟਰੀ ਰੋਡ ‘ਤੇ ਪਾਰਕ ਦੇ ਬਾਹਰ ਅਰਧ-ਬੇਹੋਸ਼ੀ ਦੀ ਹਾਲਤ ਵਿਚ ਬਿਮਾਰ ਪਿਆ ਸੀ। ਇਸਦੀ ਦੀ ਹਾਲਤ ਇੰਨੀ ਤਰਸਯੋਗ ਸੀ ਕਿ ਢਿੱਡੋਂ ਭੁੱਖੇ, ਤਨ ‘ਤੇ ਮੈਲ ਨਾਲੇ ਭਰੇ ਹੋਏ ਕੱਪੜੇ, ਉੱਪਰੋਂ ਸਰਦੀ ਤੇ ਬਿਮਾਰੀ ਨਾਲ ਤੜਫ ਰਿਹਾ ਸੀ ਅਤੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕੀਤਾ ਹੋਇਆ ਸੀ । ਉੱਥੋਂ ਲੰਘ ਰਹੀ ਪੂਜਾ ਨਾਮ ਦੀ ਲੜਕੀ ਨੂੰ ਇਸ ਨੂੰ ਦੇਖ ਕੇ ਤਰਸ ਆਇਆ ਅਤੇ ਉਸ ਨੇ ਸਰਾਭਾ ਪਿੰਡ ਦੇ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿਖੇ ਫੋਨ ਕੀਤਾ ।

ਆਸ਼ਰਮ ਦੇ ਫਾਊਂਡਰ ਡਾ. ਨੌਰੰਗ ਸਿੰਘ ਮਾਂਗਟ ਫੋਨ ਸੁਣਕੇ ਤੁਰੰਤ ਹੀ ਮਰੀਜ਼ ਨੂੰ ਲੈਣ ਲਈ ਲੁਧਿਆਣੇ ਪਹੁੰਚ ਗਏ। ਉੱਥੇ ਜਾ ਕੇ ਮਰੀਜ਼ ਨੂੰ ਚੁੱਕ ਕੇ ਆਸ਼ਰਮ ਦੀ ਵੈਨ ਵਿੱਚ ਪਾਇਆ, ਮੌਕੇ ਤੇ ਬਣਦੀ ਮੈਡੀਕਲ ਸਹਾਇਤਾ ਦਿੱਤੀ ਅਤੇ ਫਿਰ ਆਸ਼ਰਮ ਵਿਖੇ ਲੈ ਆਏ। ਆਸ਼ਰਮ ਵਿੱਚ ਪਹੁੰਚਣ ਤੋਂ ਬਾਅਦ ਸੇਵਾਦਾਰਾਂ ਵੱਲੋਂ ਇਸ ਨੂੰ ਇਸ਼ਨਾਨ ਕਰਵਾਇਆ ਗਿਆ, ਪ੍ਰਸ਼ਾਦਾ-ਪਾਣੀ ਛਕਾਇਆ ਗਿਆ । ਜਦੋਂ ਕੁਝ ਹੋਸ਼ ਆਈ ਤਾਂ ਇਸ ਨਾਲ ਗੱਲ-ਬਾਤ ਕੀਤੀ ਗਈ। ਇਸਨੇ ਦੱਸਿਆ ਕਿ ਇਹ ਜੰਮੂ ਦਾ ਰਹਿਣ ਵਾਲਾ ਹੈ, ਦਸ ਸਾਲ ਦੀ ਉਮਰ ਵਿੱਚ ਹੀ ਘਰੋਂ ਨਿਕਲ ਆਇਆ ਸੀ। ਮਾਤਾ-ਪਿਤਾ ਦੀ ਮੌਤ ਹੋ ਗਈ, ਭੈਣ ਭਰਾ ਦਾ ਕੁੱਝ ਪਤਾ ਨਹੀ। ਬਚਪਨ ਅੰਮ੍ਰਿਤਸਰ ਦੀਆਂ ਸੜਕਾਂ ਤੇ ਰੋਟੀ-ਪਾਣੀ ਮੰਗ ਕੇ ਬੀਤਿਆ। ਫਿਰ ਘੁੰਮਦਾ-ਘੁੰਮਾਉਦਾਂ ਕਾਨ੍ਹਪੁਰ ਨਿਕਲ ਗਿਆ, ਉੱਥੇ 24 ਸਾਲ ਟਰੱਕ ਚਲਾ ਕੇ ਗੁਜਾਰਾ ਕਰਦਾ ਰਿਹਾ। ਇੱਕ ਦਿਨ ਅਚਾਨਕ



ਅੱਖ ਵਿੱਚ ਸੱਟ ਲੱਗ ਗਈ ਤੇ ਇਲਾਜ ਲਈ ਲੁਧਿਆਣੇ ਆ ਗਿਆ, ਇਲਾਜ ਕਰਵਾਇਆ ਅਤੇ ਇੱਥੇ ਹੀ ਰਹਿ ਕੇ ਟੈਗੋਰ ਨਗਰ ਵਿੱਚ ਰਿਕਸ਼ਾ ਚਲਾਇਆ, ਵੇਟਰ ਦਾ ਕੰਮ ਵੀ ਕੀਤਾ। ਪਰ ਜਿੰਦਗੀ ਵਿੱਚ ਕਾਮਯਾਬ ਨਹੀ ਹੋ ਸਕਿਆ ਬਸ ਸੜਕਾਂ ਤੇ ਰੁਲ਼ਣ ਜੋਗਾ ਹੀ ਰਹਿ ਗਿਆ।

ਹੁਣ ਤਕਰੀਬਨ 7-8 ਮਹੀਨੀਆਂ ਤੋਂ ਬਿਮਾਰੀ ਨੇ ਘੇਰ ਲਿਆ ਅਤੇ ਕੰਮ ਕਰਨ ਦੀ ਹਿੰਮਤ ਨਾ ਰਹੀ, ਮੰਗ ਕੇ ਖਾਣ ਲਈ ਮਜਬੂਰ ਹੋ ਗਿਆ । ਮੈਂ ਕਦੇ ਡੰਡੀ ਸੁਵਾਮੀ ਮੰਦਿਰ ਦੇ ਬਾਹਰ ਤੇ ਕਦੇ ਪਾਰਕਾਂ ਦੇ ਬਾਹਰ ਸੌਂ ਕੇ ਗੁਜਾਰਾ ਕਰਦਾ ਸੀ। ਹੁਣ ਇਹ ਆਉਣ ਵਾਲੀ ਜਿੰਦਗੀ ਸਰਾਭਾ ਆਸ਼ਰਮ ਵਿੱਚ ਬਤੀਤ ਕਰੇਗਾ। ਇੱਥੇ ਇਸਨੂੰ ਮੈਡੀਕਲ ਸਹਾਇਤਾ, ਮੰਜਾ-ਬਿਸਤਰਾ ਅਤੇ ਜਰੂਰਤ ਦਾ ਸਾਰਾ ਸਮਾਨ ਮੁਹੱਈਆ ਕਰਵਾਇਆ ਜਾਵੇਗਾ ਤਾਂ ਜੋ ਆਉਣ ਵਾਲੀ ਜਿੰਦਗੀ ਵਧੀਆ ਬਤੀਤ ਕਰ ਸਕੇ।

ਇਸ ਸੰਸਥਾ ਦੇ ਬਾਨੀ ਪੀ.ਏ.ਯੂ. ਦੇ ਰਿਟ. ਪ੍ਰੋਫ਼ੈਸਰ ਡਾ. ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿੱਚ ਦੋ ਸੌ (200) ਦੇ ਕਰੀਬ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆ ਨਾਲ ਪੀੜਤ ਲਾਵਾਰਸ-ਬੇਘਰ ਮਰੀਜ਼ ਰਹਿੰਦੇ ਹਨ ਜਿਨ੍ਹਾਂ ਵਿੱਚ ਬਹੁਤ ਸਾਰੇ ਮਰੀਜ਼ ਪੂਰੀ ਤਰਾਂ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵਲੋਂ ਕੀਤੀ ਜਾ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲ ਰਹੀ ਹੈ। ਆਸ਼ਰਮ ਬਾਰੇ ਹੋਰ ਜਾਣਕਾਰੀ ਲਈ ਸੰਪਰਕ: ਮੋਬਾਇਲ 95018-42506; 95018-42505.

# ਭਗਤਾ ਭਾਈ ਕਾ ਦੇ ਸੁਮੀਤ ਅਹੂਜਾ ਦੀ ਮ੍ਰਿਤਕ ਦੇਹ 30 ਜਨਵਰੀ ਨੂੰ ਅੰਮ੍ਰਿਤਸਰ ਹਵਾਈ ਅੱਡੇ ‘ਤੇ ਪਹੁੰਚਗੀ

- 31 ਜਨਵਰੀ ਨੂੰ ਹੋਵੇਗਾ ਅੰਤਿਮ ਸੰਸਕਾਰ

ਵੈਨਕੂਵਰ (ਬਰਾੜ-ਭਗਤਾ ਭਾਈ ਕਾ) ਕੁਝ ਦਿਨ ਪਹਿਲਾਂ ਕੈਨੇਡਾ ਦੇ ਪੰਜਾਬੀਆਂ ਦੀ ਸੰਘਣੀ ਵੱਸੋਂ ਵਾਲੇ ਸ਼ਹਿਰ ਸਰੀ ਵਿਖੇ ਭਗਤਾ ਭਾਈ ਕਾ ਦੇ 26 ਸਾਲਾ ਨੌਜਵਾਨ ਸੁਮੀਤ ਅਹੂਜਾ ਦੀ ਦਿਲ ਦੇ ਦੌਰਾ ਪੈਣ ਨਾਲ ਹੋਈ ਮੌਤ ਨਾਲ ਇੱਕ ਵਾਰ ਫਿਰ ਕੈਨੇਡਾ ਦੀ ਧਰਤੀ ‘ਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੇ ਦਿਲਾਂ ‘ਤੇ ਦੁੱਖਾਂ ਦਾ ਪਹਾੜ ਟੁੱਟ ਗਿਆ। ਸੁਮੀਤ, ਜੋ ਕਿ ਤਕਰੀਬਨ ਦੋ ਸਾਲ ਪਹਿਲਾਂ ਆਪਣੀ ਪਤਨੀ ਕੋਲ ਕੈਨੇਡਾ ਆਇਆ ਸੀ ਅਤੇ ਦੋਵੇਂ ਪਤੀ ਪਤਨੀ ਆਪਣੀ ਵਧੀਆ ਖ਼ੁਸ਼ਹਾਲ ਜ਼ਿੰਦਗੀ ਬਤੀਤ ਕਰ ਰਹੇ ਸਨ। ਆਪਣੇ ਪੱਕੇ ਕੰਮ ਤੋਂ ਬਾਅਦ ਉਹ ਡਿਲਿਵਰੀਆਂ ਦਾ ਕੰਮ ਕਰਕੇ ਮਿਹਨਤ ਕਰਦਾ ਸੀ। ਉਸ ਨੂੰ ਡਿਲਿਵਰੀ ਕਰਨ



ਗਏ ਨੂੰ ਕਿਸੇ ਦੂਜੇ ਦੇ ਘਰ ਪਹੁੰਚਦਿਆਂ ਹੀ ਦਿਲ ਵਿੱਚ ਪੀੜ ਮਹਿਸੂਸ ਹੋਈ ਅਤੇ ਉਹ ਉਸੇ ਘਰ ਰੁਕ ਗਿਆ ਤਾਂ ਤਕਲੀਫ ਵਧ ਜਾਣ ਕਾਰਨ ਬੇਹੋਸ਼ ਹੋ ਗਿਆ। ਐਂਬੂਲੈਂਸ ਰਾਹੀਂ ਹਸਪਤਾਲ ਪਹੁੰਚਦਾ ਕੀਤਾ ਗਿਆ ਜਿੱਥੇ ਡਾਕਟਰਾਂ ਦੀ ਟੀਮ ਨੇ ਉਸ ਨੂੰ ਚੈੱਕਅੱਪ ਕਰਨ ਪਿੱਛੋਂ ਮ੍ਰਿਤਕ ਐਲਾਨ ਦਿੱਤਾ। ਮੌਤ ਦੇ ਕਾਰਨ ਦਾ ਪਤਾ ਲਾਉਣ ਲਈ ਬਰੀਕੀ ਨਾਲ ਜਾਂਚ ਕੀਤੀ ਗਈ ਤਾਂ ਪਤਾ ਲੱਗਾ ਕਿ ਸੁਮੀਤ ਦੇ ਦਿਲ ਦੀ ਧੜਕਣ ਬੰਦ ਹੋਣ ਕਾਰਨ ਹੀ ਮੌਤ ਹੋਈ ਹੈ ਹੋਰ ਕੋਈ ਕਾਰਨ ਨਹੀਂ ਸੀ। ਸਿਰਫ਼ ਦਿਲ ਦੀ ਧੜਕਣ ਬੰਦ ਦੇ ਹੀ ਲੱਛਣ ਪਾਏ ਗਏ ਹਨ।

ਸਵਰਗੀ ਸੁਮੀਤ ਦੇ ਪੰਜ ਭੌਤਿਕ ਮ੍ਰਿਤਕ ਸਰੀਰ ਨੂੰ ਪੰਜਾਬ ਉਸ ਦੇ ਘਰ ਜ਼ਿਲ੍ਹਾ ਬਠਿੰਡਾ ਦੇ ਇਤਿਹਾਸਿਕ ਪਿੰਡ ਭਗਤਾ ਭਾਈ ਕਾ ਵਿਖੇ ਪਹੁੰਚਾਉਣ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ ਅਤੇ ਉਸਦੀ ਮ੍ਰਿਤਕ ਦੇਹ 28 ਜਨਵਰੀ ਦਿਨ ਮੰਗਲਵਾਰ ਨੂੰ ਵੈਨਕੂਵਰ ਤੋਂ ਸਵੇਰੇ 11 ਵਜੇ ਚੱਲ ਕੇ ਦਿੱਲੀ ਰਾਹੀਂ 30 ਜਨਵਰੀ ਦਿਨ ਵੀਰਵਾਰ ਨੂੰ ਰਾਤ ਦੇ ਸਾਢੇ 10 ਵਜੇ ਅੰਮ੍ਰਿਤਸਰ ਹਵਾਈ ਅੱਡੇ ‘ਤੇ ਪਹੁੰਚੇਗੀ। 31 ਜਨਵਰੀ ਦਿਨ ਸ਼ੁੱਕਰਵਾਰ ਨੂੰ ਭਗਤਾ ਭਾਈ ਕਾ ਵਿਖੇ ਅੰਤਿਮ ਸੰਸਕਾਰ ਦੀਆਂ ਰਸਮਾਂ ਪੂਰੀਆਂ ਕੀਤੀਆਂ ਜਾਣਗੀਆਂ

# ਸਾਊਦੀ ਅਰਬ 'ਚ ਵਾਪਰਿਆ ਭਿਆਨਕ ਸੜਕ ਹਾਦਸਾ, 9 ਭਾਰਤੀਆਂ ਦੀ ਮੌਤ

ਦੁਬਈ : ਸਾਊਦੀ ਅਰਬ ਦੇ ਪੱਛਮੀ ਖੇਤਰ ਵਿੱਚ ਜੀਜਾਨ ਦੇ ਕੋਲ ਬੁੱਧਵਾਰ ਇੱਕ ਵੱਡਾ ਸੜਕ ਹਾਦਸਾ ਹੋਇਆ। ਇਸ ਹਾਦਸੇ ਵਿੱਚ ਨੌਂ ਭਾਰਤੀਆਂ ਦੀ ਮੌਤ ਹੋ ਗਈ ਹੈ। ਇਸ ਸੜਕ ਹਾਦਸੇ 'ਤੇ ਜੇਧਾ ਵਿੱਚ ੀਨਦਓਿਨ ਛੋਨਸੁਲਓਟਏ ਨੇ ਸ਼ੋਕ ਪ੍ਰਗਟ ਕਰਦੇ ਹੋਏ ਕਿਹਾ ਕਿ ਉਨ੍ਹਾਂ ਪ੍ਰਭਾਵਿਤ ਪਰਿਵਾਰਾਂ ਨੂੰ ਪੂਰੀ ਮਦਦ ਦੇਣ ਦਾ ਅਸ਼ਵਾਸਨ ਦਿੱਤਾ ਹੈ। ਦੂਤਾਵਾਸ ਵੱਲੋਂ ਕਿਹਾ ਗਿਆ ਕਿ ਉਹ ਸਥਾਨਕ ਅਧਿਕਾਰੀਆਂ ਅਤੇ ਪੀੜਤਾਂ ਦੇ ਰਿਸ਼ਤੇਦਾਰਾਂ ਦੋਹਾਂ ਨਾਲ ਸੰਪਰਕ ਵਿੱਚ ਹਨ।

ਭਾਰਤੀ ਦੂਤਾਵਾਸ ਨੇ ਪੀੜਤਾਂ ਦੇ ਪਰਿਵਾਰਾਂ ਦੇ ਪ੍ਰਤੀ ਸੰਵੇਦਨਾ ਪ੍ਰਗਟ ਕੀਤੀ। ਦੂਤਾਵਾਸ ਦਾ ਕਹਿਣਾ ਹੈ, "ਜੇੱਢਾ ਵਿੱਚ ਭਾਰਤ ਦਾ ਵਾਣਜਿਕ ਦੂਤਾਵਾਸ ਪੂਰੀ ਮਦਦ ਪ੍ਰਦਾਨ ਕਰ ਰਿਹਾ ਹੈ ਅਤੇ ਸਥਾਨਕ ਅਧਿਕਾਰੀਆਂ ਨਾਲ ਪੂਰੇ ਸੰਪਰਕ ਵਿੱਚ ਹੈ। ਅਸੀਂ ਜ਼ਖਮੀਆਂ ਲੋਕਾਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕਰਦੇ ਹਾਂ। ਅੱਗੇ ਦੀ ਪੁੱਛਤਾਛ ਲਈ ਇੱਕ ਡੇਡੀਕੇਟਿਡ ਹੈਲਪਲਾਈਨ ਸਥਾਪਤ ਕੀਤੀ ਗਈ ਹੈ।" ਜੇੱਢਾ ਹਾਦਸੇ ਨੂੰ ਲੈ ਕੇ ਵਿਦੇਸ਼ ਮੰਤਰੀਆਂ ਐੱਸ ਜੇਸ਼ੰਕਰ ਦਾ ਬਿਆਨ


ਸਾਊਦੀ ਅਰਬ ਦੇ ਜੀਜਾਨ ਦੇ ਕੋਲ ਹੋਏ ਸੜਕ ਹਾਦਸੇ ਨੂੰ ਲੈ ਕੇ ਵਿਦੇਸ਼ ਮੰਤਰੀ ਐੱਸ



ਜੇਸ਼ੰਕਰ ਨੇ ਵੀ ਦੁੱਖ ਪ੍ਰਗਟ ਕੀਤਾ। ਵਿਦੇਸ਼ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਜੇੱਢਾ ਵਿੱਚ ਭਾਰਤੀ ਵਾਣਜਿਕ ਦੂਤਾਵਾਸ ਨਾਲ ਗੱਲ ਕੀਤੀ ਹੈ ਅਤੇ ਉਥੇ ਦੇ ਅਧਿਕਾਰੀਆਂ ਨੇ ਪੀੜਤਾਂ ਦੇ ਪਰਿਵਾਰਾਂ ਨਾਲ ਲਗਾਤਾਰ ਸੰਪਰਕ ਵਿੱਚ ਰਹਿਣ ਦਾ ਐਲਾਨ ਕੀਤਾ ਹੈ।

ਮਾਈਕ੍ਰੋਬਲੌਗਿੰਗ ਸਾਈਟ ਐਕਸ 'ਤੇ ਵਿਦੇਸ਼ ਮੰਤਰੀ ਐੱਸ ਜੇਸ਼ੰਕਰ ਨੇ ਲਿਖਿਆ, "ਇਸ ਦੁਰਘਟਨਾ ਅਤੇ ਜਾਨਮਾਲ ਦੇ ਨੁਕਸਾਨ ਬਾਰੇ ਜਾਣ ਕੇ ਦੁੱਖ ਹੋਇਆ। ਜੇੱਢਾ ਵਿੱਚ ਸਾਡੇ ਮਹਾਵਾਣਜਿਕ ਦੂਤ ਨਾਲ ਗੱਲ ਕੀਤੀ, ਜੋ ਪਰਿਵਾਰਾਂ ਦੇ ਸੰਪਰਕ ਵਿੱਚ ਹਨ। ਉਹ ਇਸ ਦੁਖਦਾਈ ਹਾਲਤ ਵਿੱਚ ਆਪਣੀ ਪੂਰੀ ਮਦਦ ਦੇ ਰਹੇ ਹਨ।"

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012



ਦਲਜੀਤ ਸਿੰਘ ਰਾਏ

ਲੇਡੀਜ਼ ਸੰਗੀਤ, ਜਾਗੋ, ਮਾਈਆਂ, ਵਿਆਹ, ਜਨਮਦਿਨ ਜਾਂ ਹੋਰ ਕਿਸੇ ਵੀ ਖੁਸ਼ੀ ਮੌਕੇ ‘ਤੇ ਪਰਿਵਾਰਕ ਸੱਭਿਆਚਾਰਕ ਪ੍ਰੋਗਰਾਮਾਂ ਲਈ ਸੰਪਰਕ ਕਰੋ
ਚਰਨਜੀਤ ਕੌਰ (ਪੰਜਾਬੀ ਫੋਕ ਸਿੰਗਰ)
306-861-5876
306-891-5441
Email : devicharno35@gmail.com
Follow charanjeet_861





# ਵੱਡਾ ਘੱਲੂਘਾਰਾ

## ਸਿੱਖ ਕੌਮ ਦੇ ਸੀਨੇ 'ਤੇ ਇੱਕ ਵੱਡਾ ਜ਼ਖ਼ਮ

ਲਿਖਤ : ਗੁਰਭਿੰਦਰ ਸਿੰਘ ਗੁਰੀ
ਸੰਪਰਕ : 99157-27311

ਅਹਿਮਦ ਸ਼ਾਹ ਅਬਦਾਲੀ ਇੱਕ ਗਰੀਬ ਪਠਾਣ ਸੀ,ਜੋ ਕਿ ਆਪਣੀ ਤਾਕਤ ਨੂੰ ਵਧਾਉਂਦੇ-ਵਧਾਉਂਦੇ ਬਲਖ,ਸਿੰਧ ਅਤੇ ਕੰਧਾਰ'ਤੇ ਜਿੱਤ ਪ੍ਰਾਪਤ ਕਰਨ ਮਗਰੋਂ ਪੰਜਾਬ ਤੇ ਕਸ਼ਮੀਰ ਨੂੰ ਵੀ ਆਪਣੇ ਅਧੀਨ ਕਰਨਾ ਚਾਹੁੰਦਾ ਸੀ।ਉਸ ਨੇ ਭਾਰਤ 'ਤੇ ਅੱਠ ਹਮਲੇ ਕੀਤੇ ਜਿਨ੍ਹਾਂ ਵਿੱਚੋਂ ਛੇਵਾਂ ਹਮਲਾ ਉਸ ਨੇ ਫਰਵਰੀ 5- 1762 ਨੂੰ ਸਿੱਖਾਂ ਦਾ ਸਰਵਨਾਸ਼ ਕਰਨ ਲਈ ਕੀਤਾ।ਇਸ ਹਮਲੇ ਵਿੱਚ ਉਸ ਦੀਆਂ ਤੁਰਕੀ ਫੌਜਾਂ ਅਤੇ ਸਰਹਿੰਦ ਤੇ ਮਾਲੇਰਕੋਟਲਾ ਦੀਆਂ ਮੁਗ਼ਲ ਫੌਜਾਂ ਹੱਥੋਂ ਇੱਕ ਹੀ ਦਿਨ ਵਿੱਚ 35,000-40,000 ਸਿੱਖਾਂ ਨੇ ਸ਼ਹੀਦੀ ਪਾਈ।ਇਹ ਤਿੰਨੇ ਫੌਜਾਂ ਸਿੱਖਾਂ 'ਤੇ ਇੱਕੋ ਹੀ ਸਮੇਂ ਅਲੱਗ-ਅਲੱਗ ਥਾਵਾਂ ,ਤੇ ਹਮਲੇ ਕਰਦੀਆਂ ਰਹੀਆਂ।ਅਬਦਾਲੀ ਨੇ ਇਸ ਹਮਲੇ ਦੌਰਾਨ ਸਿੱਖਾਂ ਦਾ ਸਰਵਨਾਸ਼ ਕਰਨ ਲਈ ਸਿੱਖਾਂ ਦੇ ਖਿਲਾਫ਼ ਜੋ ਇਕ ਵੱਡੀ ਪੱਧਰ 'ਤੇ ਤਬਾਹੀ ਮਚਾਈ ਉਸ ਨੂੰ 'ਵੱਡਾ ਘੱਲੂਘਾਰਾ' ਕਿਹਾ ਜਾਂਦਾ ਹੈ।

ਇਸ ਛੇਵੇਂ ਹਮਲੇ ਦਾ ਪਿਛੋਕੜ ਇਹ ਹੈ ਕਿ 14 ਜਨਵਰੀ,1761 ਨੂੰ ਪਾਣੀਪਤ ਦੀ ਇਤਿਹਾਸ ਪ੍ਰਸਿੱਧ ਤੀਜੀ ਲੜਾਈ ਵਿੱਚ ਅਬਦਾਲੀ ਦੀ ਸੈਨਾ ਨੇ ਮਰਾਠਿਆਂ ਦੀ ਲਗਭਗ ਤਿੰਨ ਲੱਖ ਦੀ ਸੈਨਾ ਨੂੰ ਬੁਰੀ ਤਰ੍ਹਾਂ ਹਰਾ ਕੇ ਜਿੱਤ ਪਰਾਪਤ ਕੀਤੀ ਸੀ। ਜਿੱਤ ਤੋਂ ਬਾਅਦ ਜਦੋਂ ਅਬਦਾਲੀ ਤਕਰਬੀਨ 2,200 ਮਰਾਠੀ ਹਿੰਦੂ ਕੁਆਰੀਆ ਲੜਕੀਆਂ ਨੂੰ ਲੈ ਕੇ ਅਫ਼ਗਾਨਿਸਤਾਨ ਜਾ ਰਿਹਾ ਸੀ ਤਾਂ ਸਤਲੁਜ ਨਦੀ ਪਾਰ ਕਰਨ ਸਮੇਂ ਸਿੱਖਾਂ ਨੇ ਹਮਲਾ ਕਰ ਕੇ ਉਨ੍ਹਾਂ ਦੇ ਮਾਪਿਆਂ ਕੋਲ ਪੁਹੰਚਾ ਦਿਤਾ ਸੀ। ਪਰ ਸਿੱਖਾਂ ਦੀ ਇਸ ਬਹਾਦਰੀ ਦੇ ਕਾਰਨਾਮੇ ਦਾ ਸਿੱਟਾ ਇਹ ਨਿਕਲਿਆ ਕਿ ਅਬਦਾਲੀ ਜੋ ਹੁਣ ਤੱਕ ਸਿੱਖਾਂ ਨੂੰ ਡਾਕੂ ਹੀ ਸਮਝਦਾ ਸੀ ਜੋ ਕਿ ਉਸ ਦੇ ਵਾਪਰੀ ਦੇ ਰਸਤੇ ਸਮੇਂ ਲੁੱਟ-ਖਸੱਟ ਕਰ ਕੇ ਉਸ ਵੱਲੋਂ ਲਟਿਆ ਹੋਇਆ ਧਨ-ਦੋਲਤ ਖੋਂਹਦੇ ਸਨ, ਨੂੰ ਹੁਣ ਇਹ ਗੱਲ ਸਪਸ਼ਟ ਹੋ ਗਈ ਸੀ ਕਿ ਸਿੱਖ ਡਾਕੂ ਨਹੀਂ ਸਨ ਸਗੋਂ ਇੱਕ ਸ਼ਕਤੀਸ਼ਾਲੀ ਕੋਮ ਸਨ, ਜੋ ਕਿ ਪੰਜਾਬ ਦੀ ਧਰਤੀ ਦੇ ਮਾਲਕ ਸਨ ।ਉਸ ਦੇ ਦਿਮਾਗ ਵਿੱਚ ਇਹ ਗਲ ਆਈ ਕਿ ਜਦੋਂ ਤੱਕ ਉਹ ਉਨ੍ਹਾਂ ਨੂੰ ਖ਼ਤਮ ਨਹੀਂ ਕਰੇਗਾ ਉਹ ਪੰਜਾਬ ਅਤੇ ਭਾਰਤ ਵਿੱਚ ਪਠਾਨੀ ਰਾਜ ਸੱਤਾ ਕਾਇਮ ਨਹੀਂ ਕਰ ਸਕੇਗਾ ।

ਅਬਦਾਲੀ ਸਿੰਘਾਂ ਦੇ ਖਿਲਾਫ਼ ਗੁੱਸੇ ਨਾਲ ਭਰਿਆ ਹੋਇਆ ਫਰਵਰੀ,1762 ਦੇ ਸ਼ੁਰੂ ਵਿੱਚ ਹੀ ਲਾਹੌਰ ਪਹੁੰਚ ਗਿਆ।ਦਲ ਖਾਲਸਾ ਨੂੰ ਪਤਾ ਸੀ ਕਿ ਇਸ ਵਾਰ ਅਬਦਾਲੀ ਉਨ੍ਹਾਂ ਨਾਲ ਦੋ-ਹੱਥ ਕਰਨ ਲਈ ਹੀ ਆਇਆ ਹੈ ਤੇ ਸਿੱਖ ਹੀ ਉਸ ਦਾ ਮੁੱਖ ਨਿਸ਼ਾਨਾ ਹਨ।ਇਸ ਲਈ ਉਨ੍ਹਾਂ ਨੇ ਫੈਸਲਾ ਕੀਤਾ ਕਿ ਉਹ ਆਪਣੇ ਸਾਰੇ ਪਰਵਾਰਾਂ ਨੂੰ ਹਮਲਾਵਾਰ ਦੀ ਪਹੁੰਚ ਤੋਂ ਕਿਤੇ ਦੂਰ ਕਿਸੇ ਦੱਖਣ-ਪੱਛਮੀ ਇਲਾਕੇ ਵਿੱਚ ਰਾਏਪੁਰ ਅਤੇ ਗੁੱਜਰਵਾਲ ਪਿੰਡਾਂ ਦੇ ਨੇੜੇ ਤੇੜੇ ਪਹੁੰਚਾ ਦੇਣ ਜੋ ਕਿ ਹੁਣ ਲੁਧਿਆਣਾ ਜ਼ਿਲ੍ਹਾ ਵਿੱਚ ਪੈਂਦੇ ਹਨ।ਪਿੰਡ ਗੁੱਜਰਵਾਲ ਲੁਧਿਆਣੇ ਤੋਂ 30 ਕਿਲੋਮੀਟਰ ਦੱਖਣ-ਪੱਛਮ ਵੱਲ ਹੈ ਅਤੇ ਡੇਹਲੋਂ ਦੇ ਅਸਥਾਨ ਤੋਂ ਲੁਧਿਆਣਾ-ਮਾਲੇਰਕੋਟਲਾ-ਸੰਗਰੂਰ ਮੁੱਖ ਸੜਕ ਨਾਲ ਜੁੜਿਆ ਹੋਇਆ ਹੈ।ਉਪਰੋਕਤ ਫੈਸਲੇ ਅਨੁਸਾਰ ਦਲ ਖਾਲਸਾ ਆਪਣੇ ਸਾਰੇ ਪਰਵਾਰਾਂ ਨੂੰ ਅਤੇ ਹੋਰ ਲੋੜੀਂਦਾ ਸਾਮਾਨ ਲੈ ਕੇ ਮਾਝੇ ਅਤੇ ਦੁਆਬੇ ਵਿੱਚੋਂ ਨਿਕਲ ਕੇ ਲੁਧਿਆਣੇ ਦੇ ਇਲਾਕੇ ਵਿੱਚ ਆ ਗਿਆ ਸੀ।ਇੱਥੇ ਲੁਧਿਆਣੇ ਜ਼ਿਲ੍ਹੇ ਦੇ ਦੋ ਪਿੰਡਾਂ ਗੁਰਮ ਅਤੇ ਡੇਹਲੋਂ ਜੋ ਕਿ ਇੱਕ ਦੂਜੇ ਦੇ ਨੇੜੇ-ਨੇੜੇ ਹਨ,ਦੀ ਜੂਹ ਵਿੱਚ ਖਾਲਸੇ ਦੇ ਪਰਿਵਾਰਾਂ ਨੇ ਡੇਰਾ ਲਾ ਲਿਆ ਸੀ।ਪਿੰਡ ਡੇਹਲੋਂ ਲੁਧਿਆਣੇ ਤੋਂ 19 ਕਿਲੋਮੀਟਰ ਦੱਖਣ ਵੱਲ ਲੁਧਿਆਣਾ-ਮਾਲੇਰਕੋਟਲਾ ਸੜਕ 'ਤੇ ਸਥਿਤ ਹੈ।ਇਸ ਇਲਾਕੇ ਦੀ ਅਬਾਦੀ ਸਿੱਖ ਸੀ ਅਤੇ ਸਾਰਾ ਇਲਾਕਾ ਰੇਤਲੇ ਟਿੱਬਿਆਂ ਵਾਲਾ ਅਤੇ ਸੰਘਣੇ ਜੰਗਲਾਂ ਵਾਲਾ ਸੀ।ਗੁਰਮ ਪਿੰਡ ਦੀ ਜੂਹ ਵਿੱਚ ਇੱਕ ਬਹੁਤ ਤਕੜਾ ਜੰਗਲ ਵੀ ਸੀ।ਸਿੱਖ ਪਰਵਾਰ ਇਸੇ ਪਿੰਡ ਵਿੱਚ ਹੀ ਡੇਰਾ ਲਾ ਕੇ ਬੈਠ ਗਏ ਸਨ।

ਅਬਦਾਲੀ ਲਾਹੌਰ ਪਹੁੰਚ ਗਿਆ ਸੀ ਤੇ ਦਲ ਖਾਲਸਾ ਨੇ ਪਹਿਲੇ ਘੱਲੂਘਾਰੇ (1746) ਵਿੱਚ ਵਰਤੀ ਗਈ ਢਾਈ ਫੱਟ ਵਾਲੀ ਨੀਤੀ ਤਹਿਤ ਹੀ ਦੁਸ਼ਮਣ ਨਾਲ ਨਜਿੱਠਣ ਦਾ ਫੈਸਲਾ ਕਰ ਲਿਆ ਸੀ।ਇਸ ਦਾ ਪਹਿਲਾ ਫੱਟ ਜਾਂ ਪੈਂਤੜਾ ਹੁੰਦਾ ਹੈ ਕਿ ਦੁਸ਼ਮਣ ਉੱਪਰ ਉਸ ਸਮੇਂ ਇੱਕਦਮ ਹਮਲਾ ਕਰਨਾ ਜਦੋਂ ਦੁਸ਼ਮਣ ਉਸ ਦੀ ਪੂਰੀ ਮਾਰ ਹੇਠਾ ਆ ਗਿਆ ਹੋਵੇ ।ਇੱਕਦਮ ਹਮਲਾ ਕਰਨਾ ਪਹਿਲਾ ਪੈਂਤੜਾ ਤੇ ਫਿਰ ਇੱਕਦਮ ਦੋੜ੍ਹ ਜਾਣਾ ਦੂਸਰਾ ਪੈਂਤੜਾ ਹੁੰਦਾ ਹੈ। ਬਾਕੀ ਦਾ ਅੱਧਾ ਫੱਟ ਸੀ ਕਿ ਜੇਕਰ ਸਿੰਘ ਤੋਂ ਭੱਜਿਆ ਨਾ ਜਾ ਸਕਦਾ ਹੋਵੇ ਅਤੇ ਅਚਾਨਕ ਘੇਰੇ ਵਿੱਚ ਘਿਰ ਗਿਆ ਹੋਵੇ ਤਾਂ ਉਸ ਨੇ ਜਿਉਂਦਿਆਂ ਦੁਸ਼ਮਣ ਦੇ ਹੱਥ ਨਹੀਂ ਆਉਣਾ ਬਲਕਿ ਲੜਦੇ ਲੜਦੇ ਸ਼ਹੀਦ ਹੋਣਾ ਹੈ।

4 ਫਰਵਰੀ, 1762 ਨੂੰ ਸਰਹਿੰਦ ਦੇ ਫੌਜਦਾਰ ਜੈਨ ਖਾਨ ਨੂੰ ਖਬਰ ਦਿੱਤੀ ਗਈ ਕਿ ਅਬਦਾਲੀ ਸਤਲੁਜ਼ ਦਰਿਆ ਪਾਰ ਕਰ ਚੁੱਕਾ ਹੈ ਤੇ ਉਹ ਅਗਲੇ ਦਿਨ ਸਵੇਰ ਸਾਰ ਸਿੱਖਾਂ ਉੱਤੇ ਹਮਲਾ ਕਰ ਦੇਵੇਗਾ ਤੇ ਉਸ ਨੂੰ ਵੀ ਅਗਲੇ ਦਿਨ ਸਵੇਰ ਸਾਰ ਹੀ ਸਿੱਖਾਂ ਉੱਤੇ ਹਮਲਾ ਕਰਨਾ ਚਾਹੀਦਾ ਹੈ । ਤਕਰਬੀਨ ਡੇਢ ਲੱਖ ਪੈਦਲ ਤੇ ਘੋੜ ਸਵਾਰ ਸਿੱਖ ਸਰਹਿੰਦ ਦੀ ਰੋਹੀ ਵੱਲ ਆ ਗਏ ਸਨ ਜਿਨ੍ਹਾਂ ਵਿੱਚ 50-60 ਹਜ਼ਾਰ ਸੈਨਿਕ ਸ਼ਾਮਲ ਸਨ।ਇਸੇ ਦੌਰਾਨ ਸਰਹਿੰਦ ਦੇ ਫੌਜਦਾਰ ਜੈਨ ਖਾਨ ਨੇ 10-15 ਹਜ਼ਾਰ ਪੈਦਲ ਅਤੇ ਘੋੜ ਸਵਾਰ ਸੈਨਿਕਾਂ ਨਾਲ ਮਲੇਰਕੋਟਲੇ ਵਿਖੇ ਡੇਰਾ ਲਾ ਲਿਆ ਸੀ।ਸਿੱਖ ਵੀ ਇੱਥੋਂ ਤਕਰੀਬਨ 28 ਕਿਲੋਮੀਟਰ ਦੀ ਦੂਰੀ ਤੇ ਪਹੁੰਚ ਚੁੱਕੇ ਸਨ।

ਇਸ ਸਮੇਂ ਦਲ ਖਾਲਸਾ ਦੀਆਂ ਅਤੇ ਅਬਦਾਲੀ ਦੀਆਂ ਫੌਜਾਂ ਦਾ 15-20 ਕਿਲੋਮੀਟਰ ਦਾ ਫਾਸਲਾ ਹੀ ਸੀ।ਜਿਉਂ ਹੀ ਅਬਦਾਲੀ ਸਤਲੁਜ ਵਾਲੇ ਪੱਤਣ ਤੋਂ ਮਾਲਵੇ ਵੱਲ ਰਵਾਨਾ ਹੋਇਆ ਤਾਂ ਦਲ ਖਾਲਸੇ ਨੇ ਉਸ ਉੱਪਰ ਹਮਲਾ ਕਰ ਦਿੱਤਾ।ਦੋਹਾਂ ਫੌਜਾਂ ਦੀ ਆਪਸ ਵਿੱਚ ਗਹਿਗੱਚ ਲੜਾਈ ਹੋਈ।ਜਦੋਂ ਜੈਨ ਖਾਨ ਨੇ ਅਗਲੇ ਦਿਨ ਸਵਖਤੇ ਹੀ ਸਿੱਖਾਂ ਵੱਲ ਚੜ੍ਹਾਈ ਕਰਨ ਦੀ ਕੀਤੀ ਤਾਂ ਇਸ ਦਾ ਸਿੱਖਾਂ ਨੂੰ ਵੀ ਪਤਾ ਲੱਗ ਗਿਆ ਸੀ।ਇਸੇ ਕਰਕੇ ਉਹ ਵੀ ਅੱਗੇ (ਸਤਲੁਜ ਵੱਲ) ਨੂੰ ਰਵਾਨਾ ਹੋ ਗਏ ਸਨ।ਜੈਨ ਖਾਨ ਨੇ ਕਾਸਿਮ ਖਾਨ ਨੂੰ ਸਿੱਖਾਂ ਦਾ ਪਿੱਛਾ ਕਰਨ ਲਈ ਭੇਜਿਆ। :"ਸਿੱਖਾਂ ਦੇ ਸਾਹਮਣੇ ਗਏ ਤਾਂ ਉਹ ਦੌੜ ਗਏ ਸਨ। ਉਹਨਾਂ ਦਾ ਅੱਧਾ ਕੋਹ (ਦੋ ਕਿਲੋਮੀਟਰ) ਤੱਕ ਪਿੱਛਾ ਕੀਤਾ।ਅੱਗੋਂ ਅਚਾਨਕ ਹੀ ਉਹੀ ਦੌੜ੍ਹ ਰਹੇ ਸਿੱਖਾਂ ਨੇ ਇੱਕਦਮ ਰੁਕ ਕੇ ਤੇ ਪਿੱਛੇ ਮੁੜ ਕੇ ਹਮਲਾ ਕਰ ਦਿੱਤਾ।ਕਾਸਿਮ ਖਾਨ ਇਸ ਹਮਲੇ ਦਾ ਮੁਕਾਬਲਾ ਨਾ ਕਰ ਸਕਿਆ ਅਤੇ ਦੌੜ੍ਹ ਗਿਆ ਸੀ। ਆਪਣੀ ਸਾਰੀ ਸੈਨਿਕ ਟੁਕੜੀ ਲੈ ਕੇ ਮਲੇਰਕੋਟਲੇ ਵੱਲ ਭੱਜ ਗਿਆ ਸੀ।ਉਥੇ ਜਾ ਕੇ ਉਸ ਨੇ ਆਪਣਾ ਡੇਰਾ ਲਾ ਲਿਆ ਸੀ।

5 ਫਰਵਰੀ 1762 ਨੂੰ ਸਵੇਰ ਸਾਰ ਹੋਈ ਇੱਕ ਝੜਪ ਵਿੱਚ ਸੈਨਾ ਸਿੱਖਾਂ ਦਾ ਮੁਕਾਬਲਾ ਨਾ ਕਰ ਸਕੀ ਅਤੇ ਉਹ ਆਪਣੀ ਸਾਰੀ ਸੈਨਿਕ ਟੁਕੜੀ ਲੈ ਕੇ ਮਾਲੇਰਕੋਟਲੇ ਵੱਲ ਭੱਜ ਗਿਆ ਸੀ। ਦਲ ਖਾਲਸੇ ਨੇ ਫੈਸਲਾ ਕੀਤਾ ਕਿ ਗੁਰਮ ਅਤੇ ਡੇਹਲੋਂ ਪਿੰਡਾਂ ਵਿਖੇ ਜੋ ਉਨ੍ਹਾਂ ਦੇ ਪਰਵਾਰਾਂ ਦੀ ਵਹੀਰ ਹੈ ਉਸ ਨੂੰ ਬਰਨਾਲੇ ਵੱਲ ਨੂੰ ਭੇਜ ਦਿੱਤਾ ਜਾਵੇ ਕਿਉਂਕਿ ਬਰਨਾਲੇ ਦਾ ਸਾਰਾ ਆਲਾ-ਦੁਆਲਾ ਸਿੱਖ ਅਬਾਦੀ ਵਾਲਾ ਸੀ,ਤੇ ਦਲ ਖਾਲਸਾ ਆਪ ਹੀ ਨਾਲ ਸਿੱਧੀ ਟੱਕਰ ਲਵੇ।ਇਸ ਫੈਸਲੇ ਅਨੁਸਾਰ ਤਿੰਨ ਸਿੱਖ ਆਗੂ-ਭਾਈ ਸੰਗੂ ਸਿੰਘ ਵਕੀਲ ਭਾਈ ਕੇ ਦਰਾਜ ਵਾਲਾ,ਭਾਈ ਸੇਖੂ ਸਿੰਘ ਹੰਬਲਕੇ ਵਾਸ ਵਾਲਾ ਅਤੇ ਭਾਈ ਬੁੱਢਾ ਸਿੰਘ-ਆਪਣੇ ਨੇਜ਼ਿਆਂ ਉੱਪਰ ਚਾਦਰੇ ਟੰਗ ਕੇ ਅੱਗੇ-ਅੱਗੇ ਚੱਲ ਪਏ ਤੇ ਸਾਰੀ ਵਹੀਰ ਉਨ੍ਹਾਂ ਚਾਦਰਿਆਂ ਨੂੰ ਦੇਖਦਿਆਂ ਹੋਇਆਂ ਉਨ੍ਹਾਂ ਦੇ ਪਿੱਛੇ-ਪਿੱਛੇ ਬਰਨਾਲੇ ਵੱਲ ਨੂੰ ਹੋ ਤੁਰੀ।

ਜਦੋਂ ਦਲ ਖਾਲਸਾ ਅਬਦਾਲੀ ਨਾਲ ਗਹਿਗੱਚ ਲੜਾਈ ਕਰ ਰਿਹਾ ਸੀ ਅਤੇ ਵਹੀਰ ਅਜੇ ਗੁਰਮ ਪਿੰਡ ਤੋਂ ਦਸ-ਬਾਰਾਂ ਕਿਲੋਮੀਟਰ ਦੀ ਦੂਰੀ 'ਤੇ ਹੀ ਗਈ ਸੀ ਤਾਂ ਅੱਗੋਂ ਮਲੇਰਕੋਟਲੇ ਵੱਲੋਂ ਉਸ ਵਹੀਰ ਉੱਪਰ ਅਚਾਨਕ ਹੀ ਸਰਹਿੰਦ ਦੇ ਫੌਜਦਾਰ ਜੈਨ ਖਾਨ ਅਤੇ ਨਵਾਬ ਮਾਲੇਰਕੋਟਲਾ ਭੀਖਣ ਖਾਨ ਦੀਆਂ ਫੌਜਾਂ ਨੇ ਹਮਲਾ ਕਰ ਦਿੱਤਾ।ਇਸ ਸਮੇਂ ਇਹ ਵਹੀਰ ਸੰਗਰੂਰ ਜ਼ਿਲ੍ਹੇ ਦੇ ਰਹੀੜਾ ਅਤੇ ਕੁੱਪ ਪਿੰਡਾਂ ਜੋ ਇੱਕ ਦੂਜੇ ਤੋਂ 4 ਕਿਲੋਮੀਟਰ ਦੀ ਵਿੱਥ ਤੇ ਹਨ,ਵਿੱਚੋਂ ਲੰਘ ਰਹੀ ਸੀ।ਇਹ ਪਿੰਡ ਲੁਧਿਆਣਾ-ਮਾਲੇਰਕੋਟਲਾ ਸੜਕ 'ਤੇ ਮਾਲੇਰਕੋਟਲੇ ਵੱਲੋਂ ਕ੍ਰਮਵਾਰ 15 ਅਤੇ 11 ਕਿਲੋਮੀਟਰ ਦੀ 'ਤੇ ਸਥਿਤ ਹਨ।ਉਸ ਸਮੇਂ ਇਹ ਦੋਵੇਂ ਪਿੰਡ ਮੁਸਲਮਾਨ ਅਬਾਦੀ ਵਾਲੇ ਸਨ।ਇਸ ਵਹੀਰ ਉੱਤੇ ਮੁਗਲਾਂ ਵੱਲੋਂ ਕੀਤੇ ਗਏ ਹਮਲੇ ਵਿੱਚ ਸਿੱਖ ਪਰਵਾਰਾਂ ਦਾ ਬਹੁਤ ਵੱਡੇ ਪੱਧਰ ਤੇ ਕਤਲੇਆਮ ਕੀਤਾ ਗਿਆ।ਜਿਸ ਨਾਲ ਚਾਰੇ ਪਾਸੇ ਹਾਹਾਕਾਰ ਮਚ ਗਈ।ਜਦੋਂ ਅਬਦਾਲੀ ਨਾਲ ਲੜ ਰਹੇ ਸਿੰਘਾਂ ਨੂੰ ਇਹ ਪਤਾ ਲੱਗਾ ਕਿ ਦੁਸ਼ਮਣ ਨੇ ਉਨ੍ਹਾਂ ਦੀ ਵਹੀਰ ਨੂੰ ਘੇਰ ਲਿਆ ਹੈ ਤਾਂ ਉਨ੍ਹਾਂ ਨੇ ਇੱਕ ਜੱਥਾ ਸਰਦਾਰ ਸ਼ਾਮ ਸਿੰਘ ਕਰੋੜਸਿੰਘੀਏ ਦੀ ਅਗਵਾਹੀ ਹੇਠ ਵਹੀਰ ਦੀ ਮਦਦ ਲਈ ਭੇਜ ਦਿੱਤਾ।ਇਸ ਜੱਥੇ ਨੇ ਜੈਨ ਖਾਨ ਦੀਆਂ ਫੌਜਾਂ ਨੂੰ ਮਾਰ ਕੁੱਟ ਕੇ ਭਜਾ ਦਿੱਤਾ।ਇਸ ਉਪਰੰਤ ਵਹੀਰ ਫਿਰ ਪਹਿਲਾਂ ਵਾਲੇ ਤਿੰਨ ਆਗੂਆਂ ਨਾਲ ਬਰਨਾਲੇ ਵੱਲ ਚੱਲ ਪਈ।ਦਲ ਖਾਲਸੇ ਨੇ ਤਾਂ ਅਬਦਾਲੀ ਨੂੰ ਸਤਲੁਜ ਦੇ ਪੱਤਣ'ਤੇ ਬੈਠੇ ਨੂੰ ਹੀ ਜਾ ਲਲਕਾਰਿਆ ਸੀ ਪਰ ਹੁਣ ਉਨਾਂ ਦੇ ਸਾਹਮਣੇ ਆਪਣੇ ਪਰਵਾਰਾਂ ਦੀ,ਜਿਸ ਵਿੱਚ ਬਜ਼ੁਰਗ,ਬੱਚੇ ਅਤੇ ਔਰਤਾਂ ਸ਼ਾਮਲ ਸਨ,ਸੁਰੱਖਿਆ ਦਾ ਮਸਲਾ ਆ ਖੜ੍ਹਾ ਹੋਇਆ ਸੀ।ਇਸ ਲਈ ਉਨ੍ਹਾਂ ਨੇ ਫੈਸਲਾ ਕੀਤਾ ਕਿ ਉਹ ਅਬਦਾਲੀ ਅੱਗੋਂ ਇੱਕਦਮ ਪਿੱਛੇ ਦੌੜ੍ਹ ਕੇ ਪਹਿਲਾਂ ਆਪਣੀ ਵਹੀਰ ਨੂੰ ਆਪਣੇ ਘੇਰੇ ਵਿੱਚ ਲੈਣ ਤੇ ਫਿਰ ਪਿੱਛੇ ਮਾਲਵੇ ਵੱਲ ਨੂੰ ਵਧਣ।ਇਸ ਵਿਉਂਤ ਅਨੁਸਾਰ ਦਲ ਖਾਲਸਾ ਅਬਦਾਲੀ ਅੱਗੋਂ ਦੌੜ੍ਹ ਕੇ ਪਿੱਛੇ ਨੂੰ ਮਲੇਰਕੋਟਲੇ ਵੱਲ ਨੂੰ ਆ ਗਿਆ ਤੇ ਕੁੱਪ-ਰਹੀੜੇ ਦੀ ਜੂਹ ਵਿੱਚ ਆਪਣੀ ਵਹੀਰ ਨਾਲ ਰਲ ਗਿਆ।ਇੱਥੇ ਪਹੁੰਚ ਕੇ ਖਾਲਸੇ ਆਪਣੀ ਵਹੀਰ ਨੂੰ ਆਪਣੇ ਘੇਰੇ ਵਿੱਚ ਲੈ ਕੇ ਅਬਦਾਲੀ ਦੀ ਫੌਜ ਨਾਲ ਲੜਦੇ ਪਿੱਛੇ ਹਟਦੇ ਹਟਦੇ ਹੋਏ ਲੜ ਰਹੇ ਸਨ।ਜੈਨ ਖਾਨ ਅਤੇ ਭੀਖਨ ਖਾਨ ਦੀਆਂ ਫੌਜਾਂ ਵਹੀਰ ਨੂੰ ਅੱਗੋਂ ਘੇਰਨ ਦੀ ਕੋਸ਼ਸ਼ ਕਰ ਰਹੀਆਂ ਸਨ।ਖਾਲਸੇ ਨੇ ਉਨ੍ਹਾਂ ਦੋਹਾਂ ਫੌਜਾਂ ਨੂੰ ਕੱਖਾਂ ਕਾਨਿਆਂ ਵਾਂਗ ਆਪਣੇ ਅੱਗੇ ਰੋੜ੍ਹ ਲਿਆ ਸੀ।ਸਿੰਘਾਂ ਨੇ ਅਬਦਾਲੀ ਦੀਆਂ ਫੌਜਾਂ ਦੇ ਅਨੇਕਾਂ ਘੋੜ ਸਵਾਰਾਂ ਨੂੰ ਮਾਰ ਕੇ ਉਨ੍ਹਾਂ ਦੇ ਘੋੜੇ ਖੋਹ ਲਏ ਸ ਨ ਤੇ ਜਿਨ੍ਹਾਂ ਸਿੰਘਾਂ ਦੇ ਘੋੜੇ ਮਰ ਗਏ ਸਨ ਉਨ੍ਹਾਂ ਨੂੰ ਉਹ ਘੋੜੇ ਦੇ ਦਿੱਤੇ ਗਏ ਸਨ।

ਦਲ ਖਾਲਸੇ ਦਾ ਪਿੱਛਾ ਕਰਦਾ ਹੋਇਆ ਅਬਦਾਲੀ ਵੀ ਕੁੱਪ-ਕਹੀੜੇ ਦੇ ਪਿੰਡਾਂ ਵਿੱਚ ਪਹੁੰਚਿਆ ਇਸ ਥਾਂ 'ਤੇ ਵਜ਼ੀਰ ਸ਼ਾਹ, ਵਲੀ ਖਾਨ ਅਤੇ ਜੈਨ ਖਾਨ ਦੀਆਂ ਫੌਜਾਂ ਜਿਨ੍ਹਾਂ ਵਿੱਚ 4,000 ਘੋੜ ਸਵਾਰ ਅਤੇ 4,000 ਨਿਪੁੰਨ ਤੀਰ-ਅੰਦਾਜ਼ ਘੋੜ ਸਵਾਰ ਸਨ,ਦਲ ਖਾਲਸੇ ਨਾਲ ਲੜ ਰਹੀਆਂ ਸਨ ਅਤੇ ਕੁੱਝ ਸਿੱਖਾਂ ਨੂੰ ਵੀ ਬੰਦੀ ਬਣਾਇਆ ਜਾ ਚੁੱਕਿਆ ਸੀ ਜੋ ਕਿ ਬਹਾਨੇ ਲੱਭ-ਲੱਭ ਕੇ ਦੁਸ਼ਮਣ ਦੇ ਪੰਜੇ ਵਿੱਚੋਂ ਛੁੱਟਣ ਦੀ ਕੋਸ਼ਸ਼ ਕਰ ਰਹੇ ਸਨ।ਖਾਲਸੇ ਨੇ ਜੈਨ ਖਾਨ ਅਤੇ ਉਸ ਦੇ ਦੀਵਾਨ ਲੱਛਮੀ ਨਰਾਇਣ ਦੀ ਫੌਜ ਨੂੰ ਮਾਰ-ਮਾਰ ਕੇ ਦੂਰ ਭਜਾ ਦਿੱਤਾ ਸੀ ਤੇ ਅਫ਼ਗਾਨੀ ਫੌਜ ਨੂੰ ਕੁੱਟ-ਕੁੱਟ ਕੇ ਆਪਣੇ ਪਰਵਾਰਾਂ ਦੀ ਵਹੀਰ ਤੋਂ ਬਹੁਤ ਦੂਰ ਕਰ ਦਿੱਤਾ ਸੀ।ਸਿੰਘਾਂ ਦੀ ਨੀਤੀ ਸੀ ਕਿ ਲੜਦੇ-ਲੜਦੇ ਪਿੱਛੇ ਹਟਦੇ ਜਾਵੋ ਅਤੇ ਪਿੱਛੇ ਹਟਦੇ-ਹਟਦੇ ਲੜਦੇ ਜਾਵੋ।ਸਿੰਘ ਘੰਟਾ ਡੇਢ ਘੰਟਾ ਪੂਰੇ ਜੋਸ਼ ਨਾਲ ਲੜੇ ਫਿਰ ਅਬਦਾਲੀ ਦੇ ਦੋ ਹੋਰ ਫੌਜੀ ਟੁਕੜੀਆਂ ਭੇਜ ਦਿੱਤੀਆਂ ਜਿਸ ਨਾਲ ਦਲ ਖਾਲਸੇ ਦੇ ਪੈਰ ਹਿੱਲ ਗਏ।ਪਹਿਲਾਂ ਡੱਟ ਕੇ ਲੜਦੇ ਸਨ।ਫਿਰ ਜਦੋਂ ਉਹ ਦੇਖਦੇ ਸਨ ਕਿ ਉਨ੍ਹਾਂ ਦੀ ਵਹੀਰ ਕਾਫ਼ੀ ਅੱਗੇ ਨਿਕਲ ਗਈ ਹੈ ਤਾਂ ਉਹ ਉਸ ਦੀ ਸੁਰੱਖਿਆ ਲਈ ਪਿੱਛੇ ਭੱਜ ਕੇ ਵਹੀਰ ਕੋਲ ਚਲੇ ਜਾਂਦੇ ਸਨ।ਇਸ ਪਰਕਾਰ ਸਿੰਘਾਂ ਨੇ ਪੂਰੀ ਹਿੰਮਤ ਨਾਲ ਦੁਸ਼ਮਣ ਦਾ ਜ਼ੋਰ ਵਹੀਰ 'ਤੇ ਨਾ ਪੈਣ ਦਿੱਤਾ।ਸਿੰਘਾਂ ਨੇ ਇਸ ਨਵੇਂ ਹਮਲੇ ਨੂੰ ਇੱਕ ਘੜੀ ਤੱਕ ਰੋਕ ਕੇ ਰੱਖਿਆ।ਜਦੋਂ ਅਬਦਾਲੀ ਨੇ ਦੇਖਿਆ ਕਿ ਉਸ ਵੱਲੋਂ ਭੇਜੀਆਂ ਗਈਆਂ ਦੋ ਟੁਕੜੀਆਂ ਵੀ ਸਿੰਘਾਂ ਦਾ ਜ਼ਿਆਦਾ ਨੁਕਸਾਨ ਨਹੀਂ ਸਨ ਕਰ ਸਕੀਆਂ ਤਾਂ ਉਹ ਆਪ ਆਪਣੀ ਰਿਜ਼ਰਵ ਫੌਜ ਜਿਸ ਦੀਆਂ ਚਾਰ ਟੁਕੜੀਆਂ ਵਿੱਚ 12,000 ਸੈਨਿਕ ਸਨ,ਲੈ ਕੇ ਪਹੁੰਚ ਗਿਆ।ਅਬਦਾਲੀ ਦੇ ਇਸ ਹਮਲੇ ਨੇ ਖਾਲਸੇ ਨੂੰ ਵਹੀਰ ਤੋਂ ਅਲੱਗ ਕਰ ਦਿੱਤਾ ਤੇ ਹੁਣ ਵਹੀਰ ਇਕੱਲੀ ਰਹਿ ਗਈ।

ਇਹ ਰੇਤਲੇ ਟਿੱਬਿਆਂ ਵਾਲਾ ਇਲਾਕਾ ਸੀ ਤੇ ਇੱਥੇ ਪਾਣੀ ਦਾ ਕੋਈ ਸੋਮਾ ਨਹੀਂ ਸੀ।ਇਸ ਘੋਰ ਯੁੱਧ ਵਿੱਚ ਜੋ ਵਿਅਕਤੀ ਇੱਕ ਵਾਰ ਡਿੱਗ ਪੈਂਦਾ ਸੀ ਉਹ ਘੋੜਿਆਂ ਦੇ ਪੌੜਾਂ ਹੇਠ ਹੀ ਲਤਾੜਿਆ ਜਾਂਦਾ ਸੀ ਤੇ ਜੋ ਇੱਕ ਵਾਰ ਆਪਣੇ ਜੱਥੇ ਨਾਲੋਂ ਵਿਛੜ ਜਾਂਦਾ ਸੀ ਉਹ ਮੁੜਕੇ ਆਪਣੇ ਸਾਥੀਆਂ ਨਾਲ ਨਹੀਂ ਸੀ ਰਲ ਸਕਦਾ।ਜਦੋਂ ਅਬਦਾਲੀ ਦੀ ਫੌਜ ਨੇ ਵਹੀਰ ਵਿੱਚ ਵੜ ਕੇ ਕਤਲੇਆਮ ਸ਼ੁਰੂ ਕੀਤਾ ਤਾਂ ਸਭ ਪਾਸੇ ਚੀਕ ਚਿਹਾੜਾ ਤੇ ਹਾਹਾਕਾਰ ਮਚ ਗਈ।ਇਸ ਭਿਆਨਕ ਕਤਲੇਆਮ ਨੇ ਬੱਚਿਆਂ,ਔਰਤਾਂ ਅਤੇ ਬਜ਼ੁਰਗ ਮਰਦਾਂ ਦੀ ਬਹੁਤ ਬੁਰੀ ਦਸ਼ਾ ਕੀਤੀ।ਸਿੰਘ ਅਤੇ ਉਨ੍ਹਾਂ ਦੇ ਪਰਵਾਰ ਜਿਸ ਦੁਖਦਾਈ ਦਸ਼ਾ ਵਿੱਚੋਂ ਉਸ ਵੇਲੇ ਲੰਘ ਰਹੇ ਹੋਣਗੇ ਉਹ ਬਿਆਨ ਤੋਂ ਬਾਹਰ ਹੈ।ਆਪਣੀ ਵਹੀਰ ਦਾ ਬੁਰਾ ਹਾਲ ਹੁੰਦਾ ਦੇਖ ਕੇ ਸਿੰਘਾਂ ਨੇ ਇੱਕ ਅਜਿਹਾ ਹੰਭਲਾ ਮਾਰਿਆ ਕਿ ਵਹੀਰ ਦਾ ਕਤਲੇਆਮ ਕਰ ਰਹੇ ਦੁਸ਼ਮਣਾਂ 'ਤੇ ਹਮਲਾ ਕਰ ਕੇ ਉਨ੍ਹਾਂ ਦੇ ਤਕੜੇ ਆਹੂ ਲਾਹੇ।ਅਬਦਾਲੀ ਇਹ ਦੇਖ ਕੇ ਹੈਰਾਨ ਹੋ ਰਿਹਾ ਸੀ ਕਿ ਲਹੂ-ਲੁਹਾਨ ਹੋਏ ਸਿੰਘ ਵੀ ਬਰਾਬਰ ਲੜ ਰਹੇ ਸਨ।

ਅਬਦਾਲੀ ਨੇ ਆਪਣੇ ਹਰਕਾਰੇ ਭੇਜ ਕੇ ਜੈਨ ਖਾਨ ਨੂੰ ਆਪਣੇ ਪਾਸ ਬੁਲਾ ਕੇ ਝਾੜ ਪਾਉਂਦਿਆਂ ਕਿਹਾ:"ਜੋ ਗੱਲ ਕਰਨ ਨੂੰ ਤੈਂ (ਜੈਨ ਖਾਨ) ਕਿਹਾ ਸੀ ਉਹ ਤੂੰ ਅਜੇ ਤਕ ਮੈਨੂੰ ਕਰ ਕੇ ਨਹੀਂ ਦਿਖਾ ਸਕਿਆ।ਤੇਰੇ ਕੋਲੋਂ ਅਜੇ ਤੱਕ ਸਿੰਘ ਅੱਗੋਂ ਨਹੀਂ ਘੇਰੇ ਗਏ।ਤੇਰੇ ਪਾਸ ਵੀਹ ਹਜ਼ਾਰ ਘੋੜ ਸਵਾਰ ਹਨ।ਕੀ ਇਹ ਸਿੰਘਾਂ ਨੇ ਮਾਰ ਕੇ ਥੋੜ੍ਹੇ ਕਰ ਦਿੱਤੇ ਹਨ?ਤੇਰੇ ਪਾਸ ਲੱਛਮੀ ਨਰਾਇਣ ਅਤੇ ਮਾਲੇ ਰੀਏ ਪਠਾਣਾਂ ਦੀ ਵੀ ਫੌਜ ਹੈ।ਤੂੰ ਫੇਰ ਵੀ ਇਨ੍ਹਾਂ ਕਾਫ਼ਰਾਂ ਨੂੰ ਘੇਰ ਨਹੀਂ ਸਕਿਆ।ਜੇ ਤੂੰ ਇਹਨਾਂ ਨੂੰ ਸਿਰਫ਼ ਚਾਰ ਘੜੀਆਂ (2 ਘੰਟੇ) ਤੱਕ ਵੀ ਰੋਕ ਲਵੇਂ ਤਾਂ ਮੈਂ ਇਨ੍ਹਾਂ ਦਾ ਸਾਰਾ ਕੰਮ ਹੀ ਤਮਾਮ ਕਰ ਦਿਆਂਗਾ।ਬਿਨਾ ਘੇਰੇ ਤੋਂ ਇਹ ਮਾਰੇ ਨਹੀਂ ਜਾ ਰਹੇ।

ਜੈਨ ਖਾਨ ਨੇ ਅਬਦਾਲੀ ਨੂੰ ਉੱਤਰ ਦਿੱਤਾ,"ਸਿੰਘਾਂ ਨੂੰ ਅੱਗੋਂ ਘੇਰਨਾ ਬਹੁਤ ਔਖਾ ਹੈ।ਦੇਖਣ ਨੂੰ ਇਹ ਥੋੜ੍ਹੇ ਦਿਸਦੇ ਹਨ ਪਰ ਲੜਨ ਸਮੇਂ ਪਤਾ ਨਹੀਂ ਇਹ ਜ਼ਿਆਦਾ ਕਿਉਂ ਦਿਸਦੇ ਹਨ?"ਜੈਨ ਖਾਨ ਨੇ ਅਬਦਾਲੀ ਸਲਾਹ ਦਿੱਤੀ ਕਿ ਉਹ ਖੁਦ ਹੀ ਵਹੀਰ ਦਾ ਖਿਆਲ ਛੱਡ ਕੇ ਖਾਲਸਾ ਜੱਥਿਆਂ ਨੂੰ ਅੱਗੋਂ ਤੋਂ ਰੋਕੇ।ਇਸ ਲਈ ਅਬਦਾਲੀ ਨੇ ਆਪ ਵੀ ਸਿੰਘਾਂ ਨੂੰ ਘੇਰਨ ਦੀ ਕੋਸ਼ਸ਼ ਕੀਤੀ।ਪਰ ਸਿੰਘ ਅੱਗੇ ਨੂੰ ਵਧਦੇ ਗਏ ਤੇ ਅਬਦਾਲੀ ਨੂੰ ਰੋਕਦੇ ਹੋਏ ਉਹ ਛੇ ਕਿਲੋਮੀਟਰ ਹੋਰ ਅੱਗੇ ਚਲੇ ਗਏ।ਸਰਦਾਰ ਚੜ੍ਹਤ ਸਿੰਘ ਜੋ ਕਿ ਰਣਜੀਤ ਸਿੰਘ ਦੇ ਦਾਦਾ ਜੀ ਬਣੇ,ਵਹੀਰ ਦੇ ਵਿੱਚ ਰਹਿ ਕੇ ਦੁਸ਼ਮਣ ਨੂੰ ਰੋਕਦੇ ਰਹੇ।ਸਰਦਾਰ ਜੱਸਾ ਸਿੰਘ ਆਹਲੂਵਾਲੀਆ ਜੋ ਕਿ ਇਸ ਸਾਰੀ ਕਾਰਵਾਈ ਦੇ ਜਰਨੈਲ ਸਨ ਦੇ ਸਰੀਰ ਤੇ 22 ਜ਼ਖ਼ਮ ਹੋ ਗਏ ਸਨ ਤੇ ਉਨ੍ਹਾਂ ਦਾ ਘੋੜਾ ਫੱਟੜ ਹੋਣ ਕਰਕੇ ਉਨ੍ਹਾਂ ਨੂੰ ਇੱਕ ਹੋਰ ਸਿੰਘ ਦਾ ਘੋੜਾ ਲੈਣਾ ਪਿਆ ਸੀ।ਹੁਣ ਸਿੰਘ ਆਪਣੀ ਵਹੀਰ ਅਤੇ ਆਪਣੇ ਜੱਥੇਦਾਰ ਨੂੰ ਬਚਾਉਂਦੇ ਹੋਏ ਪਿੱਛੇ ਵੱਲ ਨੂੰ ਜਾ ਰਹੇ ਸਨ।


ਸਿੰਘਾਂ ਨੇ ਫਿਰ ਹਮਲਾ ਕਰ ਕੇ ਆਪਣੀ ਵਹੀਰ ਨੂੰ ਅਬਦਾਲੀ ਦੀ ਸਿੱਧੀ ਮਾਰ ਵਿੱਚੋਂ ਕੱਢ ਲਿਆ ਪਰ ਅੱਗੇ ਕੁਤਬਾ ਤੇ ਬਾਹਮਣੀਆਂ ਪਿੰਡ ਜੋ ਹੁਣ ਜ਼ਿਲ੍ਹਾ ਬਰਨਾਲਾ ਵਿੱਚ ਪੈਂਦੇ ਹਨ,ਆ ਗਏ ਸਨ ਜੋ ਕਿ ਮੁਸਲਮਾਨ ਅਬਾਦੀ ਵਾਲੇ ਸਨ।ਇਹ ਦੋਵੇਂ ਪਿੰਡ ਇੱਕ ਦੂਜੇ ਤੋਂ ਡੇਢ ਕੁ ਕਿਲੋਮੀਟਰ ਦੀ ਵਿੱਥ ਤੇ ਬਰਨਾਲਾ-ਰਾਏਕੋਟ ਸੜਕ ਉੱਪਰੋਂ ਲੰਘਦੀ ਬਠਿੰਡਾ ਬਰਾਂਚ ਨਹਿਰ ਦੇ ਨੇੜੇ ਹੀ ਵਸੇ ਹੋਏ ਹਨ।ਇਹ ਸਾਰਾ ਇਲਾਕਾ ਬੀਆਬਾਨ ਤੇ ਰੇਤਲੇ ਟਿੱਬਿਆਂ ਵਾਲਾ ਸੀ।ਇਨ੍ਹਾਂ ਪਿੰਡਾਂ ਵਿੱਚ ਜਿਹੜੇ ਹਿੰਦੂ ਅਤੇ ਸਿੱਖ ਰਹਿੰਦੇ ਸਨ ਉਹ ਆਪਣੇ ਘਰਾਂ ਨੂੰ ਛੱਡ ਕੇ ਜਾ ਚੁੱਕੇ ਸਨ।ਜਿਉਂ ਹੀ ਵਹੀਰ ਇਨ੍ਹਾਂ ਦੋਹਾਂ ਪਿੰਡਾਂ ਵਿੱਚ ਵੜੀ ਪਿੰਡ ਵਾਲੇ ਸਿੰਘਾਂ ਨੂੰ ਲੁੱਟਣ ਤੇ ਕੁੱਟਣ ਲੱਗ ਪਏ।ਗੁਰਮ ਪਿੰਡ ਤੋਂ ਤੁਰਿਆ ਸਿੰਘਾਂ ਦਾ ਕਾਫਲਾ ਪਿਆਸਾ ਹੀ ਤੁਰਿਆ ਜਾ ਰਿਹਾ ਸੀ।ਇਹ 40-45 ਕਿਲੋਮੀਟਰ ਦਾ ਪੈਂਡਾ ਉਨ੍ਹਾਂ ਨੇ ਲੜਦਿਆਂ ਤੇ ਭੱਜਦਿਆਂ ਹੀ ਤੈਅ ਕੀਤਾ ਸੀ।ਕੁਤਬਾ ਤੇ ਬਾਹਮਣੀਆਂ ਪਿੰਡਾਂ ਦੇ ਲੋਕਾਂ ਨੇ ਸਿੱਖਾਂ ਦੇ ਪਰਵਾਰਾਂ ਦਾ ਬਹੁਤ ਬੁਰਾ ਹਾਲ ਕੀਤਾ।ਹੁਣ ਇਹ ਦੋਵੇਂ ਪਿੰਡ ਸਿੱਖ ਅਬਾਦੀ ਵਾਲੇ ਹਨ ਪਰ ਉਸ ਸਮੇਂ ਇਹ ਦੋਵੇਂ ਪਿੰਡ ਮੁਸਲਮਾਨ ਅਬਾਦੀ ਵਾਲੇ ਸਨ।ਜੋ ਸਿੱਖ ਉਨ੍ਹਾਂ ਦੇ ਘਰਾਂ ਵਿੱਚ ਲੁਕਣ ਲਈ ਜਾਂਦੇ ਸਨ ਉਹ ਉਨ੍ਹਾਂ ਨੂੰ ਬਾਹਰ ਕੱਢ ਕੇ ਨਾਲੇ ਲੁੱਟ ਲੈਂਦੇ ਸਨ ਤੇ ਨਾਲੇ ਮਾਰ ਦਿੰਦੇ ਸਨ।ਕਈ ਸਿੱਖ ਪਿੰਡ ਤੋਂ ਬਾਹਰ ਬਣੇ ਪਾਥੀਆਂ ਦੇ ਗੁਹਾਰਿਆਂ ਵਿੱਚ ਲੁਕ ਗਏ ਤੇ ਕਈ ਜਵਾਰ,ਬਾਜਰਾ ਤੇ ਮੱਕੀ ਦੇ ਮਿਨਾਰਾਂ ਵਿੱਚ ਲੁਕ ਗਏ।ਦੁਸ਼ਮਣ ਦੀ ਫੌਜ ਨੇ ਤੇ ਸਥਾਨਕ ਲੋਕਾਂ ਨੇ ਇਨ੍ਹਾਂ ਮਿਨਾਰਾਂ ਨੂੰ ਅੱਗਾਂ ਲਾ ਦਿੱਤੀਆਂ ਜਿਸ ਨਾਲ ਭਾਰੀ ਗਿਣਤੀ ਵਿੱਚ ਬੱਚੇ,ਇਸਤਰੀਆਂ ਤੇ ਬਜ਼ੁਰਗ ਅੱਗ ਵਿੱਚ ਝੁਲਸ ਕੇ ਮਰ ਗਏ।ਚਾਰੇ ਪਾਸੇ ਕੁਰਲਾਹਟ ਮਚ ਗਈ।ਜਦੋਂ ਸਰਦਾਰ ਚੜ੍ਹਤ ਸਿੰਘ ਨੇ ਦੇਖਿਆ ਕਿ ਦੁਸ਼ਮਣ ਦੀ ਫੌਜ ਸਿੱਖਾਂ ਨੂੰ ਅੱਗਾਂ ਲਾ ਕੇ ਸਾੜ ਰਹੀ ਹੈ ਤਾਂ ਉਹ ਆਪਣਾ ਜੱਥਾ ਕੈ ਕੇ ਇੱਕਦਮ ਕੁਤਬਾ ਪਿੰਡ ਪਹੁੰਚੇ।

- ਬਾਕੀ ਅਗਲੇ ਸਫ਼ੇ 'ਤੇ

# ਸਿੱਖ ਰਾਜ ਕਿਵੇਂ ਗਿਆ...?

ਲਿਖਤ : ਸੋਹਣ ਸਿੰਘ ਸ਼ੀਤਲ

ਲੜੀਵਾਰ ਕਿਸ਼ਤ 46



## ਹਾਰਡਿੰਗ ਦੀ ਘਬਰਾਹਟ

'ਕਰੀ' ਕੋਲੋਂ ਇਹ ਸੁਣ ਕੇ ਹਾਰਡਿੰਗ ਬੜਾ ਘਬਰਾਇਆ। ਏਸ ਤਰ੍ਹਾਂ ਦੀ ਸਹਾਇਤਾ ਦੇਣੀ ਉਸਦੇ ਇਰਾਦੇ ਦੇ ਉਲਟ ਸੀ। ਉਹ ਪੰਜਾਬ ਨੂੰ ਬੜੀਆਂ ਕਰੜੀਆਂ ਸ਼ਰਤਾਂ ਵਿਚ ਜਕੜਨਾ ਚਾਹੁੰਦਾ ਸੀ। ਉਸਨੇ ਮੋੜਵੀਂ ਡਾਕੇ 'ਕਰੀ' ਨੂੰ ਲਿਖਿਆ : ''ਪੰਜਾਬ ਵਿਚ ਐਸੇ ਦੇਸੀ ਪਰਬੰਧ ਚਲਾਉਣ ਲਈ, ਜਿਸਦੇ ਨਕਾਰਾ, ਬੇ-ਇਨਸਾਫ਼ ਤੇ ਸਾਜ਼ਸ਼ਾਂ ਭਰਿਆ ਹੋਣ ਦੇ ਸਾਨੂੰ ਤਾਜ਼ਾ ਤਜਰਬੇ ਹੋ ਚੁੱਕੇ ਹਨ, ਅੰਗਰੇਜ਼ੀ ਫ਼ੌਜ ਨਾਲ ਸਹਾਇਤਾ ਨਾ ਕਰਨ ਲਈ ਮੈਂ ਪੱਕਾ ਇਰਾਦਾ ਕੀਤਾ ਹੋਇਆ ਹੈ। ਇਸ ਲਈ ਐਸੇ ਪਰਬੰਧ ਦੀ ਸਹਾਇਤਾ ਲਈ ਅੰਗਰੇਜ਼ੀ ਫ਼ੌਜ ਦੇਣ ਦੀ ਮੈਂ ਰਜ਼ਾਮੰਦੀ ਨਹੀਂ ਦਿਆਂਗਾ, ਜਿਸ 'ਤੇ ਕੋਈ ਭਰੋਸਾ ਨਾ ਕੀਤਾ ਜਾ ਸਕੇ। ਦੋ ਪਿਆਦਾ ਪਲਟਨਾਂ, ਇਕ ਰਮਾਲਾ ਤੇ ਇਕ ਤੋਪਖ਼ਾਨਾ ਬਾਤਰੀ ਦੀ ਤਜਵੀਜ਼ ਇਤਨੀ ਫ਼ਜ਼ੂਲ ਹੈ, ਕਿ ਮੈਂ ਇਸਨੂੰ ਇਸ ਗੱਲ ਦੇ ਤੁੱਲ ਸਮਝਦਾ ਹਾਂ, ਕਿ ਉਹ ਸਾਡੇ ਦਖ਼ਲ ਦੇ ਬਗ਼ੈਰ ਆਪਣਾ ਰਾਜ-ਪਰਬੰਧ ਆਪ ਕਰਨ ਦੀ ਇੱਛਿਆ ਰਖਦੇ ਹਨ। ਮੈਂ ਹੀ ਸਭ ਤੋਂ ਚੰਗੀ ਤਰ੍ਹਾਂ ਉਹ ਫ਼ੈਸਲਾ ਦੇ ਸਕਦਾ ਹਾਂ, ਕਿ ਲਾਹੌਰ ਵਿਚ ਕਿੰਨੀ ਫ਼ੌਜ ਰਖਣੀ ਯੋਗ ਹੈ''

ਹਾਰਡਿੰਗ ਦੀ ਦਿਲੀ ਇੱਛਿਆ ਨੂੰ ਜਾਣਦੇ ਹੋਏ 'ਕਰੀ' ਨੇ ਮਹਾਰਾਜੇ ਦੀ 14 ਦਸੰਬਰ ਦੀ ਚਿੱਠੀ 'ਮਹਾਰਾਜੇ ਦੀ ਬੇਨਤੀ' ਦੱਸ ਕੇ ਇਉਂ ਜਵਾਬ ਦਿੱਤਾ : ''ਤੁਹਾਡੀ ਇਹ ਬੇਨਤੀ, ਕਿ ਲਾਹੌਰ ਵਿਚ ਇਸ ਵੇਲੇ ਮੌਜੂਦਾ ਅੰਗਰੇਜ਼ੀ ਫ਼ੌਜ ਦਾ ਕੁਛ ਹਿੱਸਾ ਤੇ ਗਵਰਨਰ-ਜੈਨਰਲ ਦਾ ਏਜੰਟ ਮੁਕੱਰਰ ਕੀਤੇ ਹੋਏ ਸਮੇਂ ਦੇ ਮੁੱਕਣ ਤੋਂ ਪਿਛੋਂ ਕੁਛ ਚਿਰ ਹੋਰ ਠਹਿਰੇ ਤੇ ਜਿਸਦਾ ਠਹਿਰਨਾ ਮੁਲਕ ਦਾ ਰਾਜ ਪਰਬੰਧ ਕਰਨ ਲਈ ਤੁਸੀਂ ਬੜਾ ਜ਼ਰੂਰੀ ਸਮਝਦੇ ਹੋ, ਪਿਛਲੇ 11 ਮਾਰਚ ਦੇ ਅਹਿਦਨਾਮੇ ਦੀਆਂ ਸ਼ਰਤਾਂ ਦੇ ਵਿਰੁੱਧ ਜਾਂਦਾ ਹੈ ਤੇ ਬੜਾ ਜ਼ਰੂਰੀ ਮਾਮਲਾ ਹੈ। ਮੈਨੂੰ ਇਹ ਜ਼ਰੂਰੀ ਮਾਲੂਮ ਹੁੰਦਾ ਹੈ, ਕਿ ਲਾਹੌਰ ਦਰਬਾਰ ਦੇ ਦਰਬਾਰੀ ਤੇ ਲਾਹੌਰ ਰਾਜ ਦੇ ਸ਼ੁਭ ਚਿੰਤਕ ਹੋਰ ਸਰਦਾਰ ਭਲਕੇ ਮੇਰੇ ਦਰਬਾਰ ਦੇ ਤੰਬੂ ਵਿਚ ਇਕੱਠੇ ਹੋਣ, ਜਦ ਕਿ ਮੈਂ ਉਹਨਾਂ ਦੇ ਸਾਹਮਣੇ ਉਹ ਸ਼ਰਤਾਂ ਰੱਖ ਦਿਆਂਗਾ, ਕੇਵਲ ਜਿੰਨ੍ਹਾਂ ਉੱਤੇ ਗਵਰਨਰ-ਜੈਨਰਲ ਉਪਰੋਕਤ ਅਹਿਦਨਾਮੇ ਵਿਚ ਕੋਈ ਅਦਲਾ ਬਦਲੀ ਕਰਨ ਨੂੰ ਤਿਆਰ ਹੋ ਸਕਦਾ ਹੈ, ਤੇ ਇਹ ਗੱਲ ਚੰਗੀ ਹੋਵੇਗੀ, ਕਿ ਉਹ ਦਰਬਾਰੀ ਉਹਨਾਂ ਸ਼ਰਤਾਂ ਨੂੰ ਮੰਨਣ, ਜਾਂ ਨਾ ਮੰਨਣ ਸੰਬੰਧੀ ਆਖ਼ਰੀ ਫ਼ੈਸਲਾ ਦੇ ਸਕਣ ਲਈ ਤਿਆਰ ਹੋ ਕੇ ਆਉਣ, ਤਾਂਕਿ ਇਹ ਮਾਮਲਾ ਨਜਿਠਿਆ ਜਾ ਸੱਕੇ ਤੇ ਅੰਗਰੇਜ਼ੀ ਫ਼ੌਜ ਦੇ ਚਾਲੇ ਪਾਉਣ ਸੰਬੰਧੀ ਜ਼ਰੂਰੀ ਹੁਕਮ ਦਿੱਤੇ ਜਾ ਸੱਕਣ।''

ਅਗਲੇ ਦਿਨ 'ਕਰੀ' ਦੇ ਤੰਬੂ ਵਿਚ ਸਾਰੇ ਸਰਦਾਰ ਕੱਠੇ ਹੋਏ, ਜਿੰਨ੍ਹਾਂ ਵਿਚੋਂ ਬਹੁਤਿਆਂ ਨਾਲ ਅੰਦਰੋਂ ਅੰਦਰ ਪਹਿਲਾਂ ਹੀ ਫ਼ੈਸਲਾ ਕਰ ਲਿਆ ਗਿਆ ਸੀ ਤੇ ਜਿੰਨ੍ਹਾਂ ਨੂੰ ਜਾਗੀਰ ਦੇ ਕਾਇਮ ਰੱਖਣ ਦਾ ਭਰੋਸਾ ਚੰਗੀ ਤਰ੍ਹਾਂ ਦਿੱਤਾ ਜਾ ਚੁੱਕਾ ਸੀ। ਮਹਾਰਾਣੀ ਜਿੰਦ ਕੌਰ ਨੂੰ ਜਾਣ ਬੁਝ ਕੇ ਏਸ ਦਰਬਾਰ ਵਿਚ ਸ਼ਾਮਲ ਨਹੀਂ ਕੀਤਾ ਗਿਆ, ਕਿਉਂਕਿ ਡਰ ਸੀ, ਕਿ ਉਹ ਇਹ ਸ਼ਰਤਾਂ ਨਹੀਂ ਮੰਨੇਗੀ। 'ਕਰੀ ਨੇ ਅਹਿਦਨਾਮੇਂ ਦੀਆਂ ਸ਼ਰਤਾਂ ਪੜ੍ਹ ਕੇ ਸੁਣਾਈਆਂ। ਤੇਜ ਸਿੰਘ ਦੇ ਧੜੇ ਨੇ 'ਸਭ ਅੱਛਾ' ਦਾ ਰੌਲਾ ਪਾ ਦਿੱਤਾ। ਹਾਂ, ਦੀਵਾਨ ਦੀਨਾ ਨਾਥ ਨੇ ਇਹ ਇੱਛਿਆ ਪਰਗਟ ਕੀਤੀ, ਕਿ ਥੋੜ੍ਹੀ ਦੇਰ ਲਈ ਦਰਬਾਰ ਮੁਲਤਵੀ ਕਰ ਦਿੱਤਾ ਜਾਵੇ, ਤਾਂਕਿ ਦਰਬਾਰੀ ਮਹਾਰਾਣੀ ਦੀ ਸਲਾਹ ਲੈ ਸਕਣ। ਅੱਗੋਂ 'ਕਰੀ' ਨੇ ਕਿਹਾ, ਕਿ ਗਵਰਨਰ-ਜੈਨਰਲ ਮਹਾਰਾਣੀ ਦੀ ਸਲਾਹ ਨਹੀਂ ਪੁੱਛ ਰਿਹਾ, ਰਾਜ ਦੇ ਸਰਦਾਰਾਂ ਤੇ ਥੰਮ੍ਹ ਦੀ ਸਲਾਹ ਪੁੱਛ ਰਿਹਾ ਹੈ। ਸਰਕਾਰ ਦੇ ਸਕੱਤਰ ਵੱਲੋਂ ਇਸ ਸਖ਼ਤ ਤੇ ਰੁੱਖੇ ਇਸ਼ਾਰੇ ਤੋਂ ਦਰਬਾਰੀ ਤੇ ਸਰਦਾਰ, ਸਰਕਾਰ ਦੇ ਮਨ ਤੇ ਅੰਦਰਲੀ ਨੀਅਤ ਨੂੰ ਸਮਝ ਗਏ। ਵਿਰੋਧੀ ਅਵਾਜ਼ ਜੇ ਕੋਈ ਉਠਣੀ ਵੀ ਸੀ ਤਾਂ ਉਹ ਦੱਬ ਗਈ।

ਇਸ ਘਟਨਾ ਤੋਂ ਥੋੜੇ ਹੀ ਦਿਨ ਪਹਿਲਾਂ, ਲਾਲ ਸਿੰਘ ਨੂੰ ਵਜ਼ਾਰਤ ਤੋਂ ਹਟਾ ਕੇ ਦੇਸ-ਨਿਕਾਲਾ ਦਿੱਤਾ ਗਿਆ ਸੀ। ਏਸ ਗੱਲ ਤੋਂ ਵੀ ਕੁਛ ਸਰਦਾਰ ਡਰ ਗਏ ਜਾਪਦੇ ਸਨ। ਸੋ, ਦੀਨਾ ਨਾਥ ਨਾਲ ਹੋਏ ਇਸ ਵਰਤਾਉ ਤੋਂ ਪਿੱਛੋਂ ਕੋਈ ਨਾ ਬੋਲਿਆ। ਇਸ ਹਾਲਾਤ ਥੱਲੇ 'ਭਲ੍ਹੋਵਾਲ' ਦੀ ਸੁਲ੍ਹਾ ਪੱਕੀ ਹੋਈ, ਜੋ ਮਹਾਰਾਣੀ ਦੀ ਮਰਜ਼ੀ ਦੇ ਵਿਰੁਧ ਤੇ ਹਾਰਡਿੰਗ ਦੀ ਜ਼ੋਰਦਾਰ ਇੱਛਿਆ ਅਨੁਸਾਰ ਹੋਈ। ਏਸ ਤੋਂ ਪਿਛੋਂ ਪੰਜਾਬ ਵਿਚ ਜਿੰਨੇ ਬਖੇੜੇ ਖੜੇ ਹੋਏ, ਸਭ ਦਾ ਮੁਢਲਾ ਕਾਰਨ ਇਹ 'ਸੁਲ੍ਹਾ' ਹੈ। ਜੇ ਇਹ ਅਹਿਦਨਾਮਾ ਬਦੋਬਦੀ ਪੰਜਾਬ ਦੇ ਸਿਰ ਨਾ ਮੜ੍ਹਿਆ ਜਾਂਦਾ, ਤਾਂ ਪਿੱਛੋਂ ਹੋਣ ਵਾਲੀ ਗੜਬੜ ਬਿਲਕੁਲ ਨਾ ਹੁੰਦੀ।

ਲਾਹੌਰ ਨਾਲ ਦੂੱਜਾ ਅਹਿਦਨਾਮਾ ੧੬ ਦਸੰਬਰ ੧੮੪੬ ਈ। ਨੂੰ ਲਾਹੌਰ ਵਿਚ ਪੱਕਾ ਹੋਇਆ ਤੇ ਭਰੋਵਾਲ ੨੨ ਦਸੰਬਰ, 1746 ਈ। ਨੂੰ ਗਵਰਨਰ ਜੈਨਰਲ ਨੇ ਤਸਦੀਕ ਕੀਤਾ, ਜੋ 'ਭਰੋਵਾਲ ਦੀ ਸੁਲ੍ਹਾ' ਦੇ ਨਾਮ ਨਾਲ ਮਸ਼ਹੂਰ ਹੈ।

## ਭਰੋਵਾਲ ਦੀ ਸੁਲ੍ਹਾ

''ਕਸ਼ਮੀਰ ਦੇ ਪੁਰਾਣੇ ਗਵਰਨਰ ਸ਼ੇਖ਼ ਇਮਾਮੁੱਦੀਨ- ਜੋ ਲਾਹੌਰ ਦਰਬਾਰ ਵੱਲੋਂ ਸੀ-ਨੇ ਰਾਜਾ ਗੁਲਾਬ ਸਿੰਘ ਨੂੰ ਕਸ਼ਮੀਰ ਦਾ ਕਬਜ਼ਾ ਕਰਨ ਤੋਂ ਹਥਿਆਰਾਂ ਨਾਲ ਰੋਕਿਆ। ਲਾਹੌਰ ਦਰਬਾਰ ਨੂੰ ਕਿਹਾ ਗਿਆ, ਕਿ ਉਹ ਆਪਣੀ ਪਰਜਾ ਨੂੰ ਕਾਬੂ ਕਰੇ ਤੇ 9 ਮਾਰਚ, 1746 ਈ। ਦੀ ਸੁਲ੍ਹਾ' ਦੀਆਂ ਸ਼ਰਤਾਂ ਨੂੰ ਪੂਰੀਆਂ ਕਰਦਿਆਂ ਹੋਇਆਂ ਕਸ਼ਮੀਰ ਦਾ ਸੂਬਾ ਅੰਗਰੇਜ਼ੀ ਸਰਕਾਰ ਦੇ ਥਾਪੇ ਹੋਏ-ਰਾਜਾ ਗੁਲਾਬ ਸਿੰਘ-ਦੇ ਹਵਾਲੇ ਕਰ ਦੇਵੇ। ''ਉਪਰਲਾ ਕੰਮ ਪੂਰਾ ਕਰਨ ਲਈ ਲਾਹੌਰ ਦਰਬਾਰ ਤੇ ਰਾਜਾ ਗੁਲਾਬ ਸਿੰਘ ਦੀਆਂ ਫ਼ੌਜਾਂ ਦੀ ਮਦਦ ਵਾਸਤੇ, ਲੋੜ ਪਈ 'ਤੇ ਇਕ ਅੰਗਰੇਜ਼ੀ ਫ਼ੌਜ ਲਾਈ ਗਈ।

– ਚਲਦਾ


## ਪਿਛਲੇ ਸਫ਼ੇ ਦਾ ਬਾਕੀ

ਉਨ੍ਹਾਂ ਦੇ ਜੱਥੇ ਨੇ ਸਥਾਨਕ ਲੋਕਾਂ ਨੂੰ ਮਾਰ-ਮਾਰ ਕੇ ਉਨ੍ਹਾਂ ਦੀਆਂ ਲਾਸ਼ਾਂ ਦੇ ਢੇਰ ਲਗਾ ਦਿੱਤੇ।ਉਨ੍ਹਾਂ ਦੀਆਂ ਹੀ ਲਗਾਈਆਂ ਅੱਗਾਂ ਨਾਲ ਉਨ੍ਹਾਂ ਦੇ ਘਰ ਸਾੜ ਦਿੱਤੇ ਤੇ ਉਨ੍ਹਾਂ ਦੇ ਬਚੇ ਹੋਏ ਬਾਜਰੇ ਤੇ ਮੱਕੀ ਦੇ ਮਿਨਾਰਾਂ ਨੂੰ ਅੱਗ ਲਗਾ ਕੇ ਸਾੜ ਦਿੱਤਾ ਜਿਸ ਨਾਲ ਸਥਾਨਕ ਲੋਕ ਜਾਨ ਬਚਾਉਣ ਲਈ ਅਫਗਾਨ ਸੈਨਾ ਵੱਲ ਭੱਜ ਗਏ।ਅਫਗਾਨ ਸੈਨਾ ਦਾ ਵੀ ਬੁਰਾ ਹਾਲ ਹੋ ਰਿਹਾ ਸੀ।ਮਾਲੇਰਕੋਟਲੇ ਅਤੇ ਸਰਹਿੰਦ ਦੀਆਂ ਫੌਜਾਂ ਦਾ ਖਾਲਸੇ ਨੇ ਕਚੂਮਰ ਹੀ ਕੱਢ ਦਿੱਤਾ ਸੀ।ਅਬਦਾਲੀ ਦੀਆਂ ਫੌਜਾਂ ਨੇ ਕਈ ਵਾਰ ਸਿੱਖਾਂ ਵੱਲੋਂ ਵਹੀਰ ਦੇ ਦੁਆਲੇ ਕੀਤੀ ਗਈ ਨਾਕਾਬੰਦੀ ਨੂੰ ਤੋੜਿਆ ਤੇ ਗੈਰ-ਲੜਾਕੂ ਸਿੱਖਾਂ ਦਾ ਘਾਣ ਬੱਚਾ ਪੀੜਿਆ।ਪਰ ਹਰ ਵਾਰ ਸਿੱਖਾਂ ਨੇ ਵਹੀਰ ਦੁਆਲੇ ਦੁਬਾਰਾ ਘੇਰਾਬੰਦੀ ਕੀਤੀ ਤੇ ਵਹੀਰ ਨੂੰ ਅੱਗੇ ਨੂੰ ਚਲਦੀ ਰੱਖਿਆ।

ਕੁਤਬਾ ਪਿੰਡ ਤੋਂ ਬਾਹਰ ਵਾਰ ਇੱਕ ਬਹੁਤ ਵੱਡੀ ਪਾਣੀ ਦੀ ਢਾਬ ਸੀ।ਦੋਵੇਂ ਦੁਪਹਿਰ ਤੋਂ ਬਾਅਦ ਉੱਥੇ ਪਹੁੰਚ ਚੁੱਕੀਆਂ ਸਨ।ਦੋਹਾਂ ਧਿਰਾਂ ਦੇ ਸੈਨਿਕ ਜੋ ਕਿ ਬਹੁਤ ਥੱਕੇ ਟੁੱਟੇ ਤੇ ਪਿਆਸੇ ਸਨ ਇਸ ਵਿੱਚ ਵੜ ਗਏ।ਇਸ ਢਾਬ ਦੇ ਦੋਵੇਂ ਪਾਸੇ ਦੋਵਾਂ ਧਿਰਾਂ ਦੇ ਸੈਨਿਕਾਂ ਨੇ ਪਾਣੀ ਪੀਤਾ।ਜਿਨ੍ਹਾਂ ਅਫਗਾਨਾਂ ਦੇ ਘੋੜੇ ਢਾਬ ਵਿੱਚ ਵੜ ਗਏ ਸਨ ਉਹ ਅਫਗਾਨ ਧਰਤੀ ਉੱਤੇ ਹੀ ਲੰਮੇ ਪੈ ਗਏ।ਸੰਨ 1970-71 ਤੱਕ ਇਹ ਢਾਬ ਮੂਲ ਰੂਪ ਵਿੱਚ ਮੌਜੂਦ ਸੀ ਤੇ ਇਸ ਦੇ ਇੱਕੋ ਕੰਡੇ ਤੇ ਨਿਸ਼ਾਨ ਸਾਹਿਬ ਝੂਲਦੇ ਸਨ।ਪਰ ਹੁਣ ਇਸ ਢਾਬ ਵਾਲੀ ਥਾਂ ਨੂੰ ਮਿੱਟੀ ਨਾਲ ਭਰ ਕੇ ਇਸ ਨੂੰ ਵਾਹਕ ਜ਼ਮੀਨ ਨਾਲ ਮਿਲਾ ਦਿੱਤਾ ਗਿਆ ਹੈ ਕਿਉਂਕਿ ਇਹ ਢਾਬ ਮੁਰੱਬਾਬੰਦੀ ਸਮੇਂ ਕਿਸਾਨਾਂ ਨੂੰ ਅਲਾਟ ਕਰ ਦਿੱਤੀ ਗਈ ਸੀ।ਕੁੱਝ ਥਾਂ ਮੁੱਲ ਕੇ ਇੱਥੇ ਇੱਕ ਛੋਟਾ ਜਿਹਾ ਗੁਰਦੁਆਰਾ ਗੁਰਦੁਆਰਾ ਢਾਬ ਸਾਹਿਬ ਉਸਾਰਿਆ ਗਿਆ ਹੈ।ਗਿਆਨ ਸਿੰਘ ਨੇ ਪਾਣੀ ਵਾਲੀ ਢਾਬ ਪਿੰਡ ਹਠੂਰ, ਜਿਲ੍ਹਾ ਲੁਧਿਆਣਾ ਵਿਖੇ ਦੱਸੀ ਹੈ। ਪਿੰਡ ਹਠੂਰ ਕੁਤਬਾ-ਬਾਹਮਣੀਆ ਤੋਂ ਅੱਗੇ ਪਰ ਇੱਕ ਪਾਸੇ ਅੱਠ-ਦਸ ਕਿਲੋਮੀਟਰ ਦੀ ਵਿੱਥ 'ਤੇ ਹੈ। ਜਦੋਂ ਅਫਗਾਨ ਸੈਨਿਕਾਂ ਨੇ ਮਾਲਵੇ ਵੱਲੋਂ ਸਿੱਖਾਂ ਦੇ ਜੱਥੇ ਜੈਕਾਰੇ ਬੁਲਾਉਂਦੇ ਹੋਏ ਤਾਂ ਉਹ ਡਰ ਗਏ ਤੇ ਪਿੱਛੇ ਨੂੰ ਹਟਣੇ ਸ਼ੁਰੂ ਹੋ ਗਏ।ਸਥਾਨਕ ਲੋਕਾਂ ਤੋਂ ਅਫ਼ਗਾਨਾਂ ਨੂੰ ਇਹ ਵੀ ਪਤਾ ਲੱਗ ਚੁੱਕਿਆ ਸੀ ਕਿ ਅੱਗੇ ਸਿੱਖਾਂ ਦੇ ਪਿੰਡ ਹਨ ਤੇ ਪਾਣੀ ਦੀਆਂ ਢਾਬਾਂ ਬਹੁਤ ਦੂਰ-ਦੂਰ ਹਨ।ਇਸ ਸਮੇਂ ਲੜਾਈ ਬੰਦ ਹੋ ਗਈ ਤੇ ਮੁੜ ਕਿਸੇ ਧਿਰ ਵੱਲੋਂ ਸ਼ੁਰੂ ਨਾ ਕੀਤੀ ਗਈ। ਮਾਲਵੇ ਵੱਲੋਂ ਆਏ ਜੱਥੇ ਸਿੰਘਾਂ ਦੀ ਵਹੀਰ ਨੂੰ ਆਪਣੇ ਘੇਰੇ ਵਿੱਚ ਲੈ ਕੇ ਅੱਗੇ ਮਾਲਵੇ ਦੇ ਪਿੰਡਾਂ ਵਿੱਚ ਲੈ ਗਏ।ਜਦੋਂ ਤੱਕ ਪਰਵਾਰਾਂ ਦੀ ਵਹੀਰ ਦੂਰ ਤੱਕ ਨਹੀਂ ਨਿਕਲ ਗਈ ਦਲ ਖਾਲਸਾ ਦੁਸ਼ਮਣ ਦੇ ਅੱਗੇ ਹੀ ਡੱਟਿਆ ਰਿਹਾ।ਪਿੰਡ ਗਹਿਲ,ਜ਼ਿਲ੍ਹਾ ਬਰਨਾਲਾ ਜੋ ਕਿ ਮਾਲੇਰਕੋਟਲਾ ਵੱਲੋਂ ਕੁਤਬਾ-ਬਾਹਮਣੀਆ ਤੋਂ ਤਕਰੀਬਨ ਪੰਦਰਾਂ ਕਿਲੋਮੀਟਰ ਅੱਗੇ ਹੈ,ਵਿੱਚ ਵੀ ਦੋਹਾਂ ਫੌਜਾਂ ਦੀ ਲੜਾਈ ਚਾਲੂ ਰਹੀ।ਇਸ ਮਹਾਂ ਯੁੱਧ ਵਿੱਚ ਜੋ ਕਿ ਕਈ ਪਿੰਡਾਂ ਵਿੱਚ ਫੈਲਿਆ ਰਿਹਾ ਕਿਸੇ ਵੀ ਧਿਰ ਨੂੰ ਜੇਤੂ ਨਹੀਂ ਕਿਹਾ ਜਾ ਸਕਦਾ।ਲੜਾਈ ਵਿੱਚ ਅਫ਼ਗਾਨਾਂ ਨੂੰ ਵੀ ਬਹੁਤ ਮਾਰ ਪਈ ਪਰ ਹਮਲਾਵਰ ਹੋਣ ਕਰਕੇ ਉਨ੍ਹਾਂ ਦੇ ਨੁਕਸਾਨ ਨੂੰ ਉਭਾਰਿਆ ਨਹੀਂ ਗਿਆ ਤੇ ਇਸ ਗੱਲ ਦੀ ਸੰਭਾਵਨਾ ਵੀ ਹੈ ਕਿ ਸਿੰਘਾਂ ਨਾਲੋਂ ਜ਼ਿਆਦਾ ਅਫਗਾਨ ਸੈਨਿਕ ਮਾਰੇ ਗਏ ਹੋਣ। ਮੁਸਲਮਾਨੀ ਅਬਾਦੀ ਹੋਣ ਕਰਕੇ ਕੁੱਪ-ਕਹੀੜੇ ਵਿੱਚ ਅਤੇ ਕੁਤਬਾ-ਬਾਹਮਣੀਆਂ ਵਿੱਚ ਵੱਡੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿੱਚ ਬਹੁਤ ਦੇਰ ਤੱਕ ਕੋਈ ਗੁਰੂਦੁਆਰਾ ਨਹੀਂ ਸੀ ਬਣਾਇਆ ਗਿਆ।ਹੁਣ ਪਿੰਡ ਰਹੀੜਾ ਵਿਖੇ ਵੱਡੇ ਘੱਲੂਘਾਰੇ ਵਿੱਚ ਸ਼ਹੀਦ ਹੋਏ ਸਿੰਘਾਂ,ਸਿੰਘਣੀਆਂ ਤੇ ਭੁਜੰਗੀਆਂ ਦੀ ਪਵਿੱਤਰ ਯਾਦ ਵਿੱਚ ਗੁਰੂਦੁਆਰਾ ਸ਼ਹੀਦ ਗੰਜ ਵੱਡਾ ਘੱਲੂਘਾਰਾ ਸਾਹਿਬ ਸੁਸ਼ੋਬਿਤ ਹੈ।ਇਸ ਤੋਂ ਇਲਾਵਾ ਇਸ ਗੁਰੂਦੁਆਰੇ ਦੇ ਨੇੜੇ ਹੀ ਇਸੇ ਨਾਂ ਦਾ ਇੱਕ ਹੋਰ ਗੁਰੂਦੁਆਰਾ ਸੁਸ਼ੋਬਿਤ ਸੀ ਜਿਸ ਦੀ ਥਾਂ 'ਤੇ ਹੁਣ ਸ਼ਹੀਦਾਂ ਦੀ ਯਾਦਗਾਰ ਉਸਾਰੀ ਗਈ ਹੈ।ਇੱਥੋਂ ਦੇ ਰੇਲਵੇ ਸਟੇਸ਼ਨ ਦਾ ਨਾਂ ਵੀ 'ਘੱਲੂਘਾਰਾ ਰਹੀੜਾ ਰੇਲਵੇ ਸਟੇਸ਼ਨ' ਰੱਖਿਆ ਗਿਆ। ਕੁਤਬਾ ਪਿੰਡ ਵਿਖੇ ਇਸ ਘੱਲੂਘਾਰੇ ਦੇ ਸ਼ਹੀਦਾ ਦੀ ਪਵਿੱਤਰ ਯਾਦ ਵਿੱਚ ਗੁਰੂਦੁਆਰਾ ਅਤਿ ਵੱਡਾ ਘੱਲੂਘਾਰਾ ਸਾਹਿਬ ਅਤੇ ਗੁਰੂਦੁਆਰਾ ਢਬਿ ਸਾਹਿਬ ਸੁਸ਼ੋਬਿਤ ਹਨ। ਜਦੋਂ ਸਿੱਖ ਮਾਲਵੇ ਦੇ ਪਿੰਡਾਂ ਵਿੱਚ ਪਹੁੰਚੇ ਤਾਂ ਪਿੰਡਾਂ ਦੇ ਪਿੰਡ ਉਨ੍ਹਾਂ ਲਈ ਭਾਂਤ- ਭਾਂਤ ਦੇ ਖਾਣੇ ਤੇ ਦੁੱਧ ਲੈ ਕੇ ਪਹੁੰਚ ਗਏ। ਹਰ ਸਿੱਖ ਪਰਵਾਰ ਅਤੇ ਹਰ ਘੋੜਾ ਜ਼ਖਮੀ ਸੀ।ਤੰਬੂ ਲਾ ਕੇ ਵੈਦਾਂ ਤੇ ਹਕੀਮਾਂ ਨੂੰ ਬੁਲਾ ਕੇ ਜ਼ਖਮੀ ਸਿੰਘ, ਸਿੰਘਣੀਆਂ ਤੇ ਭੁਜੰਗੀਆਂ ਦੀ ਮਲ੍ਹਮ ਪੱਟੀ ਕੀਤੀ ਗਈ। ਇਹ ਸਮੁੱਚਾ ਘੱਲੂਘਾਰਾ 5 ਫਰਵਰੀ, 1762 ਨੂੰ ਅਰਥਾਤ ਇੱਕੋ ਦਿਨ ਲਗਾਤਾਰ 45-50 ਕਿਲੋਮੀਟਰ ਦੇ ਲੰਮੇ ਖੇਤਰ ਵਿੱਚ ਵਾਪਰਿਆ। ਇਸ ਵਿੱਚ ਕੁੱਪ-ਰਹੀੜਾ, ਕੁਤਬਾ-ਬਾਹਮਣੀਆ, ਗਹਿਲ ਅਤੇ ਹਠੂਰ ਪਿੰਡਾਂ ਦੇ ਨਾਮ ਲਏ ਜਾਂਦੇ। ਗਹਿਲ ਨੂੰ ਛੱਡ ਕੇ ਬਾਕੀ ਸਾਰੇ ਪਿੰਡ ਉਸ ਸਮੇਂ ਮੁਸਲਮਾਨੀ ਅਬਾਦੀ ਵਾਲੇ ਸਨ। ਗਹਿਲ ਪਿੰਡ ਵਿੱਚ ਸੱਤਵੇਂ ਪਾਤਿਸ਼ਾਹ ਦੀ ਯਾਦ ਵਿੱਚ ਇੱਕ ਗੁਰਦੁਆਰਾ ਸਾਹਿਬ ਉਸਾਰਿਆ ਹੈ। ਇਹ ਅਫਗਾਨਾਂ ਵੱਲੋਂ ਇੱਕੋ ਇੱਕ ਦਿਨ ਵਿੱਚ ਕੀਤਾ ਗਿਆ ਬਹੁਤ ਭਿਅੰਕਰ ਕਤਲੇਆਮ ਸੀ ਜਿਸ ਵਿੱਚ ਸਿੱਖਾਂ ਨੂੰ ਕੁਚਲਣ ਦੀ ਕੋਸ਼ਸ ਕੀਤੀ ਗਈ ਸੀ। ਦੂਜੇ ਪਾਸੇ ਜਿਹੜੇ ਕੁਤਬਾ ਅਤੇ ਬਾਹਮਣੀਆ ਪਿੰਡਾਂ ਦੇ ਲੋਕ ਸਿੱਖਾਂ ਨਾਲ ਲੜੇ ਸਨ ਸਿੱਖ ਸੈਨਿਕਾਂ ਵੱਲੋਂ ਉਨ੍ਹਾਂ ਦਾ ਵੀ ਵੱਡੀ ਪੱਧਰ ਤੇ ਕਤਲੇਆਮ ਕੀਤਾ ਗਿਆ ਸੀ। ਇਸ ਘੱਲੂਘਾਰੇ ਵਿੱਚ ਅਫ਼ਗਾਨਾਂ ਦਾ ਵੀ ਬਹੁਤ ਭਾਰੀ ਨੁਕਸਾਨ ਹੋਇਆ। ਇਸ ਨੁਕਸਾਨ ਤੋਂ ਡਰਦੇ ਮਾਰੇ ਹੀ ਅਬਦਾਲੀ ਪਿੱਛੇ ਮੁੜਿਆ ਸੀ। ਅਬਦਾਲੀ ਦਿਲੋਂ ਸ਼ਰਮਿੰਦਾ ਸੀ ਕਿ ਜਨਵਰੀ,1761 ਵਿੱਚ ਉਹ ਲਗਭਗ ਤਿੰਨ ਲੱਖ ਦੀ ਗਿਣਤੀ ਵਿੱਚ ਇਕੱਠੀ ਹੋਈ ਮਰਾਠਾ ਸੈਨਾ ਨੂੰ ਪੂਰੀ ਤਰ੍ਹਾਂ ਕੁਚਲ ਸਕਿਆ ਸੀ ਪਰ ਇਸ ਘੱਲੂਘਾਰੇ ਵਿੱਚ 50-60 ਹਜ਼ਾਰ ਦੀ ਗਿਣਤੀ ਵਾਲੇ ਦਲ ਖਾਲਸਾ ਨੂੰ ਉਹ ਘੇਰ ਕੇ ਨਹੀਂ ਸੀ ਮਾਰ ਸਕਿਆ।ਅਬਦਾਲੀ ਸ਼ਾਮ ਹੋਣ 'ਤੇ ਕੁਤਬਾ-ਬਾਹਮਣੀਆਂ ਪਿੰਡਾਂ ਵਿੱਚ ਲੜਨੋ ਹਟ ਗਿਆ ਸੀ।ਲੜਨ ਤੋਂ ਹਟਣ ਦੀ ਪਹਿਲ ਅਬਦਾਲੀ ਨੇ ਕੀਤੀ ਸੀ। ਘੱਲੂਘਾਰੇ ਵਿੱਚ ਅਬਦਾਲੀ ਸਿੱਖਾਂ ਨੂੰ ਕੁਚਲਣ ਵਿੱਚ ਅਸਫਲ ਰਿਹਾ। ਦੋ ਕੁ ਮਹੀਨਿਆਂ ਤੋਂ ਪਿੱਛੋਂ 1762 ਈ. ਦੀ ਵਿਸਾਖੀ ਦੇ ਮੌਕੇ 'ਤੇ ਜਦੋਂ ਥੱਕਿਆ ਟੁੱਟਿਆ ਖਤਲਸਾ ਮੁੜ ਤੋਂ ਤਿਆਰ-ਬਰ-ਤਿਆਰ ਹੋਇਆ ਤਾਂ ਉਸ ਨੇ ਸਭ ਤੋਂ ਪਹਿਲਾਂ ਕੁੱਪ-ਰਹੀੜਾ ਅਤੇ ਕੁੱਪ-ਬਾਹਮਣੀਆਂ ਪਿੰਡਾਂ ਨੂੰ ਉਜਾੜਨ ਦਾ ਕੰਮ ਕੀਤਾ।ਰਹੀੜੇ ਦਾ ਥੇਹ ਜੋ ਕਿ ਗੁਰੂਦੁਆਰੇ ਕੋਲ ਹੀ ਹੈ ਇਸ ਉਜਾੜੇ ਦੀ ਗਵਾਹੀ ਪੇਸ਼ ਕਰਦਾ ਹੈ।ਇਸ ਸਮੇਂ ਇਸ ਥੇਹ ਦੇ ਉੱਪਰ 125 ਫੁੱਟ ਉੱਚਾ ਨਿਸ਼ਾਨ ਸਾਹਿਬ ਝੂਲ ਰਿਹਾ ਹੈ। ਇਸ ਘੱਲੂਘਾਰੇ ਵਿੱਚ ਸ਼ਹੀਦ ਹੋਏ 50-60 ਹਜ਼ਾਰ ਸਿੱਖਾਂ ਦੇ ਸਿਰਾਂ ਨਾਲ ਭਰੇ ਹੋਏ ਗੱਡੇ ਅਬਦਾਲੀ ਨੇ ਲਾਹੌਰ ਨੂੰ ਤੋਰ ਦਿੱਤੇ।ਇਸ ਤੋਂ ਇਲਾਵਾ ਉਹ ਸਰਹਿੰਦ ਤੋਂ ਲਾਹੌਰ ਵੱਲ ਜਾਂਦਾ ਹੋਇਆ ਸਾਰੇ ਪਿੰਡਾਂ ਵਿੱਚ ਵੜ ਕੇ ਸਾਰੇ ਸਿੱਖਾਂ ਨੂੰ ਕੈਦੀ ਬਣਾ ਕੇ ਵੀ ਆਪਣੇ ਨਾਲ ਲੈ ਗਿਆ।ਉਹ 3 ਮਾਰਚ,1762 ਨੂੰ ਲਾਹੌਰ ਪਹੁੰਚਿਆ।ਲਾਹੌਰ ਜਾ ਕੇ ਕਤਲ ਹੋਏ ਸਿੱਖਾਂ ਦੇ ਸਿਰਾਂ ਦੇ ਮਿਨਾਰ ਉਸਾਰੇ ਗਏ ਅਤੇ ਕਿਹਾ ਜਾਂਦਾ ਹੈ ਕਿ ਅਬਦਾਲੀ ਦੁਆਰਾ ਉਨ੍ਹਾਂ ਮਸਜਿਦਾਂ ਦੀਆਂ ਦਿਵਾਰਾਂ ਨੂੰ ਜਿਨ੍ਹਾਂ ਨੂੰ ਸਿੱਖਾਂ ਨੇਅਬਦਾਲੀ ਅਪਵਿੱਤਰ ਕੀਤਾ ਸੀ ਸਿੱਖਾਂ ਦੇ ਖੂਨ ਨਾਲ ਧੋਤਾ ਗਿਆ।ਅਬਦਾਲੀ ਨੇ ਸਿੱਖਾਂ ਤੇ ਜੋ ਤਸ਼ੱਦਦ ਢਾਹੇ ਉਹ ਬਿਆਨ ਤੋਂ ਬਾਹਰ ਹਨ। ਲਾਹੌਰ ਪਹੁੰਚ ਕੇ ਅਬਦਾਲੀ ਨੇ ਸਿੱਖਾਂ ਦਾ ਸਰਵਨਾਸ਼ ਕਰਨ ਦੀ ਯੋਜਨਾ ਬਣਾਈ।ਪੰਜਾਬ ਅਤੇ ਉੱਤਰੀ ਭਾਰਤ ਵਿੱਚ ਸਿੱਖਾਂ ਦੀ ਸ਼ਕਤੀ ਨੂੰ ਖਤਮ ਕਰਨ ਸੰਬੰਧੀ ਉਸ ਨੂੰ ਇਹ ਜਾਣਕਾਰੀ ਪਰਾਪਤ ਹੋਈ ਕਿ ਸਿੱਖ ਸ੍ਰੀ ਦਰਬਾਰ ਸਾਹਿਬ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰ ਕੇ ਨਿਡਰ ਹੋ ਜਾਂਦੇ ਹਨ ਤੇ ਲੜਾਈਆਂ ਵਿੱਚ ਜਿੱਤ ਜਾਂਦੇ ਹਨ।ਉਹ ਫਰਵਰੀ 1762 ਦੇ ਆਖਰੀ ਹਫਤੇ ਵਿੱਚ ਅੰਮ੍ਰਿਤਸਰ ਪਹੁੰਚਿਆ।ਸਿੱਖਾਂ ਨੂੰ ਹੋਰ ਤੰਗ ਕਰਨ ਲਈ ਉਸ ਨੇ 10 ਅਪ੍ਰੈਲ,1762 ਨੂੰ ਵਿਸਾਖੀ ਦੇ ਤਿਉਹਾਰ ਸਮੇਂ ਸਿੱਖਾਂ ਉੱਤੇ ਹਮਲਾ ਕੀਤਾ।ਸ੍ਰੀ ਦਰਬਾਰ ਸਾਹਿਬ ਨੂੰ ਬਾਰੂਦ ਨਾਲ ਉਡਵਾ ਦਿੱਤਾ ਤੇ ਪਵਿੱਤਰ ਸਰੋਵਰ ਨੂੰ ਗਊਆਂ ਦੇ ਖੂਨ ਨਾਲ ਅਪਵਿੱਤਰ ਕਰ ਕੇ ਇਸ ਵਿੱਚ ਕੂੜਾ ਕਰਕਟ ਅਤੇ ਮਲਵਾ ਭਰਵਾ ਦਿੱਤਾ।ਜੋ ਯਾਤਰੀਆਂ ਲਈ ਬੁੰਗੇ ਬਣੇ ਹੋਏ ਸਨ ਉਹ ਵੀ ਤਬਾਹ ਕਰਵਾ ਦਿੱਤੇ।ਜਿੰਨੇ ਸੇਵਾਦਾਰ ਖੜ੍ਹੇ ਸਨ,ਉਨ੍ਹਾਂ ਸਭ ਨੂੰ ਕਤਲ ਕਰਵਾ ਦਿੱਤਾ।ਇਤਿਹਾਸਕਾਰਾਂ ਅਨੁਸਾਰ ਜਦੋਂ ਦਰਬਾਰ ਸਾਹਿਬ ਨੂੰ ਬਾਰੂਦ ਨਾਲ ਉਡਾਇਆ ਜਾ ਰਿਹਾ ਤਾਂ ਇੱਕ ਉੜਦਾ ਹੋਇਆ ਰੋੜਾ ਅਬਦਾਲੀ ਦੇ ਨੱਕ ਤੇ ਵੱਜਿਆ ਅਤੇ ਉੱਥੇ ਅਜਿਹਾ ਜ਼ਖਮ ਹੋ ਗਿਆ ਜੋ ਕਦੇ ਠੀਕ ਨਾ ਹੋਇਆ।ਜਿਸ ਦਾ ਦੋ ਸਾਲ ਦੁੱਖ ਸਹਾਰਨ ਤੋਂ ਬਾਅਦ ਉਹ ਮਰ ਗਿਆ। ਜਦੋਂ 17 ਅਕਤੂਬਰ,1762 ਨੂੰ ਵੱਡੇ ਘੱਲੂਘਾਰੇ ਵਿੱਚ ਹੋਏ ਨੁਕਸਾਨ ਅਤੇ ਪਵਿੱਤਰ ਅਸਥਾਨ ਦੀ ਹੋਈ ਬੇਅਦਬੀ ਦਾ ਬਦਲਾ ਲੈਣ ਲਈ 60,000 ਖਾਲਸਾ ਅੰਮ੍ਰਿਤਸਰ ਦੀ ਖੰਡਰ ਹੋਈ ਧਰਤੀ 'ਤੇ ਦੀਵਾਲੀ ਦੇ ਸਮਾਗਮ ਲਈ ਇਕੱਠਾ ਹੋਇਆ ਤਾਂ ਅਬਦਾਲੀ ਵੀ ਆਪਣੀ ਸੈਨਾ ਲੈ ਕੇ ਪਹੁੰਚ ਗਿਆ।ਸਵੇਰ ਤੋਂ ਰਾਤ ਪੈਣ ਤੱਕ ਲੜਾਈ ਚੱਲਦੀ ਕਿ ਰਾਤ ਦੇ ਹਨੇਰੇ ਦੀ ਆੜ ਲੈ ਕੇ ਅੰਤ ਵਿੱਚ ਅਬਦਾਲੀ ਆਪਣੀਆਂ ਫੌਜਾਂ ਲੈ ਕੇ ਵਾਪਸ ਲਾਹੌਰ ਭੱਜ ਜਾਣ ਲਈ ਮਜਬੂਰ ਹੋ ਗਿਆ।ਅਗਲੇ ਦਿਨ ਅਬਦਾਲੀ ਦਾ ਇੱਕ ਵੀ ਸੇਨਿਕ ਲੜਾਈ ਵਾਲੀ ਥਾਂ 'ਤੇ ਨਾ ਪਹੁੰਚਿਆ।ਇਸ ਪਰਕਾਰ ਨਾਲ ਸਿੰਘਾਂ ਨੇ ਉਸ ਤੋਂ ਵੱਡੇ ਘੱਲੂਘਾਰੇ ਦਾ ਬਦਲਾ ਲੈ ਲਿਆ ਸੀ। 12 ਦਸੰਬਰ,1762 ਨੂੰ ਅਬਦਾਲੀ ਨੇ ਲਾਹੌਰ ਤੋਂ ਕਾਬਲ ਜਾਣ ਤੋਂ ਪਹਿਲਾਂ ਦੀਵਾਨ ਕਾਬੁਲੀਮੱਲ ਨੂੰ ਧੱਕੇ ਨਾਲ ਲਾਹੌਰ ਦੀ ਸੂਬੇਦਾਰੀ ਸੌਂਪ ਦਿੱਤੀ।ਅਬਦਾਲੀ ਦੇ ਜਾਣ ਤੋਂ ਇੱਕਦਮ ਬਾਅਦ ਕਾਬੁਲੀਮੱਲ ਨੇ ਸਿੱਖਾਂ ਨੂੰ ਸੁਨੇਹੇ ਭੇਜ ਦਿੱਤੇ ਕਿ ਉਹ ਆ ਕੇ ਲਾਹੌਰ ਦਾ ਪਰਬੰਧ ਆਪਣੇ ਹੱਥਾਂ ਵਿੱਚ ਲੈ ਲੈਣ।ਕਾਬੁਲੀਮੱਲ ਦੇ ਸਮੇਂ ਸਿੰਘ ਬਹੁਤ ਸਾਰੇ ਪਠਾਣਾਂ ਨੂੰ ਕੈਦ ਕਰ ਕੇ ਅੰਮ੍ਰਿਤਸਰ ਲੈ ਆਏ ਤੇ ਉਨ੍ਹਾਂ ਤੋਂ ਅੰਮ੍ਰਿਤਸਰ ਦੇ ਪਵਿੱਤਰ ਅਸਥਾਨ ਦੀ ਕਾਰ ਸੇਵਾ ਕਰਵਾਈ।ਇਸ ਪਰਕਾਰ 1763 ਈ.ਦੀ ਵਿਸਾਖੀ ਤੱਕ ਅੰਮ੍ਰਿਤਸਰ ਮੁੜ ਤੋਂ ਸਾਫ ਸੁਥਰਾ ਕਰ ਲਿਆ ਗਿਆ। ਮੁਤੱਸਵੀ ਅਬਦਾਲੀ ਨੇ ਜੋ ਸਿੱਖਾਂ ਨਾਲ ਪਾਪ ਕਮਾਏ ਉਨ੍ਹਾਂ ਨੂੰ ਸਿੱਖ ਕੌਮ ਕਦੇ ਨਹੀਂ ਭੁੱਲ ਸਕਦੀ।ਵੱਡਾ ਘੱਲੂਘਾਰਾ ਸਿੱਖ ਕੌਮ ਦੇ ਸੀਨੇ 'ਤੇ ਇੱਕ ਵੱਡਾ ਜ਼ਖ਼ਮ ਹੈ।ਰਹਿੰਦੀ ਦੁਨੀਆਂ ਤੱਕ ਸਿੱਖ ਕੌਮ ਵੱਡੇ ਘੱਲੂਘਾਰੇ ਵਿੱਚ ਸ਼ਹੀਦ ਹੋਏ ਸਿੰਘਾਂ,ਸਿੰਘਣੀਆਂ ਤੇ ਭੁਜੰਗੀਆਂ ਦੀ ਕੁਰਬਾਨੀ ਨੂੰ ਯਾਦ ਰੱਖੇਗੀ ਤੇ ਇਨ੍ਹਾਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਟ ਭੇਟ ਕਰਦੀ ਰਹੇਗੀ।

# ਜਸਵੰਤ ਸਿੰਘ ਕੰਵਲ ਨੂੰ ਯਾਦ ਕਰਦਿਆਂ

ਇੰਜ.ਕੁਲਦੀਪ ਸਿੰਘ ਰਾਮਨਗਰ
ਸੰਪਰਕ : 9417990040



"ਪੁੰਨਿਆਂ ਦਾ ਚੰਨ ਸੀ ਜਸਵੰਤ ਕੰਵਲ"

ਪੰਜਾਬੀ ਸਾਹਿਤ ਦਾ ਇਹ ਬਾਬਾ ਬੋਹੜ ਪੂਰੀ ਇਕ ਸਦੀ ਦੀ ਉਮਰ ਭੋਗ ਕੇ ਇਕ ਫਰਵਰੀ 2020 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ ਸੀ। ਹਰ ਸਾਲ ਇਸ ਦਿਨ ਉਨ੍ਹਾਂ ਦੇ ਚਾਹੁਣ ਵਾਲੇ ਲੇਖਕ ਪਾਠਕ ਮਿਲ ਕੇ ਉਨ੍ਹਾਂ ਦੀ ਬਰਸੀ, ਉਨ੍ਹਾਂ ਦੇ ਜੱਦੀ ਪਿੰਡ ਢੁੱਡੀਕੇ ਵਿਖੇ ਮਨਾਉਂਦੇ ਹਨ। ਹੁਣ ਵੀ ਉਨ੍ਹਾਂ ਦੇ ਘਰ ਦੀਆਂ ਛੱਤਾਂ ਦੇ ਬਾਲੇ ਅਤੇ ਉਨ੍ਹਾਂ ਦੀ ਪੁਰਾਣੀ ਅਤੇ ਛੋਟੀ ਜਿਹੀ ਮੇਜ਼ ਕੁਰਸੀ ਉਨ੍ਹਾਂ ਦੀ ਸਾਦਗੀ ਦੀ ਬਾਤ ਪਾਉਂਦੀ ਹੈ। ਉਦੋਂ ਸ਼ਾਇਦ ਕਿਸੇ ਨੂੰ ਵੀ ਪਤਾ ਨਹੀਂ ਸੀ ਕਿ ਢੁੱਡੀਕੇ ਪਿੰਡ ਦਾ ਇਹ "ਮਾਹਲੇ ਕਾ ਬੰਤਾ" ਇੱਕ ਦਿਨ ਪੰਜਾਬੀ ਸਾਹਿਤ ਦੇ ਪਿਤਾਮਾ ਅਤੇ ਬਾਬਾ ਬੋਹੜ ਵਜੋਂ ਜਾਣਿਆ ਜਾਂਦਾ ਰਹੇਗਾ।

ਜਦੋਂ ਜਸਵੰਤ ਸਿੰਘ ਕੰਵਲ ਦਾ ਜਨਮ ਹੋਇਆ ਢੁੱਡੀਕੇ ਕੱਚੇ ਕੋਠਿਆਂ ਵਾਲਾ ਪਿੰਡ ਸੀ। ਕੱਚੇ ਰਾਹ ਸਨ ਤੇ ਵਿੰਗੀਆਂ ਟੇਢੀਆਂ ਪਹੀਆਂ ਤੇ ਪਗਡੰਡੀਆਂ। ਟਾਵੇਂ ਟੱਲੇ ਖੂਹ ਸਨ ਜਿਨ੍ਹਾਂ ਉੱਤੇ ਹਲਟ ਚਲਦੇ। ਹਲਟਾਂ ਦੇ ਕੁੱਤੇ ਟਿਕੀਆਂ ਰਾਤਾਂ ਵਿੱਚ ਟਿੱਚ ਟਿੱਚ ਕਰਦੇ। ਨੇੜਲੇ ਸ਼ਹਿਰ ਜਗਰਾਓਂ ਤੇ ਮੋਗਾ ਸਨ। ਨੇੜਲਾ ਰੇਲਵੇ ਸਟੇਸ਼ਨ ਅਜੀਤਵਾਲ ਦੋ ਕੋਹ ਦੂਰ ਸੀ। ਆਉਣ ਜਾਣ ਲਈ ਗੱਡੇ ਜਾਂ ਯੱਕੇ ਦੀ ਸਵਾਰੀ ਹੁੰਦੀ ਸੀ। ਕੰਵਲ ਸਾਹਿਬ ਦਸਦੇ ਸਨ ਕਿ ਉਹ ਲਹੌਰ ਦੀ ਲਾਇਬ੍ਰੇਰੀ ਵਿੱਚ ਕਿਤਾਬਾਂ ਪੜ੍ਹਨ ਲਈ ਮੋਗਾ ਤੋਂ ਬੱਸ ਰਾਹੀਂ ਜਾਇਆ ਕਰਦੇ ਸਨ। ਉਨ੍ਹਾਂ ਦਾ ਜਨਮ ਪਿੰਡ ਢੁੱਡੀਕੇ (ਜ਼ਿਲਾ ਮੋਗਾ) ਵਿਖੇ ਸ੍ਰੀ ਮਾਹਲਾ ਸਿੰਘ ਦੇ ਘਰ ਹੋਇਆ। 1943 ਵਿੱਚ ਜਸਵੰਤ ਸਿੰਘ ਕੰਵਲ ਦਾ ਵਿਆਹ ਮੁਖਤਿਆਰ ਕੌਰ ਨਾਲ ਹੋਇਆ। ਉਨ੍ਹਾਂ ਦੇ ਘਰ ਚਾਰ ਧੀਆਂ ਤੇ ਇੱਕ ਪੁੱਤਰ ਨੇ ਜਨਮ ਲਿਆ। ਕੰਵਲ ਨੇ ਆਪਣੀ ਮੁੱਢਲੀ ਵਿੱਦਿਆ ਆਪਣੇ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ। ਉਸ ਨੇ ਦਸਵੀਂ ਦੀ ਜਮਾਤ ਪਾਸ ਨਹੀਂ ਕੀਤੀ ਪਰ ਗਿਆਨੀ ਜ਼ਰੂਰ ਕੀਤੀ ਹੋਈ ਸੀ। ਉਸ ਦੇ ਕਹਿਣ ਮੁਤਾਬਕ ਉਸ ਨੂੰ ਲਿਖਣ ਦੀ ਚੇਟਕ ਮਲਾਇਆ ਦੇ ਜੰਗਲਾਂ ਵਿੱਚ ਘੁੰਮਦਿਆਂ ਲੱਗੀ। ਉਹ ਆਪਣੀ ਲਿਖਣ ਕਲਾ ਨੂੰ ਮਲਾਇਆ ਦੀ ਸੌਗਾਤ ਆਖਦਾ ਹੈ। ਉਸ ਦਾ ਪਹਿਲਾ ਪਿਆਰ ਇੱਕ ਚੀਨੀ ਮੁਟਿਆਰ ਸੀ, ਜੋ ਉਨ੍ਹਾਂ ਨਾਲ ਵਿਆਹ ਤਾਂ ਕਰਵਾਉਣਾ ਚਾਹੁੰਦੀ ਸੀ ਪਰ ਆਪਣਾ ਦੇਸ਼ ਨਹੀਂ ਸੀ ਛੱਡਣਾ ਚਾਹੁੰਦੀ। ਇਸੇ ਤਰ੍ਹਾਂ ਕੰਵਲ ਹੁਰੀਂ ਵੀ ਉਥੇ ਪੱਕੇ ਤੌਰ 'ਤੇ ਰਹਿਣਾ ਨਹੀਂ ਸੀ ਚਾਹੁੰਦੇ। ਉਨ੍ਹਾਂ ਦੇ ਰਿਸ਼ਤੇ ਦਾ ਅੰਤ ਇਥੇ ਹੀ ਹੋ ਗਿਆ। ਉਨ੍ਹਾਂ ਨੇ ਵੀ ਰੋਜ਼ੀ ਰੋਟੀ ਦੀ ਖਾਤਰ ਮਲਾਇਆ ਵਿੱਚ ਚੌਕੀਦਾਰੀ ਵੀ ਕੀਤੀ ਤੇ ਆਪਣੇ ਪਿੰਡ ਦਿਆਂ ਖੇਤਾਂ ਵਿੱਚ ਆਪਣੇ ਛੋਟੇ ਭਰਾ ਨਾਲ ਹਲ ਵੀ ਵਾਹਿਆ। ਇਹ ਉਨ੍ਹਾਂ ਦਾ ਸੁਭਾਗ ਸੀ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਹੀ ਉਨ੍ਹਾਂ ਨੂੰ ਗੁਰੂ ਰਾਮਦਾਸ ਦੀ ਨਗਰੀ ਵਿੱਚ ਕਲਰਕੀ ਦੀ ਨੌਕਰੀ ਮਿਲ ਗਈ। ਉਥੇ ਹੀ ਰਹਿਣਾ, ਖਾਣਾ ਪੀਣਾ ਤੇ ਸਾਹਿਤਕ ਭੁੱਖ ਪੂਰੀ ਕਰਨ ਲਈ ਉਹ ਬਾਕੀ ਬਚਦਾ ਸਮਾਂ ਸ਼੍ਰੋਮਣੀ ਕਮੇਟੀ ਦੀ ਲਾਇਬਰੇਰੀ ਵਿੱਚ ਬਿਤਾਉਂਦੇ। ਇਥੇ ਹੀ ਉਨ੍ਹਾਂ ਨੂੰ ਦੁਨੀਆਂ ਦੀਆਂ ਸਭ ਤੋਂ ਵਧੀਆ ਕਿਤਾਬਾਂ, ਨਾਵਲ ਤੇ ਕਹਾਣੀਆਂ ਪੜ੍ਹੀਆਂ। ''ਜੀਵਨ ਕਣੀਆਂ ਦੇ ਪਬਲਿਸ਼ਰ ਨੇ ਹੀ ਉਨ੍ਹਾਂ ਨੂੰ ਨਾਵਲ ਲਿਖਣ ਵੱਲ ਪ੍ਰੇਰਿਤ ਕੀਤਾ। ਭਾਵੁਕ, ਕਾਵਿਕ, ਦਾਰਸ਼ਨਿਕ ਤੇ ਸੂਖਮ ਭਾਵੀ ਜਸਵੰਤ ਸਿੰਘ ਕੰਵਲ ਦਾ ਸਭ ਤੋਂ ਪਹਿਲਾ ਨਾਵਲ 'ਸੱਚ ਨੂੰ ਫਾਂਸੀ' 1944 ਵਿੱਚ ਪਾਠਕਾਂ ਦੇ ਹੱਥਾਂ ਵਿੱਚ ਆਇਆ। ਤੇ ਉਸ ਤੋਂ ਬਾਅਦ ਵਿੱਚ ਉਹ ਦਿਨ ਵੀ ਆਏ ਜਦ ਪਾਠਕ ਕੰਵਲ ਦੇ ਨਾਵਲ ਦੀ ਇੰਤਜ਼ਾਰ ਕਰਿਆ ਕਰਦੇ ਸਨ। ਕਹਿ ਨਾਵਲ ਬਾਜ਼ਾਰ ਵਿੱਚ ਆਇਆ ਤੇ ਕਹਿ ਹੱਥੋਂ ਹੱਥ ਵਿਕ ਗਿਆ। ਕੰਵਲ ਦਾ ਸਾਹਿਤਕ ਸਫਰ ਮਲਾਇਆ ਵਿੱਚ ਸ਼ੁਰੂ ਹੋਇਆ ਤੇ ਪੰਜਾਬ ਵਿੱਚ ਪ੍ਰਵਾਨ ਚੜ੍ਹਿਆ। ਸਭ ਤੋਂ ਪਹਿਲਾਂ ਉਨ੍ਹਾਂ ਨੇ ਕਿਸੇ ਗੈਰ-ਪੰਜਾਬੀ ਲੇਖਕ ਤੋਂ ਪ੍ਰਭਾਵਤ ਹੋ ਕੇ 1941-42 ਵਿੱਚ ਵਾਰਤਕ ਦੀ ਪਹਿਲੀ ਪੁਸਤਕ 'ਜੀਵਨ ਕਣੀਆਂ' ਲਿਖੀ ਜਿਸ ਨੇ ਉਨ੍ਹਾਂ ਦੀ ਸਾਹਿਤ ਦੇ ਖੇਤਰ ਵਿੱਚ ਚਰਚਾ ਛੇੜ ਦਿੱਤੀ। ਪੰਜਾਬ ਦੀਆਂ ਵੱਖ-ਵੱਖ ਪੀੜ੍ਹੀਆਂ ਦੇ ਮੁੰਡੇ-ਕੁੜੀਆਂ ਨੂੰ ਜਿੰਨੀ ਊਰਜਾ ਕੰਵਲ ਦੇ ਪਾਤਰਾਂ ਨੇ ਦਿੱਤੀ, ਉਹ ਸ਼ਾਇਦ ਹੀ ਕਿਸੇ ਹੋਰ ਨਾਵਲਕਾਰ ਦੇ ਪਾਤਰਾਂ ਦੇ ਹਿੱਸੇ ਆਈ ਹੋਵੇ। ਇਹ ਇਤਫਾਕ ਹੀ ਸੀ ਕਿ ਉਨ੍ਹਾਂ ਦੀ ਕਲਮ "ਜੀਵਨ ਕਣੀਆਂ" ਤੋਂ ਸ਼ੁਰੂ ਹੋ ਕੇ "ਧੁਰ ਦਰਗਾਹ" ਲਿਖਤ ਤੱਕ 1 ਫ਼ਰਵਰੀ 2020 ਨੂੰ ਹਮੇਸ਼ਾ ਲਈ ਖਾਮੋਸ਼ ਹੋ ਗਈ। ਅੱਜ ਉਨ੍ਹਾਂ ਨੂੰ ਤੀਜੀ ਬਰਸੀ ਤੇ ਯਾਦ ਕਰਦਿਆਂ ਸ਼ਰਧਾਂਜਲੀ ਭੇਟ ਕਰਦੇ ਹਾਂ।

---

# ਖ਼ੁਸ਼ਵੰਤਨਾਮਾ

## "ਅਜ਼ਾਦ ਅਤੇ ਖਰੀ ਕਲਮ ਦਾ ਧਨੀ"

ਲਿਖਤ : ਇੰਜ.ਕੁਲਦੀਪ ਸਿੰਘ ਰਾਮਨਗਰ
ਸੰਪਰਕ : 94179-90040



ਵਿਗਿਆਨਕ, ਤਰਕਵਾਦ, ਉਦਾਰ ਮਾਨਵਤਾਵਾਦ ਅਤੇ ਕਦੇ ਕਦੇ ਰੋਮਾਂਟਿਕ ਰਚਨਾਵਾਂ ਖੁਲ ਕੇ ਲਿਖਣ ਵਾਲੇ ਹਰ ਭਾਸ਼ਾ ਦੇ ਲੇਖਕ ਖ਼ੁਸ਼ਵੰਤ ਸਿੰਘ ਦਾ ਜਨਮ 2 ਫ਼ਰਵਰੀ 1915 ਨੂੰ ਬਰਤਾਨਵੀ ਪੰਜਾਬ ਵਿੱਚ ਹਡਾਲੀ (ਹੁਣ ਖ਼ੁਸ਼ਬ ਜ਼ਿਲਾ, ਪਾਕਿਸਤਾਨੀ ਪੰਜਾਬ) ਵਿਖੇ ਇੱਕ ਸਿੱਖ ਪਰਵਾਰ ਵਿੱਚ ਹੋਇਆ। ਉਹਨਾਂ ਦੇ ਪਿਤਾ ਸ. ਸੋਭਾ ਸਿੰਘ ਦਿੱਲੀ ਦੇ ਇਮਾਰਤੀ ਠੇਕੇਦਾਰ ਸਨ ਅਤੇ ਚਾਚਾ ਉੱਜਲ ਸਿੰਘ (1895-1985) ਪੰਜਾਬ ਅਤੇ ਤਾਮਿਲ ਨਾਡੂ ਦੇ ਸਾਬਕਾ ਗਵਰਨਰ ਸਨ। ਉਹਨਾਂ ਨੇ ਸਕੂਲ ਤੱਕ ਦੀ ਪੜ੍ਹਾਈ ਪਿੰਡ ਤੋਂ ਹੀ ਹਾਸਲ ਕੀਤੀ ਜਿਸ ਦੇ ਬਾਅਦ ਉਹ ਗਵਰਨਮੈਂਟ ਕਾਲਜ ਲਾਹੌਰ ਚਲੇ ਗਏ। ਇਸ ਤੋਂ ਬਾਅਦ ਬਰਤਾਨੀਆ ਵਿੱਚ ਕੈਂਬਰਿਜ ਯੂਨੀਵਰਸਿਟੀ ਅਤੇ ਇਨਰ ਟੈਂਪਲ ਵਿੱਚ ਪੜ੍ਹਨ ਦੇ ਬਾਅਦ ਉਹਨਾਂ ਨੇ ਵਾਪਸ ਲਾਹੌਰ ਆ ਕੇ ਵਕਾਲਤ ਸ਼ੁਰੂ ਕਰ ਦਿੱਤੀ। ਫਿਰ ਭਾਰਤ ਦੀ ਵੰਡ ਦੇ ਬਾਅਦ ਉਹ ਆਪਣੇ ਖ਼ਾਨਦਾਨ ਸਮੇਤ ਦਿੱਲੀ ਆ ਵਸੇ। ਉਹ ਕੁਝ ਅਰਸਾ ਵਿਦੇਸ਼ੀ ਮਾਮਲਿਆਂ ਬਾਰੇ ਮਹਿਕਮੇ ਵਿੱਚ ਸਿਫ਼ਾਰਤੀ ਅਹੁਦਿਆਂ ਉੱਤੇ ਵੀ ਤਾਇਨਾਤ ਰਹੇ ਪਰ ਛੇਤੀ ਹੀ ਉਹਨਾਂ ਨੇ ਸਰਕਾਰੀ ਨੌਕਰੀ ਛੱਡ ਦਿੱਤੀ।

ਖ਼ੁਸ਼ਵੰਤ ਸਿੰਘ ਨੇ ਜ਼ਿੰਦਗੀ ਨੂੰ ਰੱਜ ਕੇ ਜੀਵਿਆ। ਜਿਸ ਉਮਰ ਵਿੱਚ ਲੋਕ ਸੰਨਿਆਸ ਲੈ ਲੈਂਦੇ ਹਨ, ਉਸ ਵੇਲੇ ਉਸ ਨੇ ਖ਼ੂਬ ਮੌਜ-ਮਸਤੀ ਅਤੇ ਇਸ ਤੋਂ ਵੀ ਵੱਧ ਬੇਹੱਦ ਮਿਹਨਤ ਕੀਤੀ। ਉਹ ਖਾਣ-ਪੀਣ ਵੇਲੇ ਸਿਹਤ ਦਾ ਪੂਰਾ ਧਿਆਨ ਰੱਖਦੇ ਸਨ। ਉਨ੍ਹਾਂ ਦੀ ਜੀਵਨ-ਸ਼ੈਲੀ ਵਿੱਚ ਦੀਰਘ-ਉਮਰ ਦਾ ਰਾਜ਼ ਛੁਪਿਆ ਹੋਇਆ ਸੀ। ਮੌਤ ਨੂੰ ਟਿੱਚਰਾਂ ਕਰਨ ਵਾਲਾ ਖ਼ੁਸ਼ਵੰਤ ਸਿੰਘ ਜੀਵਨ ਦੇ ਹਰ ਖ਼ੂਬਸੂਰਤ ਛਿਣ ਨੂੰ ਆਖ਼ਰੀ ਸਾਹਾਂ ਤੱਕ ਮਾਣਦਾ ਰਿਹਾ। ਉਹ ਮਿਰਜ਼ਾ ਗ਼ਾਲਿਬ ਅਤੇ ਹੋਰ ਉਰਦੂ ਸ਼ਾਇਰਾਂ ਦਾ ਦੀਵਾਨਾ ਸੀ। ਉਨ੍ਹਾਂ ਆਪਣੇ ਕਾਲਮਾਂ ਵਿੱਚ ਉਰਦੂ ਸ਼ਾਇਰੀ ਨੂੰ ਖਾਸੀ ਜਗ੍ਹਾ ਦਿੱਤੀ ਜਦੋਂਕਿ ਜੁਝਾਰੂ ਕਵੀਆਂ ਦਾ ਕਲਾਮ ਉਸ ਦੀ ਕਲਮ ਤੋਂ ਕੋਹਾਂ ਦੂਰ ਹੀ ਰਿਹਾ। ਖ਼ੁਸ਼ਵੰਤ ਸਿੰਘ ਕੋਲ ਦੂਜਿਆਂ ਖ਼ਾਤਰ ਆਪਣੀ ਜਾਨ ਕੁਰਬਾਨ ਕਰਨ ਵਾਲੀ ਕਲਮ ਨਹੀਂ ਸੀ। ਇਸੇ ਲਈ ਸ਼ਾਇਦ ਉਸ ਨੇ ਜੁਝਾਰੂ-ਕਾਵਿਆ ਨੂੰ ਆਪਣੇ ਕਾਲਮਾਂ ਵਿੱਚ ਘੱਟ-ਬੱਧ ਹੀ ਥਾਂ ਦਿੱਤੀ ਸੀ।

ਖ਼ੁਸ਼ਵੰਤ ਸਿੰਘ ਦੀ ਤਾਂ ਸਵੈ-ਜੀਵਨੀ ਦਾ ਨਾਂ ਹੀ 'ਮੌਜ-ਮੇਲਾ' ਸੀ। ਉਹ ਆਪਣੇ ਜੀਵਨ ਵਿੱਚ ਆਏ ਮਰਦ ਅਤੇ ਔਰਤਾਂ ਬਾਰੇ ਲਿਖਦਾ ਇੰਨੀ ਖੁੱਲ੍ਹ ਲੈ ਜਾਂਦਾ ਸੀ ਜੋ ਕਈ ਘਰਾਂ ਵਿੱਚ ਪੁਆੜੇ ਦੀ ਜੜ੍ਹ ਬਣ ਜਾਂਦੇ ਸਨ। ਉਹ ਧਾਰਮਿਕ ਰਹੁ-ਰੀਤਾਂ ਵਿੱਚ ਯਕੀਨ ਨਹੀਂ ਸੀ ਰੱਖਦਾ, ਫਿਰ ਵੀ ਉਸ ਨੇ ਸਿੱਖ ਧਰਮ ਦੇ ਕੁਝ ਅਸੂਲਾਂ 'ਤੇ ਚੱਲਣ ਦੀ ਸਦਾ ਕੋਸ਼ਿਸ਼ ਕੀਤੀ ਸੀ। ਇਹਨਾਂ ਅਸੂਲਾਂ ਵਿੱਚ ਸੱਚ ਨੂੰ ਧਰਮ ਦਾ ਨਿਚੋੜ ਮੰਨਿਆ ਗਿਆ ਹੈ। ਉਹ ਹਮੇਸ਼ਾ ਕਹਿੰਦੇ ਸਨ ਕਿ ਸੱਚ ਬੋਲਣ ਤੇ ਲਿਖਣ ਵਿੱਚ ਬਹੁਤ ਬਰਕਤਾਂ ਹਨ। ਸਭ ਤੋਂ ਪਹਿਲਾ ਫ਼ਾਇਦਾ ਇਹ ਹੈ ਕਿ ਸੱਚ ਬੋਲ ਕੇ ਉਸ ਨੂੰ ਯਾਦ ਹੀ ਨਹੀਂ ਰੱਖਣਾ ਪੈਂਦਾ।


ਲੇਖਕ ਬਣਨ ਦੀ ਪ੍ਰਕਿਰਿਆ ਸਹਿਜਤਾ 'ਚੋਂ ਨਿਕਲਦੀ ਹੈ। ਉਹ ਔਖੇ ਸ਼ਬਦ ਵਰਤ ਕੇ ਲੇਖਣੀ ਨੂੰ ਬੋਝਲ ਕਰਨ ਦੇ ਸਖ਼ਤ ਖ਼ਿਲਾਫ਼ ਸੀ। ਉਹ ਨਹੀਂ ਸੀ ਚਾਹੁੰਦਾ ਕਿ ਕੋਈ ਵੀ ਲੇਖਕ ਔਖਾ ਹੋ ਕੇ ਲਿਖੇ ਜਿਸ ਨੂੰ ਪੜ੍ਹਨ ਲੱਗਿਆਂ ਪਾਠਕ ਨੂੰ ਕੋਈ ਔਖਿਆਈ ਦਰਪੇਸ਼ ਹੋਵੇ। ਉਸ ਨੇ ਜੋ ਵੀ ਲਿਖਿਆ ਉਹ ਦਸਵੀਂ ਜਮਾਤ ਦਾ ਵਿਦਿਆਰਥੀ ਵੀ ਸਹਿਜੇ ਹੀ ਸਮਝ ਸਕਦਾ ਸੀ। ਦੂਜਿਆਂ ਦੇ ਮੁਕਾਬਲੇ ਉਸ ਵਿਚ ਫ਼ਰਕ ਬੱਸ ਇੰਨਾ ਸੀ ਕਿ ਉਸ ਨੂੰ ਮਿਰਚ-ਮਸਾਲੇ ਧੂੜ ਕੇ ਆਪਣੀ ਲੇਖਣੀ ਨੂੰ ਪਾਠਕਾਂ ਸਾਹਮਣੇ ਪਰੋਸਣ ਦਾ ਵੱਲ ਖ਼ੂਬ ਆਉਂਦਾ ਸੀ॥ ਉਹ ਦਾਅਵਾ ਕਰਦਾ ਸੀ ਕਿ ਉਸ ਨੇ ਕਦੇ ਵੀ ਜਾਣ-ਬੁੱਝ ਕੇ ਕੋਈ ਵਿਵਾਦ ਖੜ੍ਹਾ ਕਰਨ ਦੀ ਕੋਸ਼ਿਸ਼ ਨਹੀਂ ਸੀ ਕੀਤੀ। ਉਹ ਦੱਸਦੇ ਸਨ ਕਿ 'ਮੈਂ ਤਾਂ ਹਮੇਸ਼ਾਂ ਇਹੀ ਚਾਹਿਆ ਕਿ ਖ਼ਰੀ ਗੱਲ ਇਮਾਨਦਾਰੀ ਨਾਲ ਲਿਖਾਂ'। ਉਹ ਆਪਣੇ ਸਮਕਾਲੀ ਲੇਖਕਾਂ ਨੂੰ ਮਸ਼ਵਰਾ ਦਿੰਦਾ ਸੀ ਕਿ ਬੰਦੇ ਨੂੰ ਪਾਖੰਡਵਾਦ ਅਤੇ ਫੂੰ-ਫਾਂ ਤੋਂ ਦੂਰ ਰਹਿਣਾ ਚਾਹੀਦਾ ਹੈ ਅਤੇ ਔਖੇ ਸ਼ਬਦ ਵਰਤ ਕੇ ਵਿਦਵਤਾ ਦਾ ਵਿਖਾਵਾ ਨਹੀਂ ਕਰਨਾ ਚਾਹੀਦਾ। ਉਹ ਕਸ਼ੀਦੀ ਹੋਈ ਸਿਆਣਪ ਦਾ ਆਸ਼ਿਕ ਸੀ ਜੋ ਲੋਕਾਂ ਲਈ ਰਾਹ-ਦਸੇਰਾ ਹੁੰਦੀ ਹੈ।

ਉਹ ਅੰਧਵਿਸ਼ਵਾਸ ਦੀ ਧੁੰਦ ਬਖੇਰਨ ਵਾਲੇ ਅਖੌਤੀ ਸਾਧੂਆਂ-ਸੰਤਾਂ ਤੋਂ ਲੈ ਕੇ ਸਿਆਸਤਦਾਨਾਂ ਆਦਿ ਨੂੰ ਆੜੇ ਹੱਥੀਂ ਲੈਂਦਾ ਸੀ। ਉਹ ਕਹਿੰਦਾ, 'ਪੁਜਾਰੀਆਂ ਦੇ ਸਵਾਰਥੀ ਹਿੱਤ ਹੁੰਦੇ ਹਨ ਕਿਉਂਕਿ ਉਨ੍ਹਾਂ ਦਾ ਤੋਰੀ-ਫੁਲਕਾ ਇਹਨਾਂ 'ਤੇ ਨਿਰਭਰ ਹੁੰਦਾ ਹੈ। ਉਹ ਅਖੌਤੀ ਸਾਧਾਂ ਨੂੰ ਜੋਕਾਂ ਕਹਿਣ ਦੀ ਜੁਰਅਤ ਰੱਖਦਾ ਸੀ ਜੋ ਭਗਵੇ ਕੱਪੜੇ ਪਾ ਕੇ ਮਿਹਨਤਕਸ਼ਾਂ ਦੀ ਕਮਾਈ 'ਤੇ ਵੱਧਦਾ-ਫੁੱਲਦੇ ਹਨ। ਉਹ ਸਾਰੀਆਂ ਸਿਆਸੀ ਪਾਰਟੀਆਂ ਅਤੇ ਨੇਤਾਵਾਂ ਨੂੰ ਕੋਸਦਾ ਸੀ ਜੋ 'ਸ਼ੁਭ ਮਹੂਰਤ' ਕਢਵਾਉਣ ਲਈ ਜੋਤਸ਼ੀਆਂ ਤੇ ਨਜੂਮੀਆਂ ਦੇ ਦਰਾਂ 'ਤੇ ਭਟਕਦੇ ਸਨ। ਆਬਾਦੀ ਵਿਸਫੋਟ ਬਾਰੇ ਖ਼ੁਸ਼ਵੰਤ ਸਿੰਘ ਬੇਹੱਦ ਗੰਭੀਰ ਸੀ। ਉਸ ਨੇ ਲਿਖਿਆ ਸੀ, ''ਸਾਡੇ ਕੋਲ ਤੇਜ਼ੀ ਨਾਲ ਵਧ ਰਹੇ ਮੂੰਹਾਂ ਵਿੱਚ ਪਾਉਣ ਲਈ ਲੋੜੀਂਦੀਆਂ ਬੁਰਕੀਆਂ ਨਹੀਂ ਹਨ।'' ਇਸ ਲਈ ਉਸ ਨੇ ਬਾਅਦ ਵਿੱਚ ਤਬਾਹੀ ਵੱਲ ਵਧ ਰਹੀ ਆਬਾਦੀ ਨੂੰ ਰੋਕਣ ਲਈ ਜਬਰੀ ਢੰਗ-ਤਰੀਕੇ ਅਪਨਾਉਣ ਦੀ ਵਕਾਲਤ ਖੁੱਲ੍ਹ ਕੇ ਕਰਨੀ ਸ਼ੁਰੂ ਕਰ ਦਿੱਤੀ ਸੀ। ਉਸ ਨੇ ਲਿਖਿਆ ਸੀ, ''ਜਿਨ੍ਹਾਂ ਜੋੜਿਆਂ ਦੇ ਦੋ ਤੋਂ ਵੱਧ ਬੱਚੇ ਹੋਣ, ਉਹਨਾਂ ਦਾ ਅਧਿਕਾਰ ਖ਼ਤਮ ਕਰ ਦੇਣਾ ਚਾਹੀਦਾ ਹੈ। ਉਹਨਾਂ 'ਤੇ ਪੰਚਾਇਤ, ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਲੜਨ 'ਤੇ ਮੁਕੰਮਲ ਪਾਬੰਦੀ ਲਗਾ ਦੇਣੀ ਚਾਹੀਦੀ ਹੈ।'' ਕਾਸ਼! ਖ਼ੁਸ਼ਵੰਤ ਸਿੰਘ ਆਪਣੀ ਅਉਧ ਦਾ ਸੈਂਕੜਾ ਪੂਰ ਕਰ ਜਾਂਦੇ ਤਾਂ ਜੋ ਆਬਾਦੀ ਵਿਸਫੋਟ ਵਰਗੇ ਗੰਭੀਰ ਵਿਸ਼ਿਆਂ 'ਤੇ ਕੁਝ ਹੋਰ ਲਿਖਿਆ ਜਾਂਦਾ।

ਆਪਣੀ ਕੌਮ ਦੇ ਬਾਰੇ ਲਤੀਫ਼ੇਬਾਜ਼ੀ ਕਰਕੇ ਆਪਣਾ ਨਾਂ ਚਮਕਾਉਣ ਵਾਲੇ ਖ਼ੁਸ਼ਵੰਤ ਸਿੰਘ ਬਾਰੇ ਬਹੁਤ ਘੱਟ ਲੋਕਾਂ ਨੂੰ ਜਾਣਕਾਰੀ ਹੈ ਕਿ ਉਸ ਨੂੰ ਨਿੱਤਨੇਮ ਕੰਠ ਸੀ। ਜਦੋਂ ਸ੍ਰੀ ਹਰਿਮੰਦਰ ਸਾਹਿਬ ਤੇ ਹੋਏ ਹਮਲੇ ਦੇ ਵਿਰੋਧ ਵਿੱਚ ਉਨ੍ਹਾਂ ਨੇ 'ਪਦਮ ਭੂਸ਼ਨ' ਵਾਪਸ ਕੀਤਾ ਤਾਂ ਉਸ ਦੇ ਕੱਟੜ ਆਲੋਚਕ ਉਸ ਦੇ ਪ੍ਰਸ਼ੰਸਕ ਬਣ ਗਏ ਸਨ। ਦੂਜੇ ਪਾਸੇ ਉਸ ਦੇ ਅਣਗਿਣਤ ਪ੍ਰਸ਼ੰਸਕ ਕੱਟੜ ਵਿਰੋਧੀ ਬਣ ਗਏ ਸਨ।

ਖ਼ੁਸ਼ਵੰਤ ਸਿੰਘ ਦੇ ਆਪਣੀ ਨਿੱਜੀ ਜ਼ਿੰਦਗੀ ਦੇ ਵੀ ਕੁਝ ਪੱਕੇ ਅਸੂਲ ਸਨ ਜਿਵੇਂ ਕਿ ਵਕਤ ਦੀ ਕਦਰ ਕਰਨੀ ਉਹ ਆਪਣਾ ਵਕਤ ਮਾਲਾ ਫੇਰਨ, ਅੰਧਵਿਸ਼ਵਾਸ, ਅਤੇ ਰੱਬ ਨੂੰ ਪ੍ਰਾਪਤ ਕਰਨ ਵਿੱਚ ਵਿਅਰਥ ਨਹੀਂ ਸਨ ਕਰਦੇ। ਉਨ੍ਹਾਂ ਦਾ ਆਪਣੀ ਜ਼ਿੰਦਗੀ ਨੂੰ ਇੱਕ ਮੌਜ ਮੇਲੇ ਦੀ ਤਰ੍ਹਾਂ ਜੀਣਾ ਵੀ ਸ਼ਾਇਦ ਉਨ੍ਹਾਂ ਦੀ ਲੰਮੀ ਉਮਰ ਦਾ ਰਾਜ਼ ਸੀ। ਉਨ੍ਹਾਂ ਦੀ ਕਲਮ ਜ਼ਿੰਦਗੀ ਦੇ ਆਖਰੀ ਸਾਹ ਤੱਕ ਚਲਦੀ ਰਹੀ ਅਖੀਰ ਇਹ ਨਿਧੜਕ ਅਤੇ ਖ਼ੁਸ਼ਮਿਜ਼ਾਜ਼ ਕਲਮ 20 ਮਾਰਚ 2014 ਨੂੰ 99 ਸਾਲ ਦੀ ਉਮਰ ਵਿੱਚ ਹਮੇਸ਼ਾ ਲਈ ਖ਼ਾਮੋਸ਼ ਹੋ ਗਈ।

# ਲੋਕਰਾਜ ਦੀ ਸਫ਼ਲਤਾ ਅਤੇ ਲੋਕ



ਲਿਖਤ : ਡਾ. ਰਣਜੀਤ ਸਿੰਘ
ਸੰਪਰਕ: 94170-87328

ਲੋਕਰਾਜ ਦੀ ਸਫ਼ਲਤਾ ਜਿਥੇ ਸਰਕਾਰ ਦੀ ਕਾਰਗੁਜ਼ਾਰੀ ਉਤੇ ਨਿਰਭਰ ਕਰਦੀ ਹੈ ਉਥੇ ਲੋਕਾਂ ਦੀ ਵੀ ਬਰਾਬਰ ਦੀ ਜ਼ਿੰਮੇਵਾਰੀ ਬਣਦੀ ਹੈ। ਪੰਜ ਸਾਲ ਪਿੱਛੋਂ ਵੋਟ ਪਾਉਣ ਨਾਲ ਸਾਡੀ ਜ਼ਿੰਮੇਵਾਰੀ ਖ਼ਤਮ ਨਹੀਂ ਹੋ ਜਾਂਦੀ ਸਗੋਂ ਆਪਣੀ ਸਰਕਾਰ ਆਪਣੇ ਚੌਗਿਰਦੇ ਉਤੇ ਨਜ਼ਰ ਰੱਖਣਾ ਵੀ ਸ਼ਹਿਰੀਆਂ ਦੀ ਜ਼ਿੰਮੇਵਾਰੀ ਹੈ। ਚੌਗਿਰਦੇ ਨੂੰ ਸਾਫ਼ ਰੱਖਣਾ, ਮਿਲਾਵਟਖੋਰੀ ਨਾ ਕਰਨਾ, ਇਮਾਨਦਾਰੀ ਅਤੇ ਕਾਨੂੰਨ ਦੀ ਸੰਜੀਦਗੀ ਨਾਲ ਪਾਲਣਾ ਕਰਨਾ ਹਰੇਕ ਨਾਗਰਿਕ ਲਈ ਜ਼ਰੂਰੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਡਾ ਦੇਸ਼ ਪ੍ਰਾਚੀਨ ਸੱਭਿਅਤਾ ਦਾ ਮਾਲਕ ਹੈ। ਇਸ ਉਤੇ ਅਸੀਂ ਮਾਣ ਵੀ ਬਹੁਤ ਕਰਦੇ ਹਾਂ ਪਰ ਇਹ ਵੀ ਸੱਚ ਹੈ ਕਿ ਸਾਡੇ ਦੇਸ਼ ਦਾ ਨਾਂ ਸਭ ਤੋਂ ਗੰਦੇ ਦੇਸ਼ਾਂ ਵਿਚ ਸ਼ੁਮਾਰ ਹੈ। ਹਰ ਪਾਸੇ ਗੰਦਗੀ ਦੇ ਢੇਰ ਸਵਾਗਤ ਕਰਦੇ ਹਨ। ਸਦੀਆਂ ਦੀ ਗੁਲਾਮੀ ਨੇ ਸਾਡੇ ਵਿਚੋਂ ਆਪਣੇ ਆਪ ਅਤੇ ਆਪਣੇ ਦੇਸ਼ ਉਤੇ ਮਾਣ ਕਰਨਾ ਭੁਲਾ ਦਿੱਤਾ ਸੀ। ਵਿਦੇਸ਼ਾਂ ਦੇ ਮੁਕਾਬਲੇ ਅਸੀਂ ਆਪਣੇ ਦੇਸ਼, ਬੋਲੀ ਅਤੇ ਸੱਭਿਅਤਾ ਨੂੰ ਘਟੀਆ ਸਮਝਣ ਲੱਗ ਪਏ ਹਾਂ। ਸੰਸਾਰ ਨੂੰ ਸਲੀਕੇ ਦਾ ਪਾਠ ਪੜ੍ਹਾਉਣ ਵਾਲਾ ਦੇਸ਼ ਆਪ ਸਲੀਕਾ ਵਿਹੂਣਾ ਹੋ ਗਿਆ ਸੀ। ਲੋਕਰਾਜ ਵਿਚ ਸਰਕਾਰ ਤੋਂ ਵੀ ਵੱਧ ਜ਼ਿੰਮੇਵਾਰੀ ਲੋਕਾਂ ਦੀ ਹੁੰਦੀ ਹੈ। ਕਾਇਦੇ-ਕਾਨੂੰਨ ਦੀ ਪਾਲਣਾ ਕਰਾਉਣਾ ਸਿਰਫ ਸਰਕਾਰ ਦੀ ਜ਼ਿੰਮੇਵਾਰੀ ਨਹੀਂ ਹੁੰਦੀ, ਲੋਕਾਂ ਦਾ ਸਹਿਯੋਗ ਵੀ ਜ਼ਰੂਰੀ ਹੋ ਜਾਂਦਾ ਹੈ। ਆਪਣੇ ਚੌਗਿਰਦੇ ਨੂੰ ਸਾਫ ਸੁਥਰਾ ਰੱਖਣਾ, ਸੜਕ ਸਲੀਕੇ ਦੀ ਪਾਲਣਾ ਕਰਨਾ ਤੇ ਵਾਤਾਵਰਨ ਦੀ ਸਾਂਭ-ਸੰਭਾਲ ਲੋਕਾਂ ਦੀ ਜ਼ਿੰਮੇਵਾਰੀ ਹੁੰਦੀ ਹੈ। ਜਦੋਂ ਤਕ ਲੋਕ ਆਪਣਾ ਯੋਗਦਾਨ ਨਹੀਂ ਪਾਉਂਦੇ ਉਦੋਂ ਤਕ ਸਵੱਛ ਭਾਰਤ ਦਾ ਸੁਫਨਾ ਕਦੇ ਪੂਰਾ ਨਹੀਂ ਹੋ ਸਕਦਾ।

ਪੰਜਾਬ ਨੂੰ ਦੇਸ਼ ਦਾ ਵਿਕਸਤ ਸੂਬਾ ਮੰਨਿਆ ਜਾਂਦਾ ਹੈ। ਸ਼ਹਿਰਾਂ ਅਤੇ ਪਿੰਡਾਂ ਵਿਚ ਸਾਰੇ ਪਾਸੇ ਪੱਕੇ ਮਕਾਨ, ਬਿਜਲੀ, ਪਾਣੀ ਦੀ ਸਹੂਲਤ ਅਤੇ ਪੱਕੀਆਂ ਸੜਕਾਂ, ਵਧੀਆ ਦਿੱਖ ਪ੍ਰਦਾਨ ਕਰਦੇ ਹਨ ਪਰ ਚੌਗਿਰਦੇ ਦੀ ਸਾਫ ਸਫਾਈ ਦੀ ਘਾਟ ਇਥੇ ਵੀ ਰੜਕਦੀ ਹੈ। ਗਲੀਆਂ ਅਤੇ ਸੜਕਾਂ ਕੰਢੇ ਕੂੜੇ ਦੇ ਢੇਰ ਨਜ਼ਰ ਆਉਂਦੇ ਹਨ। ਜਿਥੇ ਕਿਸੇ ਦਾ ਮਨ ਕਰੇ ਖਾਲੀ ਲਿਫਾਫੇ, ਕਾਗਜ਼, ਫਲਾਂ ਦੇ ਛਿਲਕੇ ਸੁੱਟ ਦਿੰਦਾ ਹੈ। ਚੌਗਿਰਦੇ ਦੀ ਗੰਦਗੀ ਨਾਲ ਇਥੋਂ ਦਾ ਵਾਤਾਵਰਨ ਵੀ ਪਲੀਤ ਹੋ ਗਿਆ ਹੈ। ਹਵਾ, ਪਾਣੀ ਅਤੇ ਧਰਤੀ ਪ੍ਰਦੂਸ਼ਿਤ ਹੋ ਰਹੇ ਹਨ। ਕੁਦਰਤ ਦੇ ਰੂਪ ਵਿਚ ਕਾਦਰ ਦੀ ਇਸ ਸੰਸਾਰ ਨੂੰ ਸਭ ਤੋਂ ਵੱਡੀ ਦੇਣ ਹਵਾ, ਪਾਣੀ ਅਤੇ ਧਰਤੀ ਦੀ ਹੈ। ਅਸਲ ਵਿਚ ਇਨ੍ਹਾਂ ਤਿੰਨਾਂ ਬਗੈਰ ਸੰਸਾਰ ਅਤੇ ਇਥੇ ਜੀਵਨ ਅਸੰਭਵ ਹੈ। ਇਸੇ ਕਰ ਕੇ ਮੁੱਢ ਕਦੀਮ ਤੋਂ ਮਨੁੱਖ ਇਨ੍ਹਾਂ ਨੂੰ ਪਵਿੱਤਰ ਮੰਨਦਾ ਆ ਰਿਹਾ ਹੈ ਅਤੇ ਇਨ੍ਹਾਂ ਦੀ ਪੂਜਾ ਕਰਦਾ ਰਿਹਾ ਹੈ। ਗੁਰੂ ਨਾਨਕ ਜੀ ਨੇ ਤਾਂ ਹਵਾ (ਪਵਣੁ) ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਦਿੱਤਾ ਹੈ।

ਇਸੇ ਕਰ ਕੇ ਸਾਡੇ ਵਡੇਰੇ ਇਨ੍ਹਾਂ ਦੀ ਪੂਜਾ ਕਰਦੇ ਸਨ। ਆਧੁਨਿਕਤਾ ਦੇ ਪ੍ਰਭਾਵ ਹੇਠ ਅਸੀਂ ਇਸ ਨੂੰ ਅੰਧ-ਵਿਸ਼ਵਾਸ ਆਖਣਾ ਸ਼ੁਰੂ ਕਰ ਦਿੱਤਾ। ਚੌਗਿਰਦੇ ਦੀ ਸਾਂਭ-ਸੰਭਾਲ ਅਤੇ ਹਵਾ ਪਾਣੀ ਤੇ ਧਰਤੀ ਦੀ ਸ਼ੁੱਧਤਾ ਬਣਾਈ ਰੱਖਣਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ। ਅਸੀਂ ਇਹ ਆਖਣ ਲੱਗ ਪਏ ਹਾਂ ਕਿ ਇਹ ਕੰਮ ਸਰਕਾਰ, ਨਗਰ ਕੌਂਸਲ ਜਾਂ ਪਿੰਡ ਦੀ ਪੰਚਾਇਤ ਦਾ ਹੈ। ਲੋਕਰਾਜ ਵਿਚ ਜਿਥੇ ਸ਼ਹਿਰੀਆਂ ਨੂੰ ਬਹੁਤ ਸਾਰੇ ਅਧਿਕਾਰ ਪ੍ਰਾਪਤ ਹਨ ਉਥੇ ਉਨ੍ਹਾਂ ਦੀਆਂ ਕੁਝ ਜ਼ਿੰਮੇਵਾਰੀਆਂ ਵੀ ਹਨ। ਸਭ ਤੋਂ ਵੱਡੀ ਜ਼ਿੰਮੇਵਾਰੀ ਚੌਗਿਰਦੇ ਦੀ ਸਾਂਭ-ਸੰਭਾਲ ਕਰਨਾ ਹੈ ਅਤੇ ਵਾਤਾਵਰਨ ਦੀ ਸ਼ੁੱਧਤਾ ਬਣਾਈ ਰੱਖਣ ਵਿਚ ਯੋਗਦਾਨ ਪਾਉਣਾ ਹੈ। ਇਸ ਦਾ ਫਾਇਦਾ ਸਾਨੂੰ ਸਾਰਿਆਂ ਨੂੰ ਹੈ। ਸਾਫ ਸੁਥਰੇ ਚੌਗਿਰਦੇ ਵਿਚ ਰਹਿਣ ਨਾਲ ਬਹੁਤ ਸਾਰੀਆਂ ਬਿਮਾਰੀਆਂ ਨੂੰ ਰੋਕਿਆ ਜਾ ਸਕਦਾ ਹੈ।

ਇਕ ਅੰਦਾਜ਼ੇ ਅਨੁਸਾਰ ਹਰ ਸਾਲ ਕੋਈ 40000 ਲੋਕ ਅਜਿਹੀਆਂ ਬਿਮਾਰੀਆਂ ਨਾਲ ਮਰਦੇ ਹਨ ਜਿਹੜੀਆਂ ਪ੍ਰਦੂਸ਼ਣ ਨਾਲ ਫੈਲਦੀਆਂ ਹਨ, ਕੋਈ ਦੋ ਕਰੋੜ ਲੋਕ ਇਨ੍ਹਾਂ ਦਾ ਸ਼ਿਕਾਰ ਹਨ। ਆਮ ਦੇਖਿਆ ਜਾਂਦਾ ਹੈ ਕਿ ਬਹੁਤੇ ਲੋਕ ਆਪਣੇ ਘਰ ਨੂੰ ਸਾਫ ਕਰ ਕੇ ਕੂੜਾ ਬਾਹਰ, ਗਲੀ ਜਾਂ ਸੜਕ ਤੇ ਸੁੱਟ ਦਿੰਦੇ ਹਨ। ਅਸੀਂ ਇਹ ਭੁੱਲ ਜਾਂਦੇ ਹਾਂ ਕਿ ਬਾਹਰ ਦੀ ਗੰਦਗੀ ਦੇ ਢੇਰਾਂ ਵਿੱਚੋਂ ਬਿਮਾਰੀਆਂ, ਬਦਬੂ ਅਤੇ ਨਿਰਾਸ਼ਤਾ ਸਾਡੇ ਪੱਲੇ ਵੀ ਪੈਂਦੀ ਹੈ। ਰਾਹ ਚਲਦੇ ਫਲ ਖਾ ਕੇ ਛਿਲਕੇ ਰਾਹ ਵਿਚ ਆਮ ਸੁੱਟੇ ਜਾਂਦੇ ਹਨ। ਖਾਲੀ ਲਿਫਾਫਿਆਂ ਤੇ ਕਾਗਜ਼ਾਂ ਨਾਲ ਵੀ ਇਹੋ ਕੁਝ ਹੁੰਦਾ ਹੈ।

ਆਪਣੇ ਆਪ ਨੂੰ ਅਸੀਂ ਸੰਸਾਰ ਦੇ ਸਭ ਤੋਂ ਵੱਧ ਧਾਰਮਿਕ ਰੁਚੀ ਵਾਲੇ ਮੰਨਦੇ ਹਾਂ। ਇਸੇ ਅਕੀਦੇ ਅਧੀਨ ਸਾਲ ਵਿਚ ਕਈ ਵਾਰ ਨਗਰ ਕੀਰਤਨ ਸੋਭਾ ਯਾਤਰਾ ਦਾ ਪ੍ਰਬੰਧ ਹੁੰਦਾ ਹੈ। ਇਨ੍ਹਾਂ ਵਿਚ ਸ਼ਾਮਿਲ ਸੰਗਤ ਦੀ ਖੂਬ ਸੇਵਾ ਕੀਤੀ ਜਾਂਦੀ ਹੈ। ਥਾਂ-ਥਾਂ ਲੰਗਰ ਲਗਾਏ ਜਾਂਦੇ ਹਨ ਪਰ ਜਦੋਂ ਉਥੋਂ ਸੰਗਤ ਅੱਗੇ ਲੰਘ ਜਾਂਦੀ ਹੈ ਤਾਂ ਪਿਛੇ ਸੜਕ ਪੇਪਰ ਪਲੇਟਾਂ ਕੱਪ ਤੇ ਖਾਣ-ਪੀਣ ਦੀਆਂ ਵਸਤਾਂ ਦੀ ਜੂਠ ਨਾਲ ਭਰ ਜਾਂਦੀ ਹੈ। ਇੰਝ ਪੁੰਨ ਕਮਾਉਣ ਦੀ ਥਾਂ ਅਸੀਂ ਗੰਦਗੀ ਖਿਲਾਰ ਦਿੰਦੇ ਹਾਂ। ਸਮਝਦਾਰੀ ਤਾਂ ਇਸ ਵਿਚ ਹੈ ਕਿ ਜਿਸ ਸ਼ਰਧਾ ਨਾਲ ਅਸੀਂ ਨਗਰ ਕੀਰਤਨ ਦੇ ਅੱਗੇ ਸਫਾਈ ਕਰਦੇ ਜਾਂਦੇ ਹਾਂ, ਉਸੇ ਤਰ੍ਹਾਂ ਪਿੱਛੇ ਸਫਾਈ ਕੀਤੀ ਜਾਵੇ। ਅਮੀਰ ਗਰੀਬ, ਪੜ੍ਹੇ ਲਿਖੇ ਅਤੇ ਅਨਪੜ੍ਹ ਸਾਰੇ ਹੀ ਚੌਗਿਰਦੇ ਨੂੰ ਗੰਦਾ ਕਰਨ ਵਿਚ ਸ਼ਾਮਿਲ ਹਨ। ਕਾਰਖਾਨਿਆਂ ਦੀਆਂ ਚਿਮਨੀਆਂ ਵਿਚੋਂ ਨਿਕਲਦਾ ਧੂੰਆਂ ਜਿਥੇ ਹਵਾ ਨੂੰ ਗੰਧਲਾ ਕਰਦਾ ਹੈ ਉਥੇ ਕਾਰਖਾਨਿਆਂ ਦਾ ਗੰਦਾ ਪਾਣੀ ਦਰਿਆਵਾਂ ਨੂੰ ਗੰਧਲਾ ਕਰਦਾ ਹੈ। ਜਿਹੜੇ ਦਰਿਆਵਾਂ ਵਿਚ ਇਸ਼ਨਾਨ ਕਰਨ ਨਾਲ ਸਿਰਫ ਤਨ ਹੀ ਨਹੀਂ ਮਨ ਵੀ ਸ਼ੁੱਧ ਹੋ ਜਾਂਦਾ ਸੀ ਉਥੇ ਹੁਣ ਮੱਛੀਆਂ ਨੂੰ ਵੀ ਸਾਹ ਲੈਣਾ ਔਖਾ ਹੋ ਗਿਆ ਹੈ। ਜੇਕਰ ਸਾਡਾ ਵਾਹਨ ਧੂੰਆਂ ਮਾਰਦਾ ਹੈ ਤਾਂ ਅਸੀਂ ਇਸ ਨੂੰ ਠੀਕ ਕਰਵਾਉਣ ਦਾ ਯਤਨ ਨਹੀਂ ਕਰਦੇ। ਹੁਣ ਤਾਂ ਕਿਸਾਨ ਵੀ ਪਿੱਛੇ ਨਹੀਂ ਰਹੇ। ਕਣਕ-ਝੋਨੇ ਦੀ ਕਟਾਈ ਮਸ਼ੀਨਾਂ ਨਾਲ ਹੋਣ ਲਗ ਪਈ ਹੈ। ਖੇਤ ਵਿਚ ਖੜ੍ਹੇ ਨਾੜ ਨੂੰ ਕਾਨੂੰਨ ਦੀ ਪਰਵਾਹ ਨਾ ਕਰਦਿਆਂ ਹੋਇਆਂ ਅੱਗ ਲਗਾਈ ਜਾਂਦੀ ਹੈ। ਵਾਤਾਵਰਨ ਵਿਚ ਸਾਰੇ ਪਾਸੇ ਧੂੰਆਂ ਫੈਲ ਜਾਂਦਾ ਹੈ। ਜਨਤਕ ਜਾਇਦਾਦ ਨੂੰ ਲੋਕ ਹੀ ਸਭ ਤੋਂ ਵੱਧ ਗੰਦਾ ਕਰਦੇ ਹਨ। ਜੇਕਰ ਸਾਰੇ ਨਾਗਰਿਕ ਚਾਹੁਣ ਤਾਂ ਦੇਸ਼ ਨੂੰ ਸਵੱਛ ਬਣਾਇਆ ਜਾ ਸਕਦਾ ਹੈ। ਇਹ ਕੋਈ ਮੁਸ਼ਕਿਲ ਕਾਰਜ ਨਹੀਂ ਹੈ। ਲੋੜ ਸਿਰਫ ਆਪਣੇ ਫਰਜ਼ਾਂ ਨੂੰ ਪਛਾਨਣ ਦੀ ਹੈ।

ਕਈ ਸਕੂਲ ਕਾਲਜ ਤੇ ਦਫ਼ਤਰ ਅੰਦਰੋਂ ਬਾਹਰੋਂ ਸਾਫ ਸੁਥਰੇ ਨਜ਼ਰ ਆਉਂਦੇ ਹਨ ਪਰ ਬਹੁਤਿਆਂ ਵਿੱਚ ਸਫਾਈ ਵਲ ਧਿਆਨ ਨਹੀਂ ਦਿੱਤਾ ਜਾਂਦਾ। ਇਥੇ ਵੀ ਸਕੂਲ ਤੇ ਕਾਲਜਾਂ ਵਿਚ ਵਿਦਿਆਰਥੀਆਂ ਤੇ ਅਧਿਆਪਕਾਂ ਤੇ ਦਫ਼ਤਰ ਦੇ ਕਾਰਮਚਾਰੀਆਂ ਨੂੰ ਰਲ ਕੇ ਸਾਲ ਵਿਚ ਘੱਟੋ-ਘੱਟ ਦੋ ਵਾਰ ਸਫਾਈ ਕਰਨੀ ਚਾਹੀਦੀ ਹੈ। ਇਹੋ ਜਿਹਾ ਬਹੁਤ ਸਾਰੇ ਦੇਸ਼ਾਂ ਵਿਚ ਕੀਤਾ ਜਾਂਦਾ ਹੈ। ਬਾਹਰ ਸਜਾਵਟੀ ਰੁੱਖ ਲਗਾਏ ਜਾਣ ਜਿਨ੍ਹਾਂ ਦੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਵਿਦਿਆਰਥੀਆਂ ਨੂੰ ਸੌਂਪੀ ਜਾਵੇ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਸਬੰਧਿਤ ਕਾਨੂੰਨਾਂ ਦੀ ਸਖਤੀ ਨਾਲ ਪਾਲਣਾ ਕਰਵਾਏ। ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਸਾਡੇ ਵਿਚ ਦੇਸ਼ਭਗਤੀ ਦੀ ਘਾਟ ਹੈ। ਬਹੁਤੇ ਕਰਮਚਾਰੀ ਤੇ ਲੀਡਰ ਸਿਰਫ ਆਪਣੇ ਬਾਰੇ ਹੀ ਸੋਚਦੇ ਹਨ। ਉਹ ਭੁੱਲ ਜਾਂਦੇ ਹਨ ਕਿ ਜਦੋਂ ਦੂਜੇ ਡੁੱਬਣਗੇ ਤਾਂ ਅਸੀਂ ਕਿਵੇਂ ਬਚ ਸਕਾਂਗੇ।

ਕਾਰਖਾਨਿਆਂ ਦੇ ਮਾਲਕ ਪੜ੍ਹੇ ਲਿਖੇ ਤੇ ਅਮੀਰ ਵਿਅਕਤੀ ਹਨ। ਉਹ ਖੁਦ ਨੂੰ ਦੇਸ਼ ਦੇ ਜ਼ਿੰਮਵਾਰ ਵਿਅਕਤੀ ਮੰਨਦੇ ਹਨ ਪਰ ਹਵਾ ਤੇ ਪਾਣੀ ਨੂੰ ਗੰਧਲਾ ਕਰਨ ਵਲੋਂ ਉਨ੍ਹਾਂ ਕਦੇ ਸੰਕੋਚ ਨਹੀਂ ਕੀਤਾ। ਬੱਸਾਂ ਤੇ ਟਰੱਕਾਂ ਦੇ ਮਾਲਕ ਵੀ ਸੁਲਝੇ ਹੋਏ ਲੋਕ ਹੁੰਦੇ ਹਨ ਪਰ ਉਹ ਵੀ ਇਸ ਪਾਸੇ ਕੋਈ ਬਹੁਤਾ ਧਿਆਨ ਨਹੀਂ ਦਿੰਦੇ।

ਵਾਤਾਵਰਨ ਦੀ ਸ਼ੁੱਧਤਾ ਅਤੇ ਵਧ ਰਹੀ ਤਪਸ਼ ਨੂੰ ਘਟ ਕਰਨ ਲਈ ਸਾਰਾ ਸੰਸਾਰ ਹੀ ਯਤਨਸ਼ੀਲ ਹੈ। ਜਿਥੇ ਅਸੀਂ ਹਵਾ ਪਾਣੀ ਅਤੇ ਧਰਤੀ ਨੂੰ ਪਲੀਤ ਕੀਤਾ ਹੈ ਉਥੇ ਆਲਮੀ ਤਪਸ਼ ਵਿਚ ਵੀ ਵਾਧਾ ਕੀਤਾ ਹੈ। ਆਮ ਤੌਰ ਉਤੇ ਇਸ ਸਭ ਲਈ ਅਸੀਂ ਕਿਸਾਨਾਂ ਦੇ ਸਿਰ ਦੋਸ਼ ਮੜ੍ਹ ਪੱਲਾ ਝਾੜ ਲੈਂਦੇ ਹਾਂ। ਇਹ ਗਲਤ ਹੈ; ਕਿਸਾਨ ਤਾਂ ਅੰਨਦਾਤਾ ਹੈ; ਉਹ ਹਵਾ, ਪਾਣੀ ਤੇ ਧਰਤੀ ਦੀ ਵਰਤੋਂ ਲੋਕਾਈ ਦਾ ਢਿੱਡ ਭਰਨ ਲਈ ਕਰਦਾ ਹੈ ਪਰ ਅਸੀਂ ਇਨ੍ਹਾਂ ਨੂੰ ਗੰਦਾ ਆਪਣੀ ਸੁੱਖ-ਸਹੂਲਤ ਲਈ ਕਰਦੇ ਹਾਂ। ਆਲਮੀ ਤਪਸ਼ ਲਈ ਵੀ ਗੱਡੀਆਂ ਦੀ ਭਰਮਾਰ, ਹਰੇਕ ਘਰ, ਦਫ਼ਤਰ, ਦੁਕਾਨ, ਸਭ ਵਿਚ ਏਸੀ ਤੇ ਫ੍ਰਿਜ ਇਸੇ ਤਪਸ਼ ਵਿਚ ਵਾਧਾ ਕਰਦੇ ਹਨ। ਰੁੱਖਾਂ ਦੀ ਬੇਰਹਿਮੀ ਨਾਲ ਕਟਾਈ ਦੇ ਅਸੀਂ ਆਪ ਜ਼ਿੰਮੇਵਾਰ ਹਾਂ। ਸੜਕਾਂ ਕੰਢੇ ਜਿਹੜੇ ਰੁੱਖ ਸਨ ਉਹ ਸੜਕਾਂ ਚੌੜੀਆਂ ਕਰਨ ਦੀ ਭੇਟ ਚੜ੍ਹ ਰਹੇ ਹਨ।


ਲੋਕਰਾਜ ਵਿੱਚ ਜਿਥੇ ਲੋਕਾਂ ਦੀ ਜ਼ਿੰਮੇਵਾਰੀ ਸਾਫ ਸੁਥਰੇ ਅਕਸ ਵਾਲੇ ਇਮਾਨਦਾਰ ਅਤੇ ਲੋਕ ਸੇਵਾ ਨੂੰ ਸਮਰਪਿਤ ਆਗੂਆਂ ਦੀ ਚੋਣ ਕਰਨਾ ਹੈ ਉਥੇ ਆਪਣੇ ਫ਼ਰਜ਼ਾਂ ਦੀ ਵੀ ਪਾਲਣਾ ਕਰਨੀ ਜ਼ਰੂਰੀ ਹੋ ਜਾਂਦੀ ਹੈ। ਜੇਕਰ ਸਾਰੇ ਨਾਗਰਿਕ ਆਪਣੇ ਫ਼ਰਜ਼ਾਂ ਦੀ ਪੂਰਤੀ ਪੂਰੀ ਇਮਾਨਦਾਰੀ ਨਾਲ ਕਰਨਗੇ ਤਾਂ ਨੇਤਾ ਜਾਂ ਅਫਸਰਸ਼ਾਹੀ ਵੀ ਗਲਤ ਰਾਹ ਅਪਨਾਉਣ ਤੋਂ ਗੁਰੇਜ਼ ਕਰੇਗੀ। ਸਮਾਜ ਸੇਵਕ ਤੇ ਧਾਰਮਿਕ ਆਗੂ ਅਹਿਮ ਭੂਮਿਕਾ ਨਿਭਾ ਸਕਦੇ ਹਨ। ਜਦੋਂ ਤਕ ਨਾਗਰਿਕ ਇਮਾਨਦਾਰੀ ਨਾਲ ਆਪਣੇ ਫ਼ਰਜ਼ਾਂ ਦੀ ਪੂਰਤੀ ਨਹੀਂ ਕਰਦੇ, ਉਦੋਂ ਤਕ ਸਾਡਾ ਦੇਸ਼ ਕਦੇ ਵੀ ਵਿਕਸਤ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਿਲ ਨਹੀਂ ਹੋ ਸਕਦਾ।

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

ICC Accounting Services Inc.
ICC ACCOUNTING SERVICES INC.




ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
604-597-0991, 778-895-7444
1-800-732-0519
: icc.accounting@yahoo.ca
: www.iccaccounting.com
: 8740 - 140A St., Surrey, BC V3W 0M4



Gurnek Bangar
(Pasla)

# ਬਿਖੜੇ ਰਾਹਾਂ 'ਤੇ ਕਦੋਂ ਤਕ ਚਲੇਗੀ ਪੰਥਕ ਰਾਜਨੀਤੀ..?

**ਲਿਖਤ : ਸਤਨਾਮ ਮਾਣਕ**
**ਸੀਨੀਅਰ ਪੱਤਰਕਾਰ**



ਦੇਸ਼ ਦੀ ਪੁਰਾਣੀ ਖੇਤਰੀ ਪਾਰਟੀ 'ਸ਼੍ਰੋਮਣੀ ਅਕਾਲੀ ਦਲ' ਜਿਸ ਦਾ ਆਜ਼ਾਦੀ ਤੋਂ ਪਹਿਲਾਂ ਅਤੇ ਆਜ਼ਾਦੀ ਤੋਂ ਬਾਅਦ ਦੇਸ਼ ਦੀ ਧਾਰਮਿਕ ਤੇ ਰਾਜਨੀਤਕ ਸਿਆਸਤ ਵਿਚ ਅਹਿਮ ਰੋਲ ਰਿਹਾ ਹੈ ਅਤੇ ਜੋ ਕਿ 1920 ਵਿਚ ਆਪਣੇ ਹੋਂਦ ਵਿਚ ਆਉਣ ਦੇ ਸਮੇਂ ਤੋਂ ਹੀ ਪੰਥ ਅਤੇ ਪੰਜਾਬ ਦੇ ਹੱਕਾਂ- ਹਿਤਾਂ ਲਈ ਸੰਘਰਸ਼ ਕਰਦੀ ਰਹੀ ਹੈ, ਅੱਜ ਗੰਭੀਰ ਸੰਕਟ ਵਿਚੋਂ ਗੁਜ਼ਰਦੀ ਨਜ਼ਰ ਆ ਰਹੀ ਹੈ।

2017 ਤੋਂ ਬਾਅਦ ਇਹ ਪੰਜਾਬ ਵਿਚ ਹੋਣ ਵਾਲੀਆਂ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਚੋਣਾਂ ਵਿਚ ਬੁਰੀ ਤਰ੍ਹਾਂ ਹਾਰਦੀ ਰਹੀ ਹੈ। ਇਸ ਤੋਂ ਇਲਾਵਾ ਪੰਚਾਇਤਾਂ ਅਤੇ ਮਿਊਂਸੀਪਲ ਅਦਾਰਿਆਂ ,ਜਿਨ੍ਹਾਂ ਨੂੰ 'ਸਥਾਨਕ ਸਰਕਾਰਾਂ' ਵੀ ਕਿਹਾ ਜਾਂਦਾ ਹੈ, ਦੀਆਂ ਚੋਣਾਂ ਵਿਚ ਵੀ ਇਸ ਦੀ ਕਾਰਗੁਜ਼ਾਰੀ ਬੇਹੱਦ ਕਮਜ਼ੋਰ ਰਹੀ ਹੈ। ਇਸ ਸਮੇਂ ਇਸ ਦੇ ਵੱਖ-ਵੱਖ ਧੜਿਆਂ ਦਾ ਜੋ ਵਤੀਰਾ ਨਜ਼ਰ ਆ ਰਿਹਾ ਹੈ, ਉਸ ਨੂੰ ਮੁੱਖ ਰੱਖਦਿਆਂ ਇਸ ਗੱਲ ਦਾ ਵੀ ਕੋਈ ਭਰੋਸਾ ਨਹੀਂ ਕਿ ਆਉਣ ਵਾਲੇ ਸਾਲਾਂ ਵਿਚ ਵੀ ਇਸ ਦਾ ਮੁੜ ਉਭਾਰ ਹੋ ਸਕੇਗਾ।

ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਧੜੇ ਜਿਸ ਨੂੰ 'ਸ਼੍ਰੋਮਣੀ ਅਕਾਲੀ ਦਲ (ਬਾਦਲ)' ਵੀ ਆਖਿਆ ਜਾਂਦਾ ਹੈ, ਦੇ ਲੀਡਰਾਂ ਅਤੇ ਇਸੇ ਦਲ ਵਿਚੋਂ ਨਿਕਲੇ ਹੋਏ ਕੁਝ ਹੋਰ ਅਕਾਲੀ ਆਗੂਆਂ ਦੀਆਂ ਪਿਛਲੀਆਂ ਗ਼ਲਤੀਆਂ ਨੂੰ ਮੁੱਖ ਰੱਖ ਕੇ ਉਨ੍ਹਾਂ ਦੀ ਜਵਾਬਦੇਹੀ ਕਰਨ ਅਤੇ ਭਵਿੱਖ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਅਤੇ ਇਕਮੁੱਠਤਾ ਲਈ ਪਿਛਲੇ ਸਾਲ 2 ਦਸੰਬਰ ਨੂੰ ਸਿੰਘ ਸਾਹਿਬਾਨ ਨੇ ਸ੍ਰੀ ਅਕਾਲ ਤਖ਼ਤ ਦੀ ਫ਼ਸੀਲ ਤੋਂ, ਜਿਥੇ ਉਨ੍ਹਾਂ ਨੂੰ ਧਾਰਮਿਕ ਸਜ਼ਾ ਸੁਣਾਈ ਸੀ, ਉਥੇ ਉਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਇਕ 7 ਮੈਂਬਰੀ ਕਮੇਟੀ ਬਣਾ ਕੇ ਅਕਾਲੀ ਦਲ ਦਾ ਮੁੜ ਤੋਂ ਪੁਨਰਗਠਨ ਕਰਨ ਦਾ ਆਦੇਸ਼ ਵੀ ਦਿੱਤਾ ਸੀ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂਆਂ ਅਤੇ ਇਸੇ ਧੜੇ ਦੇ ਹੋਰ ਬਾਗੀ ਆਗੂਆਂ ਨੇ ਸਿੰਘ ਸਾਹਿਬਾਨ ਦੇ ਆਦੇਸ਼ਾਂ ਦੇ ਮੁਤਾਬਕ ਆਪਣੀਆਂ ਧਾਰਮਿਕ ਸਜ਼ਾਵਾਂ ਤਾਂ ਪੂਰੀਆਂ ਕਰ ਲਈਆਂ ਹਨ, ਪਰ ਸ਼੍ਰੋਮਣੀ ਅਕਾਲੀ ਦਲ ਦੇ ਪੁਨਰਗਠਨ ਬਾਰੇ ਸਿੰਘ ਸਾਹਿਬਾਨ ਨੇ ਜੋ ਆਦੇਸ਼ ਦਿੱਤੇ ਹਨ, ਉਨ੍ਹਾਂ ਦੀ ਪੂਰਤੀ ਕਰਨ ਸੰਬੰਧੀ ਅਕਾਲੀ ਆਗੂਆਂ ਵਿਚ ਇਕਸੁਰਤਾ ਨਜ਼ਰ ਨਹੀਂ ਆ ਰਹੀ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਲੀਡਰਸ਼ਿਪ ਨੇ ਇਸ ਸੰਬੰਧ ਵਿਚ ਕੁਝ ਕਾਨੂੰਨੀ ਨੁਕਤੇ ਉਠਾਏ ਹਨ। ਉਨ੍ਹਾਂ ਦਾ ਮਤ ਹੈ ਕਿ ਜੇਕਰ ਸਿੰਘ ਸਾਹਿਬਾਨ ਦੇ ਆਦੇਸ਼ ਦੇ ਮੁਤਾਬਿਕ ਉਨ੍ਹਾਂ ਵਲੋਂ ਬਣਾਈ 7 ਮੈਂਬਰੀ ਕਮੇਟੀ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਮੈਂਬਰਸ਼ਿਪ ਕਰ ਕੇ ਦਲ ਦਾ ਨਵੇਂ ਸਿਰੇ ਤੋਂ ਪ੍ਰਧਾਨ ਚੁਣਨ ਦੀ ਪ੍ਰਕਿਰਿਆ ਨੂੰ ਉਹ ਸਵੀਕਾਰ ਕਰ ਲੈਂਦੇ ਹਨ, ਤਾਂ ਇਸ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਚੋਣ ਕਮਿਸ਼ਨ ਵਲੋਂ ਮਾਨਤਾ ਰੱਦ ਹੋ ਸਕਦੀ ਹੈ। ਇਸ ਸੰਬੰਧ ਵਿਚ ਇਨ੍ਹਾਂ ਆਗੂਆਂ ਵਲੋਂ ਕੁਝ ਜਾਣੇ-ਪਛਾਣੇ ਵਕੀਲਾਂ ਤੋਂ ਪ੍ਰਾਪਤ ਕੀਤੀ ਗਈ ਕਾਨੂੰਨੀ ਰਾਇ ਦਾ ਵੀ ਹਵਾਲਾ ਦਿੱਤਾ ਜਾ ਰਿਹਾ ਹੈ। ਦੂਜੇ ਪਾਸੇ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿੰਘ ਸਾਹਿਬਾਨ ਗਿਆਨੀ ਰਘਬੀਰ ਸਿੰਘ ਨੇ 6 ਜਨਵਰੀ ਨੂੰ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਵਾਲੇ ਦਿਨ ਮੀਡੀਆ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂਆਂ ਨੂੰ ਮੁੜ ਇਹ ਆਦੇਸ਼ ਦਿੱਤਾ ਹੈ ਕਿ ਉਹ ਸਿੰਘ ਸਾਹਿਬਾਨ ਵਲੋਂ 2 ਦਸੰਬਰ ਨੂੰ ਜਾਰੀ ਕੀਤੇ ਗਏ ਆਦੇਸ਼ਾਂ 'ਤੇ ਅਮਲ ਕਰਨ ਅਤੇ ਇਸ ਸੰਬੰਧੀ ਕੋਈ ਵੀ ਆਨਾਕਾਨੀ ਨਹੀਂ ਕੀਤੀ ਜਾਣੀ ਚਾਹੀਦੀ। ਗਿਆਨੀ ਰਘਬੀਰ ਸਿੰਘ ਦੇ ਇਸ ਬਿਆਨ ਨਾਲ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂਆਂ ਦੀ ਸਮੱਸਿਆ ਇਕ ਵਾਰ ਫਿਰ ਵੱਧ ਗਈ ਨਜ਼ਰ ਆਉਂਦੀ ਹੈ। ਸੁਖਬੀਰ ਸਿੰਘ ਬਾਦਲ ਵਲੋਂ ਮਾਲਵੇ ਦੇ ਪਿੰਡ ਬਰਕੰਦੀ ਵਿਚ 3-4 ਜ਼ਿਲ੍ਹਿਆਂ ਦੇ ਵਰਕਰਾਂ ਨਾਲ ਬਕਾਇਦਾ ਇਕ ਮੀਟਿੰਗ ਵੀ ਕੀਤੀ ਗਈ ਹੈ ਜਿਸ ਵਿਚ ਉਨ੍ਹਾਂ ਨੇ ਆਪਣਾ ਇਹ ਦੋਸ਼ ਦੁਹਰਾਇਆ ਹੈ ਕਿ ਅਕਾਲੀ ਦਲ ਨੂੰ ਕਮਜ਼ੋਰ ਕਰਨ ਦੀਆਂ ਸਾਜਿਸ਼ਾਂ ਹੋ ਰਹੀਆਂ ਹਨ। ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਪੰਜਾਬ ਦੇ ਹੱਕਾਂ-ਹਿਤਾਂ ਦੀ ਰਾਖੀ ਕਰਨ ਲਈ ਰਾਜ ਦੀ ਖੇਤਰੀ ਪਾਰਟੀ 'ਸ਼੍ਰੋਮਣੀ ਅਕਾਲੀ ਦਲ' ਨੂੰ ਮਜ਼ਬੂਤ ਕਰਨਾ ਬੇਹੱਦ ਜ਼ਰੂਰੀ ਹੈ।

ਦੂਜੇ ਪਾਸੇ ਡਿਬਰੂਗੜ੍ਹ ਜੇਲ੍ਹ ਵਿਚ ਐਨ.ਐਸ.ਏ. ਅਧੀਨ ਨਜ਼ਰਬੰਦ ਖਡੂਰ ਸਾਹਿਬ ਤੋਂ ਲੋਕਸਭਾ ਦੇ ਮੈਂਬਰ ਅੰਮ੍ਰਿਤਪਾਲ ਸਿੰਘ ਅਤੇ ਹਲਕਾ ਫਰੀਦਕੋਟ ਤੋਂ ਲੋਕ ਸਭਾ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਦੇ ਸਮਰਥਕਾਂ ਵਲੋਂ ਮਿਲ ਕੇ ਸਿਆਸੀ ਸਰਗਰਮੀ ਆਰੰਭ ਦਿਤੀ ਹੈ। ਇਸ ਨਾਲ ਸਿੰਘ ਸਾਹਿਬਾਨ ਜਾਂ ਹੋਰ ਧਿਰਾਂ ਵਲੋਂ ਅਕਾਲੀ ਦਲ ਵਿਚ ਏਕਤਾ ਕਰਵਾਉਣ ਦੇ ਜੋ ਯਤਨ ਕੀਤੇ ਜਾ ਰਹੇ ਹਨ, ਇਕ ਤਰ੍ਹਾਂ ਨਾਲ ਉਨ੍ਹਾਂ ਲਈ ਵੀ ਗੁੰਝਲਾਂ ਪੈਦਾ ਹੋਣਗੀਆਂ। ਜੇਕਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਲੀਡਰਸ਼ਿਪ ਅਕਾਲੀ ਦਲ ਦੇ ਪੁਨਰਗਠਨ ਸੰਬੰਧੀ ਆਪਣੀ ਵਰਤਮਾਨ ਪਹੁੰਚ 'ਤੇ ਕਾਇਮ ਰਹਿੰਦੀ ਹੈ ਤਾਂ ਇਸ ਗੱਲ ਦੀ ਪੂਰੀ-ਪੂਰੀ ਸੰਭਾਵਨਾ ਹੈ, ਕਿ ਇਸ ਦਲ ਵਿਚੋਂ ਬਾਗੀ ਹੋ ਕੇ ਬਾਹਰ ਨਿਕਲੇ ਆਗੂ ਜੋ ਪਹਿਲਾਂ 'ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ' ਦੇ ਨਾਂਅ ਹੇਠ ਵਿਚਰਦੇ ਰਹੇ ਹਨ, ਵਲੋਂ ਵੀ ਮੁੜ ਇਕ ਨਵਾਂ ਅਕਾਲੀ ਦਲ ਖੜ੍ਹਾ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਆਉਣ ਵਾਲੇ ਦਿਨਾਂ ਵਿਚ ਪੰਜਾਬ ਦੀ ਰਾਜਨੀਤੀ ਵਿਚ ਇਹ ਤਿੰਨ ਅਕਾਲੀ ਦਲ ਵਿਚਰਦੇ ਨਜ਼ਰ ਆ ਸਕਦੇ ਹਨ। ਪਰ ਅਕਾਲੀ ਦਲਾਂ ਦੀ ਗਿਣਤੀ ਇਥੋਂ ਤਕ ਹੀ ਸੀਮਤ ਨਹੀਂ ਹੈ। ਪੰਜਾਬ ਦੀ ਸਿਆਸਤ ਵਿਚ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਸ਼੍ਰੋਮਣੀ ਅਕਾਲੀ ਦਲ (1920), ਸ਼ੇਰ-ਏ-ਪੰਜਾਬ ਅਕਾਲੀ ਦਲ ਅਤੇ ਇੰਟਰਨੈਸ਼ਨਲ ਪੰਥਕ ਦਲ ਆਦਿ ਹੋਰ ਵੀ ਪੰਥਕ ਸੰਗਠਨ ਸਰਗਰਮ ਹਨ।

ਇਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਕਮਜ਼ੋਰ ਹੋਣ ਦਾ ਜਿਥੇ ਪੰਜਾਬ ਦੀ ਸਿਆਸਤ 'ਤੇ ਗਹਿਰਾ ਅਸਰ ਪੈ ਰਿਹਾ ਹੈ, ਉਥੇ ਦੇਸ਼ ਦੀ ਕੌਮੀ ਸਿਆਸਤ ਵਿਚ ਵੀ ਘੱਟ ਗਿਣਤੀਆਂ ਵਿਰੋਧੀ ਸਿਆਸੀ ਤਾਕਤਾਂ ਮਜ਼ਬੂਤ ਹੁੰਦੀਆਂ ਜਾ ਰਹੀਆਂ ਹਨ ਅਤੇ ਘੱਟ ਗਿਣਤੀਆਂ ਨਾਲ ਸੰਬੰਧਿਤ ਲੋਕ ਦਿਨੋ-ਦਿਨ ਅਸੁਰੱਖਿਅਤ ਹੁੰਦੇ ਜਾ ਰਹੇ ਹਨ। ਕਿਸੇ ਸਮੇਂ ਦੇਸ਼ ਦੀ ਸਿਆਸਤ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਆਵਾਜ਼ ਦਾ ਬੜਾ ਮਹੱਤਵ ਮੰਨਿਆ ਜਾਂਦਾ ਸੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੇਸ਼ ਭਰ ਵਿਚ ਵਿਚਰਦੇ ਸਨ। ਸਿੱਖ ਪੰਥ ਦੇ ਨਾਲ-ਨਾਲ ਦੂਜੀਆਂ ਘੱਟ ਗਿਣਤੀਆਂ ਨਾਲ ਹੁੰਦੀਆਂ ਜ਼ਿਆਦਤੀਆਂ ਵਿਰੁੱਧ ਵੀ ਬੇਬਾਕੀ ਨਾਲ ਬੋਲਦੇ ਸਨ। ਸ਼੍ਰੋਮਣੀ ਅਕਾਲੀ ਦਲ ਨੂੰ ਜਬਰ ਤੇ ਜ਼ੁਲਮ ਦੇ ਵਿਰੋਧੀ ਅਤੇ 'ਮਨੁੱਖੀ ਅਧਿਕਾਰਾਂ ਦੇ ਚੈਂਪੀਅਨ' ਵਜੋਂ ਜਾਣਿਆ ਤੇ ਦੇਖਿਆ ਜਾਂਦਾ ਸੀ। ਉਸ ਸਮੇਂ ਦੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨਾਂ ਦੀ ਜੀਵਨ ਸ਼ੈਲੀ ਵੀ ਬੇਹੱਦ ਸਾਦੀ ਹੁੰਦੀ ਸੀ ਅਤੇ ਉਹ ਆਮ ਕਰਕੇ ਆਪਣੇ ਦੌਰਿਆਂ ਦੌਰਾਨ ਪੰਜਾਬ ਅਤੇ ਪੰਜਾਬ ਤੋਂ ਬਾਹਰ ਗੁਰੂ ਘਰਾਂ ਵਿਚ ਹੀ ਵਿਸ਼ਰਾਮ ਕਰਦੇ ਸਨ ਅਤੇ ਗੁਰੂ ਘਰਾਂ ਦੇ ਲੰਗਰਾਂ ਵਿਚੋਂ ਹੀ ਪ੍ਰਸ਼ਾਦਾ ਛਕਦੇ ਸਨ। ਉਹ ਹਮੇਸ਼ਾ ਲੋਕਾਂ ਦੀ ਪਹੁੰਚ ਵਿਚ ਰਹਿੰਦੇ ਸਨ। ਉਨ੍ਹਾਂ ਸਮਿਆਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਵੀ ਕੌਮੀ ਪੱਧਰ ਦਾ ਰੁਤਬਾ ਤੇ ਪ੍ਰਭਾਵ ਹੁੰਦਾ ਸੀ।

1975 ਵਿਚ ਐਮਰਜੈਂਸੀ ਸਮੇਂ 19 ਮਹੀਨਿਆਂ ਤੱਕ ਸ੍ਰੀ ਹਰਿਮੰਦਰ ਸਾਹਿਬ ਸਮੂਹ ਤੋਂ ਸਫ਼ਲਤਾ ਨਾਲ ਮੋਰਚਾ ਚਲਾ ਕੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਪੂਰੇ ਦੇਸ਼ ਵਿਚ ਜਮਹੂਰੀਅਤ ਦੀ ਮੁੜ ਬਹਾਲੀ ਲਈ ਵੱਡਾ ਰੋਲ ਅਦਾ ਕੀਤਾ ਸੀ ਅਤੇ ਇਸ ਨਾਲ ਅਕਾਲੀ ਦਲ ਦੇ ਆਗੂ ਨਾਇਕ ਬਣ ਕੇ ਉੱਭਰੇ ਸਨ। ਪੰਜਾਬ ਅਤੇ ਪੰਜਾਬ ਤੋਂ ਬਾਹਰ ਸਿੱਖ ਭਾਈਚਾਰੇ ਨਾਲ ਹੁੰਦੀ ਹਰ ਜ਼ਿਆਦਤੀ ਦੇ ਖ਼ਿਲਾਫ਼ ਸੰਘਰਸ਼ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਤਿਆਰ-ਬਰ-ਤਿਆਰ ਰਹਿੰਦਾ ਸੀ। ਸ਼੍ਰੋਮਣੀ ਅਕਾਲੀ ਦਲ ਦੀ ਇਸ ਮਜ਼ਬੂਤੀ ਕਾਰਨ ਤਖ਼ਤ ਸ੍ਰੀ ਹਜ਼ੂਰ ਸਾਹਿਬ, ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਵੀ ਸ਼੍ਰੋਮਣੀ ਅਕਾਲੀ ਦਲ ਦਾ ਮਜ਼ਬੂਤ ਪ੍ਰਭਾਵ ਬਣਿਆ ਰਹਿੰਦਾ ਸੀ।

ਬਿਨਾਂ ਸ਼ੱਕ ਧਰਮ ਯੁੱਧ ਮੋਰਚੇ ਦੇ ਅਸਫ਼ਲ ਰਹਿਣ ਤੋਂ ਬਾਅਦ ਸਾਕਾ ਨੀਲਾ ਤਾਰਾ ਵਰਗਾ ਦੁਖਦਾਈ ਘਟਨਾਕ੍ਰਮ ਵਾਪਰਨ ਤੇ ਨਵੰਬਰ, 1984 ਵਿਚ ਹੋਏ ਸਿੱਖ ਕਤਲੇਆਮ ਨਾਲ ਸ਼੍ਰੋਮਣੀ ਅਕਾਲੀ ਦਲ ਤੇ ਹੋਰ ਪੰਥਕ ਸੰਗਠਨਾਂ ਨੂੰ ਵੱਡੀ ਢਾਅ ਲੱਗੀ ਸੀ ਪਰ ਹੌਲੀ-ਹੌਲੀ ਸਿੱਖ ਪੰਥ ਤੇ ਸ਼੍ਰੋਮਣੀ ਅਕਾਲੀ ਦਲ ਇਸ ਸਦਮੇਂ ਤੋਂ ਉੱਭਰ ਆਇਆ ਸੀ। ਪਰ ਬਾਅਦ ਦੇ ਧਾਰਮਿਕ ਤੇ ਸਿਆਸੀ ਘਟਨਾਕ੍ਰਮਾਂ ਨਾਲ ਇਸ ਦੇ ਠੀਕ ਤਰ੍ਹਾਂ ਨਾ ਨਿਪਟ ਸਕਣ ਕਾਰਨ ਅਕਾਲੀ ਦਲ ਮੁੜ ਕਮਜ਼ੋਰ ਹੋ ਗਿਆ।

ਅੱਜ ਦੀ ਸਥਿਤੀ ਇਹ ਹੈ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਲੋਂ ਬੁਲਾਈਆਂ ਗਈਆਂ ਕਈ ਮਹੱਤਵਪੂਰਨ ਮੀਟਿੰਗਾਂ ਤੋਂ ਵੀ ਗ਼ੈਰ-ਹਾਜ਼ਰ ਰਹਿੰਦੇ ਹਨ। ਅਜਿਹਾ ਇਸ ਲਈ ਵੀ ਹੁੰਦਾ ਹੈ, ਕਿਉਂਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਥਾਨਕ ਬੋਰਡਾਂ 'ਤੇ ਹੁਣ ਸ਼੍ਰੋਮਣੀ ਅਕਾਲੀ ਦਲ ਦਾ ਬਹੁਤਾ ਪ੍ਰਭਾਵ ਨਹੀਂ ਰਿਹਾ। ਉਨ੍ਹਾਂ 'ਤੇ ਸਥਾਨਕ ਸਰਕਾਰਾਂ ਜਾਂ ਕੇਂਦਰ ਵਿਚ ਸੱਤਾਧਾਰੀ ਪਾਰਟੀ ਦਾ ਪ੍ਰਭਾਵ ਵਧੇਰੇ ਦੇਖਿਆ ਜਾ ਸਕਦਾ ਹੈ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਾਂ ਪੂਰੀ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਭਾਵ ਤੋਂ ਬਾਹਰ ਜਾ ਕੇ ਸ਼੍ਰੋਮਣੀ ਅਕਾਲੀ ਦਲ (ਦਿੱਲੀ ਸਟੇਟ) ਦੇ ਪ੍ਰਭਾਵ ਅਧੀਨ ਜਾ ਚੁੱਕੀ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸੌੜੀ ਸਮਝ ਕਾਰਨ ਹਰਿਆਣਾ ਦੇ ਸਿੱਖ ਭਾਈਚਾਰੇ ਨੇ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਬਗ਼ਾਵਤ ਕਰਦਿਆਂ ਆਪਣੀ ਵੱਖਰੀ ਗੁਰਦੁਆਰਾ ਕਮੇਟੀ ਬਣਾ ਲਈ ਹੈ, ਜਿਸ ਦੀਆਂ ਇਨ੍ਹਾਂ ਦਿਨਾਂ ਵਿਚ ਚੋਣਾਂ ਹੋਣ ਵਾਲੀਆਂ ਹਨ। ਹਰਿਆਣੇ ਵਿਚ ਵੀ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਭਾਵ ਕਾਫੀ ਹੱਦ ਤੱਕ ਘਟ ਚੁੱਕਾ ਹੈ। ਸ਼੍ਰੋਮਣੀ ਅਕਾਲੀ ਦਲ ਦਾ ਪ੍ਰਭਾਵ ਇਸ ਸਮੇਂ ਸਿਰਫ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਅੰਮ੍ਰਿਤਸਰ) 'ਤੇ ਹੀ ਬਾਕੀ ਬਚਿਆ ਹੈ। ਇਸ ਦਾ ਹੀ ਇਹ ਸਿੱਟਾ ਨਿਕਲਿਆ ਹੈ ਕਿ ਸਿੱਖ ਘੱਟ ਗਿਣਤੀ ਦੇ ਮਸਲਿਆਂ ਸੰਬੰਧੀ ਸ਼੍ਰੋਮਣੀ ਅਕਾਲੀ ਦਲ ਦੀ ਕੋਈ ਵੀ ਗੱਲ ਨਾ ਤਾਂ ਹੁਣ ਪੰਜਾਬ ਦੀ ਸਰਕਾਰ ਸੁਣਦੀ ਹੈ ਅਤੇ ਨਾ ਹੀ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ। ਪਿਛਲੇ 2 ਸਾਲਾਂ ਤੋਂ ਮੁਹਾਲੀ ਤੇ ਚੰਡੀਗੜ੍ਹ ਦੀ ਸਰਹੱਦ 'ਤੇ ਬੰਦੀ ਸਿੰਘਾਂ ਦੀ ਰਿਹਾਈ ਲਈ 'ਕੌਮੀ ਇਨਸਾਫ਼ ਮੋਰਚਾ' ਲੱਗਾ ਹੋਇਆ ਹੈ।

ਸ਼੍ਰੋਮਣੀ ਅਕਾਲੀ ਦਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਥੋਂ ਤੱਕ ਕਿ ਸਿੰਘ ਸਾਹਿਬਾਨ ਨੇ ਵੀ ਇਸ ਸੰਬੰਧੀ ਕਾਫੀ ਸਰਗਰਮੀ ਦਿਖਾਈ ਸੀ। ਸਿੰਘ ਸਾਹਿਬਾਨ ਨੇ ਇਸ ਸੰਬੰਧੀ ਕੇਂਦਰ ਸਰਕਾਰ ਤੱਕ ਪਹੁੰਚ ਕਰਨ ਲਈ ਇਕ ਕਮੇਟੀ ਦਾ ਵੀ ਗਠਨ ਕੀਤਾ ਸੀ ਪਰ ਕੇਂਦਰ ਸਰਕਾਰ ਨੇ ਸਿੰਘ ਸਹਿਬਾਨ ਵਲੋਂ ਬਣਾਈ ਗਈ ਕਮੇਟੀ ਨੂੰ ਮੀਟਿੰਗ ਲਈ ਵੀ ਕੋਈ ਸਮਾਂ ਨਹੀਂ ਦਿੱਤਾ। ਪਿਛਲੇ 10 ਮਹੀਨਿਆਂ ਤੋਂ ਹਰਿਆਣਾ ਸਰਕਾਰ ਕੇਂਦਰ ਸਰਕਾਰ ਦੀ ਸ਼ਹਿ 'ਤੇ ਕਿਸਾਨ ਅੰਦੋਲਨ ਦਾ ਬਹਾਨਾ ਬਣਾ ਕੇ ਪੰਜਾਬ ਤੋਂ ਦਿੱਲੀ ਨੂੰ ਜਾਂਦੇ ਰਸਤੇ ਪੱਕੇ ਤੌਰ 'ਤੇ ਬੰਦ ਕਰਕੇ ਬੈਠੀ ਹੈ। ਪੰਜਾਬ ਦੇ ਆਮ ਲੋਕ, ਸਨਅਤਕਾਰ ਤੇ ਵਪਾਰੀ ਦਿੱਲੀ ਆਉਣ-ਜਾਣ ਲਈ ਪਿੰਡਾਂ ਦੀਆਂ ਛੋਟੀਆਂ-ਮੋਟੀਆਂ ਸੜਕਾਂ ਰਾਹੀਂ ਸਫ਼ਰ ਕਰਨ ਲਈ ਮਜਬੂਰ ਹਨ। ਲੋਕਾਂ ਨੂੰ ਦਿੱਲੀ ਪਹੁੰਚਣ ਅਤੇ ਦਿੱਲੀ ਤੋਂ ਪੰਜਾਬ ਆਉਣ ਲਈ ਕਈ-ਕਈ ਘੰਟੇ ਵਧੇਰੇ ਸਮਾਂ ਲਗਦਾ ਹੈ। ਕਿਸਾਨ ਅੰਦੋਲਨ ਦੀਆਂ ਮੰਗਾਂ ਦੀ ਵੀ ਕਿਸੇ ਨੂੰ ਕੋਈ ਪ੍ਰਵਾਹ ਨਹੀਂ ਹੈ।

ਇਸ ਤੋਂ ਇਹ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਸਮੇਂ ਪੰਜਾਬ ਸਮੇਤ ਪੂਰੇ ਦੇਸ਼ ਵਿਚ ਪੰਜਾਬ ਦੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਆਵਾਜ਼ ਅਤੇ ਪਹੁੰਚ ਬਹੁਤ ਕਮਜ਼ੋਰ ਹੋ ਚੁੱਕੀ ਹੈ। ਆਉਣ ਵਾਲੇ ਸਮੇਂ ਵਿਚ ਜੋ ਦੇਸ਼ ਦੀ ਰਾਜਨੀਤੀ ਦਾ ਰੁਝਾਨ ਚੱਲ ਰਿਹਾ ਹੈ, ਉਸ ਵਿਚ ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਸੰਘੀ ਢਾਂਚੇ ਲਈ ਵੀ ਵੱਡੇ ਖ਼ਤਰੇ ਖੜ੍ਹੇ ਹੋਣ ਵਾਲੇ ਹਨ। ਦੇਸ਼ ਦੀ ਵੰਡ ਸਮੇਂ ਸ਼੍ਰੋਮਣੀ ਅਕਾਲੀ ਦਲ ਦੀ ਉਸ ਸਮੇਂ ਦੀ ਲੀਡਰਸ਼ਿਪ ਨੇ ਆਪਣਾ ਨੁਕਸਾਨ ਉਠਾ ਕੇ ਵੀ ਧਰਮ ਆਧਾਰਿਤ ਪਾਕਿਸਤਾਨ ਦਾ ਹਿੱਸਾ ਬਣਨ ਦੀ ਥਾਂ 'ਤੇ ਇਕ ਧਰਮ ਨਿਰਪੱਖ ਰਾਸ਼ਟਰ ਭਾਰਤ ਦਾ ਹਿੱਸਾ ਬਣਨ ਦਾ ਸਹੀ ਫ਼ੈਸਲਾ ਕੀਤਾ ਸੀ। ਪਰ ਅੱਜ ਜਦੋਂ ਕਿ ਇਸ ਦੇਸ਼ ਵਿਚ ਜਮਹੂਰੀਅਤ, ਧਰਮ ਨਿਰਪੱਖਤਾ ਤੇ ਸੰਘੀ ਢਾਂਚੇ ਲਈ ਵੱਡੇ ਖ਼ਤਰੇ ਉੱਭਰ ਰਹੇ ਹਨ ਅਤੇ ਇਨ੍ਹਾਂ ਖ਼ਤਰਿਆਂ ਨੂੰ ਲੈ ਕੇ ਪੰਜਾਬ ਅਤੇ ਸਮੁੱਚੇ ਦੇਸ਼ ਵਿਚ ਹਮਖਿਆਲ ਰਾਜਨੀਤਕ ਤਾਕਤਾਂ ਨਾਲ ਮਿਲ ਕੇ ਵੱਡੀ ਲਾਮਬੰਦੀ ਕਰਨ ਦੀ ਜ਼ਰੂਰਤ ਹੈ, ਤਾਂ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਦਾ ਕਮਜ਼ੋਰ ਹੋਣਾ ਨੁਕਸਾਨ ਵਾਲੀ ਗੱਲ ਹੈ।

ਦੁੱਖ ਵਾਲੀ ਗੱਲ ਇਹ ਵੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਅਜੋਕੀ ਲੀਡਰਸ਼ਿਪ ਪਿਛਲੇ ਲੰਮੇ ਸਮੇਂ ਤੋਂ ਇਨ੍ਹਾਂ ਕੌਮੀ ਮਸਲਿਆਂ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਚਿੰਤਾ ਪ੍ਰਗਟ ਕਰਦੀ ਹੋਈ ਵੀ ਘੱਟ ਹੀ ਨਜ਼ਰ ਆਈ ਹੈ।

ਇਸ ਸਾਰੇ ਘਟਨਾਕ੍ਰਮ ਦੇ ਸੰਦਰਭ ਵਿਚ ਸਾਡੀ ਇਹ ਸਪੱਸ਼ਟ ਰਾਇ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਵੱਖ-ਵੱਖ ਧੜਿਆਂ ਨੂੰ ਪੰਥ ਤੇ ਪੰਜਾਬ ਦੇ ਹੱਕਾਂ, ਹਿਤਾਂ ਦੀ ਰਾਖੀ ਲਈ ਅਤੇ ਦੇਸ਼ ਵਿਚ ਜਮਹੂਰੀਅਤ, ਧਰਮ ਨਿਰਪੱਖਤਾ (ਸਰਬੱਤ ਦਾ ਭਲਾ) ਅਤੇ ਸੰਘੀ ਢਾਂਚੇ ਦੀ ਮਜ਼ਬੂਤੀ ਲਈ ਆਪਸੀ ਮਤਭੇਦ ਭੁਲਾ ਕੇ ਏਕਤਾ ਕਰਨੀ ਚਾਹੀਦੀ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਤੋਂ ਇਕ ਮਜ਼ਬੂਤ ਸੰਗਠਨ ਬਣਾ ਕੇ ਦੇਸ਼ ਦੀਆਂ ਅਜੋਕੀਆਂ ਧਾਰਮਿਕ ਅਤੇ ਰਾਜਨੀਤਕ ਚੁਣੌਤੀਆਂ ਦਾ ਦ੍ਰਿੜਤਾ ਤੇ ਦੂਰਅੰਦੇਸ਼ੀ ਨਾਲ ਸਾਹਮਣਾ ਕਰਨਾ ਚਾਹੀਦਾ ਹੈ।

ਲਿਖਤ : ਹਰਪ੍ਰੀਤ ਕੌਰ ਸੰਧੂ
ਸੰਪਰਕ: 90410-73310

# ਹਾਰ ਵੀ ਸਵੀਕਾਰਨਾ ਸਿੱਖੋ



ਅੱਜ ਦੇ ਯੁੱਗ ਵਿੱਚ ਦੋ ਸ਼ਬਦ ਬਹੁਤ ਸੁਣਨ ਨੂੰ ਮਿਲਦੇ ਹਨ ਨਕਾਰਾਤਮਕਤਾ ਅਤੇ ਸਕਾਰਾਤਮਕਤਾ। ਆਮ ਜਿਹੀ ਭਾਸ਼ਾ ਵਿੱਚ ਗੱਲ ਕਰੀਏ ਤਾਂ ਨੈਗੇਟਿਵਿਟੀ ਅਤੇ ਪੌਜ਼ੀਟਿਵਿਟੀ। ਅਕਸਰ ਲੋਕ ਇੱਕ ਦੂਜੇ ਨੂੰ ਇਹ ਕਹਿੰਦੇ ਸੁਣੇ ਜਾਂਦੇ ਹਨ 'ਬੀ ਪੌਜ਼ੀਟਿਵ'। ਕੁਝ ਚੰਗਾ ਸੋਚੋ। ਕੁਝ ਚੰਗਾ ਕਰੋ। ਸਾਡਾ ਸਾਰਾ ਜ਼ੋਰ ਇਸੇ ਗੱਲ 'ਤੇ ਹੈ ਕਿ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਸਕਾਰਾਤਮਕ ਰਹੀਏ। ਅਸੀਂ ਦੂਜਿਆਂ ਨੂੰ ਵੀ ਇਹ ਹੀ ਸਲਾਹ ਦਿੰਦੇ ਹਾਂ।

ਨਕਾਰਾਤਮਕਤਾ ਜਾਂ ਨੈਗੇਟਿਵਿਟੀ ਅਸਲ ਵਿੱਚ ਹੈ ਕੀ? ਸਿਰਫ ਨਿਰਾਸ਼ਾ ਨੂੰ ਨੈਗੇਟਿਵਿਟੀ ਕਹਿ ਦੇਣਾ ਠੀਕ ਨਹੀਂ। ਕੋਈ ਕਿਸੇ ਦੀ ਆਲੋਚਨਾ ਕਰਦਾ ਹੈ। ਇਹ ਵੀ ਹਮੇਸ਼ਾ ਨੈਗੇਟਿਵਿਟੀ ਨਹੀਂ ਹੁੰਦੀ। ਆਲੋਚਨਾ ਦਾ ਮਤਲਬ ਹੀ ਇਹ ਹੁੰਦਾ ਹੈ ਕਿ ਕਿਸੇ ਦੇ ਗੁਣ ਤੇ ਦੋਸ਼ ਅਲੱਗ ਅਲੱਗ ਕਰਕੇ ਨਿਖੇੜ ਕੇ ਦੇਖੇ ਜਾਣ। ਹਰ ਵੇਲੇ ਕੁਝ ਗ਼ਲਤ ਹੋ ਜਾਣ ਬਾਰੇ ਸੋਚਣਾ। ਕਿਸੇ ਮਾੜੇ ਵਰਤਾਰੇ ਦੀ ਉਮੀਦ ਰੱਖ ਕੇ ਬਹਿ ਜਾਣਾ। ਹਰ ਪਲ ਨਿਰਾਸ਼ਾਜਨਕ ਵਿਚਾਰਾਂ ਵਿੱਚ ਘਿਰੇ ਰਹਿਣਾ। ਇਸ ਨੂੰ ਅਸੀਂ ਨੈਗੇਟਿਵਿਟੀ ਕਹਿੰਦੇ ਹਾਂ।

ਇਸ ਦੇ ਵਿਪਰੀਤ ਸਕਾਰਾਤਮਕਤਾ ਜਾਂ ਪੌਜ਼ੀਟਿਵਿਟੀ ਨੂੰ ਅਸੀਂ ਦੂਜਿਆਂ ਵਿੱਚ ਚੰਗਿਆਈ ਨੂੰ ਦੇਖਣਾ, ਕਿਸੇ ਵਰਤਾਰੇ ਵਿੱਚ ਚੰਗਿਆਈ ਦੇਖਣਾ, ਜ਼ਿੰਦਗੀ ਬਾਰੇ ਹੌਸਲੇ ਭਰਪੂਰ ਵਿਚਾਰ ਰੱਖਣਾ, ਆਪਣਾ ਹੌਸਲਾ ਬਣਾਈ ਰੱਖਣਾ ਅਤੇ ਦੂਜਿਆਂ ਨੂੰ ਵੀ ਹੌਸਲਾ ਦੇਣਾ ਕਹਿੰਦੇ ਹਾਂ। ਅਸੀਂ ਬੜੇ ਸੌਖੇ ਜਿਹੇ ਤਰੀਕੇ ਨਾਲ ਇਨ੍ਹਾਂ ਦੀ ਪਰਿਭਾਸ਼ਾ ਘੜ ਲਈ ਹੈ। ਉਤਸ਼ਾਹਵਰਧਕ ਗੱਲਾਂ ਨੂੰ ਅਸੀਂ ਪੌਜ਼ੀਟਿਵਿਟੀ ਕਹਿੰਦੇ ਹਾਂ।

ਦਰਅਸਲ, ਸਕਾਰਾਤਮਕਤਾ ਅਤੇ ਨਕਾਰਾਤਮਕਤਾ ਨੂੰ ਸਮਝਣਾ ਇੰਨਾ ਸੌਖਾ ਨਹੀਂ ਜਿੰਨਾ ਅਸੀਂ ਬਣਾ ਲਿਆ ਹੈ। ਸਾਡਾ ਹਰ ਵੇਲੇ ਸਕਾਰਾਤਮਕ ਰਹਿਣ 'ਤੇ ਜ਼ੋਰ ਦੇਣਾ ਸਾਨੂੰ ਕਿਤੇ ਇਸ ਗੱਲ ਤੋਂ ਦੂਰ ਕਰ ਸਕਦਾ ਹੈ ਕਿ ਅਸੀਂ ਆਲੋਚਨਾ ਨੂੰ ਸਹਿਣ ਕਰੀਏ। ਸਕਾਰਾਤਮਕ ਰਹਿਣਾ ਸਾਡੇ 'ਤੇ ਇੰਨਾ ਭਾਰੂ ਹੋ ਗਿਆ ਹੈ ਕਿ ਕੋਈ ਜ਼ਰਾ ਜਿੰਨੀ ਵੀ ਸਾਡੀ ਆਲੋਚਨਾ ਕਰੇ ਤਾਂ ਅਸੀਂ ਉਸ ਨੂੰ ਨੈਗੇਟਿਵ ਕਹਿ ਕੇ ਪਾਸੇ ਕਰ ਦਿੰਦੇ ਹਾਂ। ਜੋ ਬੰਦਾ ਸੱਚ ਬੋਲਦਾ ਹੈ ਉਸ ਨੂੰ ਵੀ ਨੈਗੇਟਿਵ ਗਰਦਾਨ ਦਿੱਤਾ ਜਾਂਦਾ ਹੈ। ਇਹ ਵਰਤਾਰਾ ਆਮ ਹੈ। ਪੌਜ਼ੀਟਿਵ ਰਹਿਣ ਦਾ ਮਤਲਬ ਇਹ ਨਹੀਂ ਕਿ ਅਸੀਂ ਕਿਸੇ ਵੀ ਹਾਰ ਨੂੰ ਮਨਜ਼ੂਰ ਹੀ ਨਾ ਕਰੀਏ। ਹਰ ਵੇਲੇ ਪੌਜ਼ੀਟਿਵ ਰਹਿਣ ਦਾ ਗੁਣਗਾਨ ਕਰਨ ਦਾ ਅਰਥ ਇਹ ਹੋ ਜਾਂਦਾ ਹੈ ਕਿ ਸਾਡੇ ਬੱਚੇ ਸਾਡੀ ਨਵੀਂ ਪੀੜ੍ਹੀ ਕਿਸੇ ਤਰ੍ਹਾਂ ਦੀ ਅਸਫਲਤਾ ਨੂੰ ਬਰਦਾਸ਼ਤ ਹੀ ਨਹੀਂ ਕਰ ਪਾਉਂਦੀ। ਤੁਸੀਂ ਅਕਸਰ ਵੇਖਿਆ ਹੋਵੇਗਾ ਕਿ ਨਿੱਕੀ ਜਿਹੀ ਗੱਲ 'ਤੇ ਬੱਚੇ ਆਤਮ ਹੱਤਿਆ ਤੱਕ ਕਰ ਲੈਂਦੇ ਹਨ। ਇਹ ਇਸ ਲਈ ਹੈ ਕਿ ਅਸੀਂ ਉਨ੍ਹਾਂ ਨੂੰ ਹਾਰਨਾ ਹੀ ਨਹੀਂ ਸਿਖਾਇਆ। ਪੌਜ਼ੀਟਿਵਿਟੀ ਦੇ ਨਾਂ 'ਤੇ ਉਨ੍ਹਾਂ ਨੂੰ ਸਿਰਫ਼ ਜਿੱਤਣਾ ਹੀ ਸਿਖਾਇਆ ਗਿਆ ਹੈ।

ਜਿੱਥੇ ਕਿਸੇ ਨੇ ਹਾਰਨ ਦੀ, ਆਲੋਚਨਾ ਦੀ, ਔਗੁਣ ਦੀ ਗੱਲ ਕੀਤੀ ਅਸੀਂ ਉਸ ਨੂੰ ਨੈਗੇਟਿਵ ਕਹਿ ਕੇ ਪਾਸੇ ਹੋ ਗਏ। ਅਸੀਂ 'ਬੀ ਪੌਜ਼ੀਟਿਵ' ਨੂੰ ਇਸ ਤਰ੍ਹਾਂ ਅਪਣਾ ਲਿਆ ਕਿ ਜ਼ਿੰਦਗੀ ਵਿੱਚ ਕੁਝ ਮਾੜਾ ਹੋਣ ਲਈ ਕਦੀ ਤਿਆਰ ਹੀ ਨਹੀਂ ਰਹੇ। ਜ਼ਿੰਦਗੀ ਵਿੱਚ ਹਮੇਸ਼ਾ ਚੰਗਾ ਹੋਵੇਗਾ ਅਜਿਹਾ ਨਹੀਂ ਹੋ ਸਕਦਾ। ਹਾਲਾਤ ਹਮੇਸ਼ਾ ਇੱਕੋ ਜਿਹੇ ਨਹੀਂ ਰਹਿੰਦੇ। ਸੁੱਖ ਤੇ ਦੁੱਖ ਜ਼ਿੰਦਗੀ ਦੇ ਦੋ ਪਹਿਲੂ ਹਨ। ਜੇ ਇੱਕ ਗੱਲ ਸਾਡੀ ਪਸੰਦ ਦੀ ਹੁੰਦੀ ਹੈ ਤਾਂ ਇੱਕ ਗੱਲ ਸਾਡੀ ਨਾ ਪਸੰਦ ਦੀ ਵੀ ਹੋ ਸਕਦੀ ਹੈ। ਅੱਜ ਸਮਾਜ ਵਿੱਚ ਫੈਲੀ ਹੋਈ ਡਿਪਰੈਸ਼ਨ ਦਾ ਮੁੱਖ ਕਾਰਨ 'ਬੀ ਪੌਜ਼ੀਟਿਵ' ਦਾ ਗੁਣਗਾਨ ਹੈ। ਜਦੋਂ ਬੰਦੇ ਵਿੱਚ ਆਪਣੀ ਆਲੋਚਨਾ ਨੂੰ ਸਮਝ ਸਕਣ, ਆਪਣੇ ਔਗੁਣਾਂ ਨੂੰ ਦੇਖ ਸਕਣ ਤੇ ਆਪਣੀ ਹਾਰ ਨੂੰ ਸਵੀਕਾਰ ਕਰ ਸਕਣ ਦੀ ਸਮਰੱਥਾ ਹੀ ਨਹੀਂ ਹੈ ਤਾਂ ਉਹ ਜ਼ਿੰਦਗੀ ਵਿੱਚ ਜਦੋਂ ਵੀ ਕੋਈ ਮੁਸੀਬਤ ਆਈ ਤਾਂ ਡਿਪਰੈਸ਼ਨ ਵਿੱਚ ਹੀ ਜਾਏਗਾ। ਜ਼ਿੰਦਗੀ ਦੀ ਰਫ਼ਤਾਰ ਬੜੀ ਤੇਜ਼ ਹੋ ਗਈ ਹੈ। ਮਨੁੱਖ ਇਸ ਵਿੱਚ ਕਿਤੇ ਉਲਝਿਆ ਪਿਆ ਹੈ। ਉਸ ਨੂੰ ਪਤਾ ਹੀ ਨਹੀਂ ਲੱਗਦਾ ਕਿ ਕਦੋਂ ਮੌਕੇ ਉਸ ਦੇ ਕੋਲੋਂ ਦੀ ਲੰਘ ਜਾਂਦੇ ਹਨ। ਹਰ ਮਨੁੱਖ ਇੱਕ ਦੌੜ ਵਿੱਚ ਹੈ। ਉਸ ਦਾ ਸਾਰਾ ਜ਼ੋਰ ਪ੍ਰਾਪਤੀ 'ਤੇ ਲੱਗਾ ਹੋਇਆ ਹੈ। ਉਹ ਪ੍ਰਾਪਤੀ ਕਿਸੇ ਕਿਸਮ ਦੀ ਹੋਵੇ। ਉਹ ਸਭ ਕੁਝ ਹਾਸਿਲ ਕਰ ਲੈਣਾ ਚਾਹੁੰਦਾ ਹੈ। ਉਸ ਨੂੰ ਕਦੇ ਵੀ ਕਿਸੇ ਹਾਰ ਲਈ ਕਿਸੇ ਅਸਫਲਤਾ ਲਈ ਤਿਆਰ ਨਹੀਂ ਕੀਤਾ ਜਾਂਦਾ। ਅਸੀਂ ਆਪਣੇ ਬੱਚੇ ਨੂੰ ਇੱਕ ਉਦੇਸ਼ ਦਿੰਦੇ ਹਾਂ ਤੇ ਉਸ ਨੂੰ ਕਹਿੰਦੇ ਹਾਂ ਕਿ ਪੂਰਾ ਜ਼ੋਰ ਲਾ ਕੇ ਇਸ ਨੂੰ ਪ੍ਰਾਪਤ ਕਰ। ਫਿਰ ਜਦੋਂ ਬੱਚਾ ਤਨਦੇਹੀ ਨਾਲ ਉਸ ਨੂੰ ਪ੍ਰਾਪਤ ਕਰਨ ਦੀ ਕੋਸਸ਼ਿ ਕਰਦਾ ਹੈ, ਪਰ ਉਸ ਟੀਚੇ ਤੱਕ ਪਹੁੰਚਣ ਤੋਂ ਅਸਮਰੱਥ ਰਹਿੰਦਾ ਹੈ ਤਾਂ ਉਸ ਦਾ ਨਿਰਾਸ਼ ਹੋ ਜਾਣਾ ਆਮ ਗੱਲ ਹੈ।

ਅਸੀਂ ਇਹ ਭੁੱਲ ਜਾਂਦੇ ਹਾਂ ਕਿ ਅਸੀਂ ਆਪਣੇ ਬੱਚਿਆਂ ਨੂੰ ਦੋ ਗੋਲ ਦੇਣੇ ਹਨ। ਏ ਗੋਲ ਤੇ ਬੀ ਗੋਲ। ਇਹ ਇਸ ਲਈ ਕਿ ਜੇ ਉਹ ਇੱਕ ਟੀਚੇ ਨੂੰ ਪ੍ਰਾਪਤ ਕਰਨ ਵਿੱਚ ਅਸਫਲ ਹੋਵੇ ਤਾਂ ਦੂਜਾ ਟੀਚਾ ਉਸ ਦੇ ਸਾਹਮਣੇ ਹੋਵੇ। ਇਸ ਨਾਲ ਉਸ ਨੂੰ ਨਿਰਾਸ਼ਾ ਨਹੀਂ ਹੋਏਗੀ। ਉਸ ਨੂੰ ਪਹਿਲਾਂ ਹੀ ਪਤਾ ਹੋਵੇਗਾ ਕਿ ਇਹ ਹਾਸਿਲ ਕੀਤਾ ਜਾ ਸਕਦਾ ਹੈ, ਪਰ ਜੇ ਨਾ ਹਾਸਿਲ ਹੋਵੇ ਤਾਂ ਇਸ ਦਾ ਦੂਜਾ ਹੱਲ ਵੀ ਹੈ। ਦੂਜੇ ਪਾਸੇ ਸਾਡੇ ਬੁੱਧੀਜੀਵੀਆਂ ਨੇ 'ਬੀ ਪੌਜ਼ੀਟਿਵ 'ਤੇ ਇੰਨਾ ਜ਼ੋਰ ਦਿੱਤਾ ਹੈ ਕਿ ਅਸੀਂ ਇਨ੍ਹਾਂ ਸਾਰੀਆਂ ਗੱਲਾਂ ਨੂੰ ਆਪਣੀ ਜ਼ਿੰਦਗੀ ਵਿੱਚੋਂ ਦਰਕਿਨਾਰ ਕਰ ਦਿੱਤਾ ਹੈ।

ਮਨੁੱਖ ਮਸ਼ੀਨ ਵਾਂਗ ਕੰਮ ਕਰ ਰਿਹਾ ਹੈ, ਪਰ ਮਨੁੱਖ ਮਸ਼ੀਨ ਨਹੀਂ ਹੈ। ਮਨੁੱਖ ਮਸ਼ੀਨ ਕਦੇ ਹੋ ਵੀ ਨਹੀਂ ਸਕਦਾ। ਉਸ ਨੂੰ ਜ਼ਿੰਦਗੀ ਵਿੱਚ ਹਰ ਤਰ੍ਹਾਂ ਦੇ ਹਾਲਾਤ ਦਾ ਸਾਹਮਣਾ ਕਰਨ ਲਈ ਮਜ਼ਬੂਤੀ ਦੀ ਲੋੜ ਹੈ। ਜਦੋਂ ਅਸੀਂ ਸਾਰਾ ਜ਼ੋਰ ਸਿਰਫ਼ 'ਬੀ ਪੌਜ਼ੀਟਿਵ' 'ਤੇ ਲਾ ਦਿੰਦੇ ਹਾਂ ਤਾਂ ਉਹ ਕਿਸ ਤਰ੍ਹਾਂ ਨਿਰਾਸ਼ਾ ਨਾਲ ਮੱਥਾ ਲਾਏਗਾ। ਅਸੀਂ ਯਤਨ ਕਰਨ ਤੇ ਉਮੀਦ ਰੱਖਣ 'ਤੇ ਇੰਨਾ ਜ਼ਿਆਦਾ ਜ਼ੋਰ ਦਿੱਤਾ ਹੈ ਕਿ ਨਿਰਾਸ਼ ਹੋ ਜਾਣ ਵੱਲ ਕਦੀ ਧਿਆਨ ਹੀ ਨਹੀਂ ਦਿੱਤਾ।

ਸਾਡੀ ਨੌਜਵਾਨ ਪੀੜ੍ਹੀ ਇਸ ਗੱਲ ਦੀ ਸਭ ਤੋਂ ਵੱਧ ਸ਼ਿਕਾਰ ਹੈ। ਅਸੀਂ ਇਸ ਗੱਲ ਨੂੰ ਨਹੀਂ ਸਮਝਦੇ ਕਿ 'ਬੀ ਪੌਜ਼ੀਟਿਵ' ਸਾਨੂੰ ਸਬਰ ਤੇ ਸ਼ੁਕਰ ਨਹੀਂ ਸਿਖਾਉਂਦਾ। ਸਾਡੀ ਪੁਰਾਣੀ ਪੀੜ੍ਹੀ ਨੇ ਸਬਰ ਤੇ ਸ਼ੁਕਰ ਸਿੱਖਿਆ ਹੈ ਤੇ ਇਸ ਨਾਲ ਜ਼ਿੰਦਗੀ ਬਤੀਤ ਕੀਤੀ ਹੈ। 'ਬੀ ਪੌਜ਼ੀਟਿਵ' ਸਾਨੂੰ ਸਾਰਾ ਜ਼ੋਰ ਲਗਾ ਕੇ ਸਿਰਫ਼ ਜਿੱਤਣਾ ਸਿਖਾਉਂਦਾ ਹੈ। ਯਕੀਨ ਮੰਨੋ ਅੱਜ ਦੇ ਸਮੇਂ ਵਿੱਚ ਸਭ ਤੋਂ ਖ਼ਤਰਨਾਕ ਸ਼ਬਦ 'ਬੀ ਪੌਜ਼ੀਟਿਵ' ਹੈ। ਸਾਨੂੰ ਇਸ ਦੀ ਜਗ੍ਹਾ 'ਤੇ 'ਬੀ ਰਿਅਲਿਸਟਿਕ' ਯਾਨੀ ਯਥਾਰਥਵਾਦੀ ਹੋਣ ਦੀ ਜ਼ਰੂਰਤ ਹੈ। ਸਾਨੂੰ ਸੱਚ ਨੂੰ ਸਮਝਣਾ ਤੇ ਉਸ ਦਾ ਸਾਹਮਣਾ ਕਰਨਾ ਸਿੱਖਣ ਦੀ ਜ਼ਰੂਰਤ ਹੈ।

ਆਸ਼ਾਵਾਦੀ ਹੋਣਾ ਮਾੜੀ ਗੱਲ ਨਹੀਂ, ਪਰ ਸਿਰਫ਼ ਆਸ਼ਾਵਾਦੀ ਹੀ ਹੋਣਾ ਮਾੜੀ ਗੱਲ ਹੈ। ਜ਼ਿੰਦਗੀ ਵਿੱਚ ਜਿੱਤਾਂ ਹਾਰਾਂ ਚੱਲਦੀਆਂ ਹੀ ਰਹਿੰਦੀਆਂ ਹਨ। ਬਹੁਤ ਜ਼ਰੂਰੀ ਹੈ ਕਿ ਮਨੁੱਖ ਇਸ ਗੱਲ ਨੂੰ ਸਮਝ ਲਵੇ ਕਿ ਉਸ ਨੇ ਕੋਸਸ਼ਿ ਕਰਨੀ ਹੈ, ਪਰ ਕੋਸਸ਼ਿ ਦਾ ਸਫਲ ਹੋ ਜਾਣਾ ਜ਼ਰੂਰੀ ਨਹੀਂ ਹੈ। ਕਾਮਯਾਬੀ ਤੇ ਨਾਕਾਮਯਾਬੀ ਦੋਵੇਂ ਹੀ ਮਨੁੱਖ ਨਾਲ ਕਦੇ ਵੀ ਵਾਪਰ ਸਕਦੇ ਹਨ। ਸਾਨੂੰ ਇਸ ਲਈ ਹਰ ਪੱਖੋਂ ਤਿਆਰ ਰਹਿਣਾ ਚਾਹੀਦਾ ਹੈ। ਇਸ ਲਈ ਜ਼ਰੂਰੀ ਹੈ ਕਿ ਅਸੀਂ 'ਬੀ ਪੌਜ਼ੀਟਿਵ' ਨੂੰ ਛੱਡ ਕੇ 'ਬੀ ਰਿਅਲਿਸਟਿਕ' ਨੂੰ ਅਪਣਾਈਏ ਤਾਂ ਜੋ ਜ਼ਿੰਦਗੀ ਵਿੱਚ ਆਉਣ ਵਾਲੀ ਹਾਰ ਦਾ ਸਾਹਮਣਾ ਕਰਨਾ ਵੀ ਸਿੱਖੀਏ।

BHULLAR
EXCAVATING AND DEMOLITION



- Excavating
- Laneway Homes
- Landscaping Service
- Demolition of Garage
- Backfill
- Driveways
- Lot Grading
- Sand and Gravel
- Drain Tile (New and old House)
- Ditch Digging & Cleaning
- Concrete Breaking

LAND CLEANING
WATER & SEWER LINES
FULLY INSURED AND LICENSED

We do townhouses
Quality work Reasonable rate
Fast & friendly Service

We Fix All Leaky Basement & Drainage Problems


Vicky Bhullar
778-681-8200


Pavi Bhullar
647-667-9242


Bill Bhulllar
778-891-4556


Jassi Bhullar
604-441-7118


Balraj Bhullar

# ਚੀਨ ਦਾ ਮੈਗਾ ਡੈਮ

## ਅਤੇ ਇਸ ਦੇ ਖ਼ਤਰੇ



ਲਿਖਤ : ਅਸ਼ੋਕ ਕੇ ਕੰਠ

ਚੀਨੀ ਸਮਾਚਾਰ ਏਜੰਸੀਆ ਸਿਨਹੂਆ ਨੇ ਲੰਘੀ 25 ਦਸੰਬਰ ਨੂੰ ਰਿਪੋਰਟ ਕੀਤਾ ਕਿ ਚੀਨ ਸਰਕਾਰ ਨੇ ਤਿੱਬਤ ਵਿੱਚ ਯਾਰਲੁੰਗ ਸੰਗਪੋ/ਜ਼ੰਗਬੋ ਦਰਿਆ ਦੇ ਹੇਠਲੇ ਵਹਿਣ ਉੱਪਰ ਸਭ ਤੋਂ ਵੱਡੇ ਪਣ-ਬਿਜਲੀ ਪ੍ਰਾਜੈਕਟ ਦੇ ਨਿਰਮਾਣ ਨੂੰ ਪ੍ਰਵਾਨਗੀ ਦਿੱਤੀ ਹੈ। ਕਿਹਾ ਜਾਂਦਾ ਹੈ ਕਿ ਇਹ ਐਲਾਨ ਭਾਰਤ ਨੂੰ ਕੋਈ ਇਤਲਾਹ ਦਿੱਤੇ ਬਗ਼ੈਰ ਕੀਤਾ ਗਿਆ ਹੈ ਜੋ ਇਸ ਦਰਿਆ ਦਾ ਹੇਠਲਾ ਰਿਪੇਰੀਅਨ ਮੁਲਕ ਹੈ ਅਤੇ ਇਹ ਚੇਤੇ ਕਰਾਉਂਦਾ ਹੈ ਕਿ ਆਪਣੇ ਉੱਤਰੀ ਗੁਆਂਢੀ ਨਾਲ ਸਬੰਧ ਮੁੜ ਸੁਧਾਰਨ ਦੀ ਪ੍ਰਕਿਰਿਆ ਕਿੰਨੀ ਗੁੰਝਲਦਾਰ ਹੈ।

ਇਸ ਪ੍ਰਸਤਾਵਿਤ ਪ੍ਰਾਜੈਕਟ ਨਾਲ ਭਾਰਤ ਉੱਪਰ ਕਈ ਨਾਂਹ ਮੁਖੀ ਪ੍ਰਭਾਵ ਪੈ ਸਕਦੇ ਹਨ ਅਤੇ ਭਾਰਤ ਵੱਲੋਂ ਇਸ ਉੱਪਰ ਕਈ ਸਾਲਾਂ ਤੋਂ ਕਰੀਬੀ ਨਜ਼ਰ ਰੱਖੀ ਜਾ ਰਹੀ ਸੀ। ਉਪਰਲਾ ਰਿਪੇਰੀਅਨ ਮੁਲਕ ਹੋਣ ਦੇ ਨਾਤੇ ਚੀਨ ਵੱਲੋਂ ਹੇਠਲੇ ਰਿਪੇਰੀਅਨ ਮੁਲਕਾਂ ਨਾਲ ਤਾਲਮੇਲ ਰੱਖਣ, ਪਾਰਦਰਸ਼ਤਾ ਵਰਤਣ ਅਤੇ ਉਨ੍ਹਾਂ ਦੇ ਹਿੱਤਾਂ ਦੀ ਸੁਰੱਖਿਆ ਕਰਨ ਪ੍ਰਤੀ ਤਿਰਸਕਾਰ ਕਰਨ ਦਾ ਰਿਕਾਰਡ ਰਿਹਾ ਹੈ। ਇਸ ਕਰ ਕੇ ਪਹਿਲਾਂ ਤੋਂ ਹੀ ਦੁਸ਼ਵਾਰਕੁਨ ਸਬੰਧਾਂ ’ਚ ਇੱਕ ਹੋਰ ਵੱਡਾ ਰੋੜਾ ਉੱਭਰ ਰਿਹਾ ਹੈ।

ਸਿਨਹੂਆ ਨੇ ਭਾਵੇਂ ਕੋਈ ਵੇਰਵੇ ਨਹੀਂ ਦਿੱਤੇ ਪਰ ਇਸ ਨੂੰ ਗ੍ਰੀਨ ਪ੍ਰਾਜੈਕਟ ਕਹਿ ਕੇ ਇਸ ਦੀ ਸਰਾਹਨਾ ਕੀਤੀ ਹੈ। ਉਂਝ, ਹਾਂਗ ਕਾਂਗ ਆਧਾਰਿਤ ਸਾਊਥ ਚਾਈਨਾ ਮੌਰਨਿੰਗ ਪੋਸਟ (ਐੱਸਸੀਐੱਮਪੀ) ਅਖ਼ਬਾਰ ਨੇ ਲਿਖਿਆ ਹੈ ਕਿ ਇਸ ਡੈਮ ਦੇ ਨਿਰਮਾਣ ਲਈ ਕੁੱਲ 1 ਟ੍ਰਿਲੀਅਨ ਯੁਆਨ (ਭਾਵ 137 ਅਰਬ ਡਾਲਰ) ਦੀ ਲਾਗਤ ਆਵੇਗੀ। ਡੈਮ ਤੋਂ ਹਰ ਸਾਲ 300 ਅਰਬ ਕਿਲੋਵਾਟ ਆਵਰਜ਼ ਬਿਜਲੀ ਪੈਦਾ ਹੋਣ ਦਾ ਅਨੁਮਾਨ ਹੈ ਜੋ ਇਸ ਸਮੇਂ ਦੁਨੀਆ ਦੇ ਸਭ ਤੋਂ ਵੱਡੇ ਤਿੰਨ ਖੱਡੀ ਡੈਮ (ਥਰੀ ਗੌਰਜਿਜ਼ ਡੈਮ) ਦੀ ਅਨੁਮਾਨਤ 88.2 ਅਰਬ ਕਿਲੋਵਾਟ ਆਵਰਜ਼ ਪੈਦਾਵਾਰ ਨਾਲੋਂ ਤਿੰਨ ਗੁਣਾ ਤੋਂ ਵੀ ਵੱਧ ਹੋਵੇਗੀ।

ਐੱਸਸੀਐੱਮਪੀ ਦੀ ਰਿਪੋਰਟ ਅਨੁਸਾਰ, ਇਹ ਦੁਨੀਆ ਦਾ ਬੁਨਿਆਦੀ ਢਾਂਚੇ ਦਾ ਸਭ ਤੋਂ ਵੱਡਾ ਪ੍ਰਾਜੈਕਟ ਹੋਵੇਗਾ ਅਤੇ ਇਸ ਅਧੀਨ 20 ਕਿਲੋਮੀਟਰ ਲੰਮੀਆਂ ਚਾਰ ਸੁਰੰਗਾਂ ਦੀ ਖੁਦਾਈ ਕੀਤੀ ਜਾਵੇਗੀ; ਇਸ ਨਾਲ ਦਰਿਆ ਦੇ ਅੱਧੇ ਪਾਣੀ ਦਾ ਮੁਹਾਣ ਬਦਲ ਦਿੱਤਾ ਜਾਵੇਗਾ। ਉਂਝ, ਚੀਨ ਦੇ ਵਿਦੇਸ਼ ਵਿਭਾਗ ਦੇ ਬੁਲਾਰੇ ਨੇ ਦਾਅਵਾ ਕੀਤਾ ਕਿ ਇਸ ਦੇ ਬਾਵਜੂਦ ਹੇਠਲੇ ਮੁਹਾਣ ਵਾਲੇ ਮੁਲਕਾਂ (ਭਾਰਤ ਤੇ ਬੰਗਲਾਦੇਸ਼) ਉੱਪਰ ਕੋਈ ਨਾਂਹ ਮੁਖੀ ਅਸਰ ਨਹੀਂ ਪਵੇਗਾ।

ਡੈਮ ਯਾਰਲੁੰਗ ਸੰਗਪੋ ਦਰਿਆ ਦੇ ਬਿੱਗ ਬੈਂਡ (ਵੱਡੇ ਮੋੜ) ਵਾਲੇ ਇਲਾਕੇ ਵਿੱਚ ਬਣਾਇਆ ਜਾਵੇਗਾ ਜਿੱਥੋਂ ਕਰੀਬ 20 ਕੁ ਕਿਲੋਮੀਟਰ ਅਗਾਂਹ ਇਹ ਦਰਿਆ ਯੂ-ਟਰਨ ਲੈਂਦਾ ਹੋਇਆ ਭਾਰਤ ਵਿੱਚ ਦਾਖ਼ਲ ਹੁੰਦਾ ਹੈ। ਇਸ ਪ੍ਰਾਜੈਕਟ ਦੇ ਸਾਡੇ ਉੱਪਰ ਇੱਕ ਤੋਂ ਵੱਧ ਪ੍ਰਭਾਵ ਪੈਣਗੇ। ਭਾਰਤੀ ਖੇਤਰ ਵਿਚ ਦਾਖ਼ਲ ਹੋਣ ’ਤੇ ਇਸ ਦਰਿਆ ਨੂੰ ਸਿਆਂਗ ਆਖਿਆ ਜਾਂਦਾ ਹੈ ਅਤੇ ਇਸ ਪ੍ਰਾਜੈਕਟ ਕਰ ਕੇ ਇਸ ਦਾ ਵਹਾਓ ਪ੍ਰਭਾਵਿਤ ਹੋਵੇਗਾ ਜੋ ਬ੍ਰਹਮਪੁੱਤਰ ਨਦੀ ਪ੍ਰਣਾਲੀ ਦਾ ਮੁੱਖ ਚੈਨਲ ਹੈ। ਅਸਾਮ ਸਰਕਾਰ ਦੀ ਵੈੱਬਸਾਈਟ ਮੁਤਾਬਿਕ ਤਿੱਬਤ ਵਿੱਚ ਬ੍ਰਹਮਪੁੱਤਰ ਦਾ ਜਲ ਗ੍ਰਹਿਣ ਖੇਤਰ 293000 ਵਰਗ ਕਿਲੋਮੀਟਰ ਹੈ; ਭਾਰਤ ਤੇ ਭੂਟਾਨ ਵਿੱਚ 240000 ਵਰਗ ਕਿਲੋਮੀਟਰ ਅਤੇ ਬੰਗਲਾਦੇਸ਼ ਵਿੱਚ 47000 ਵਰਗ ਕਿਲੋਮੀਟਰ ਹੈ। ਭਾਰਤ ਵਿੱਚ ਵਗਦੀਆਂ ਇਨ੍ਹਾਂ ਨਦੀਆਂ ਦਾ ਜ਼ਿਆਦਾਤਰ ਪਾਣੀ ਇਸ ਦੇ ਹੀ ਖੇਤਰ ’ਚੋਂ ਪੈਦਾ ਹੁੰਦਾ ਹੈ ਪਰ ਇਸ ਮੈਗਾ ਪ੍ਰਾਜੈਕਟ ਨਾਲ ਦਰਿਆ ਦੇ ਵਹਾਓ ਉੱਪਰ ਅਹਿਮ ਪ੍ਰਭਾਵ ਪਵੇਗਾ ਅਤੇ ਸਿੱਟੇ ਵਜੋਂ ਹੇਠਲੇ ਵਹਿਣ ਦੇ ਖੇਤਰਾਂ ਦੇ ਵਸਨੀਕਾਂ ਦੀ ਰੋਜ਼ੀ ਰੋਟੀ ਵੀ ਅਸਰਅੰਦਾਜ਼ ਹੋਵੇਗੀ।

“ *ਡੈਮ ਯਾਰਲੁੰਗ ਸੰਗਪੋ ਦਰਿਆ ਦੇ ਬਿੱਗ ਬੈਂਡ (ਵੱਡੇ ਮੋੜ) ਵਾਲੇ ਇਲਾਕੇ ਵਿੱਚ ਬਣਾਇਆ ਜਾਵੇਗਾ ਜਿੱਥੋਂ ਕਰੀਬ 20 ਕੁ ਕਿਲੋਮੀਟਰ ਅਗਾਂਹ ਇਹ ਦਰਿਆ ਯੂ-ਟਰਨ ਲੈਂਦਾ ਹੋਇਆ ਭਾਰਤ ਵਿੱਚ ਦਾਖ਼ਲ ਹੁੰਦਾ ਹੈ। ਇਸ ਪ੍ਰਾਜੈਕਟ ਦੇ ਸਾਡੇ ਉੱਪਰ ਇੱਕ ਤੋਂ ਵੱਧ ਪ੍ਰਭਾਵ ਪੈਣਗੇ। ਭਾਰਤੀ ਖੇਤਰ ਵਿਚ ਦਾਖ਼ਲ ਹੋਣ ’ਤੇ ਇਸ ਦਰਿਆ ਨੂੰ ਸਿਆਂਗ ਆਖਿਆ ਜਾਂਦਾ ਹੈ ਅਤੇ ਇਸ ਪ੍ਰਾਜੈਕਟ ਕਰ ਕੇ ਇਸ ਦਾ ਵਹਾਓ ਪ੍ਰਭਾਵਿਤ ਹੋਵੇਗਾ ਜੋ ਬ੍ਰਹਮਪੁੱਤਰ ਨਦੀ ਪ੍ਰਣਾਲੀ ਦਾ ਮੁੱਖ ਚੈਨਲ ਹੈ। ਅਸਾਮ ਸਰਕਾਰ ਦੀ ਵੈੱਬਸਾਈਟ ਮੁਤਾਬਿਕ ਤਿੱਬਤ ਵਿੱਚ ਬ੍ਰਹਮਪੁੱਤਰ ਦਾ ਜਲ ਗ੍ਰਹਿਣ ਖੇਤਰ 293000 ਵਰਗ ਕਿਲੋਮੀਟਰ ਹੈ; ਭਾਰਤ ਤੇ ਭੂਟਾਨ ਵਿੱਚ 240000 ਵਰਗ ਕਿਲੋਮੀਟਰ ਅਤੇ ਬੰਗਲਾਦੇਸ਼ ਵਿੱਚ 47000 ਵਰਗ ਕਿਲੋਮੀਟਰ ਹੈ। ਭਾਰਤ ਵਿੱਚ ਵਗਦੀਆਂ ਇਨ੍ਹਾਂ ਨਦੀਆਂ ਦਾ ਜ਼ਿਆਦਾਤਰ ਪਾਣੀ ਇਸ ਦੇ ਹੀ ਖੇਤਰ ’ਚੋਂ ਪੈਦਾ ਹੁੰਦਾ ਹੈ ਪਰ ਇਸ ਮੈਗਾ ਪ੍ਰਾਜੈਕਟ ਨਾਲ ਦਰਿਆ ਦੇ ਵਹਾਓ ਉੱਪਰ ਅਹਿਮ ਪ੍ਰਭਾਵ ਪਵੇਗਾ ਅਤੇ ਸਿੱਟੇ ਵਜੋਂ ਹੇਰਲੇ ਵਹਿਣ ਦੇ ਖੇਤਰਾਂ ਦੇ ਵਸਨੀਕਾਂ ਦੀ ਰੋਜ਼ੀ ਰੋਟੀ ਵੀ ਅਸਰਅੰਦਾਜ਼ ਹੋਵੇਗੀ।* ”

ਚੀਨ ਵੱਲੋਂ ਮਿਕੌਂਗ ਖੇਤਰ (ਜਿਸ ਨੂੰ ਉਸ ਦੇਸ਼ ਵਿੱਚ ਲੈਂਕਾਂਗ ਕਿਹਾ ਜਾਂਦਾ ਹੈ) ਦੇ ਉਪਰਲੇ ਵਹਾਓ ਵਿਚ ਬਣਾਏ ਗਏ ਕੁਝ ਛੋਟੇ ਆਕਾਰ ਦੇ ਪਣ ਬਿਜਲੀ ਪ੍ਰਾਜੈਕਟਾਂ ਕਰ ਕੇ ਵਹਾਓ ਵਿੱਚ ਉਤਰਾਅ ਚੜ੍ਹਾਅ ਆਉਣ ਅਤੇ ਕੁਝ ਖੇਤਰਾਂ ਦੇ ਖੁਸ਼ਕ ਹੋ ਜਾਣ, ਮੱਛੀਆਂ ਘਟਣ ਅਤੇ ਲੋਅਰ ਮਿਕੌਂਗ ਬੇਸਿਨ ਵਿੱਚ ਜ਼ਰਖੇਜ਼ ਖਣਿਜਾਂ ਦੀ ਘਾਟ ਪੈਦਾ ਹੋਣ ਅਤੇ ਮਿਆਂਮਾਰ, ਥਾਈਲੈਂਡ, ਲਾਓਸ, ਕੰਬੋਡੀਆ ਅਤੇ ਵੀਅਤਨਾਮ ਵਿੱਚ ਹੇਠਲੇ ਵਹਾਓ ਦੇ ਖੇਤਰਾਂ ਦੇ ਪ੍ਰਭਾਵਿਤ ਹੋਣ ਦੇ ਰੁਝਾਨ ਨਜ਼ਰ ਆਏ ਹਨ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਸ ਮੈਗਾ ਡੈਮ ਦੇ ਭਾਰਤ ਅਤੇ ਬੰਗਲਾਦੇਸ਼ ਉੱਪਰ ਕਿਹੋ ਜਿਹੇ ਪ੍ਰਭਾਵ ਸਾਹਮਣੇ ਆਉਣਗੇ।

ਇਸ ਤੋਂ ਇਲਾਵਾ ਕਿਸੇ ਨਾਜ਼ੁਕ ਅਤੇ ਭੂਚਾਲ ਦੇ ਸੰਵੇਦਨਸ਼ੀਲ ਖੇਤਰ ਵਿੱਚ ਇਸ ਕਿਸਮ ਦੇ ਪ੍ਰਾਜੈਕਟ ਨਾਲ ਵੱਡੀ ਬਿਪਤਾ ਦੇ ਖ਼ਤਰੇ ਹਮੇਸ਼ਾ ਬਣੇ ਰਹਿੰਦੇ ਹਨ। ਕਿਸੇ ਭੂਚਾਲ ਕਾਰਨ ਭਾਵੇਂ ਡੈਮ ਨੂੰ ਕੋਈ ਨੁਕਸਾਨ ਨਾ ਵੀ ਪਹੁੰਚੇ ਪਰ ਵੱਡੇ ਪੱਧਰ ’ਤੇ ਪਾਣੀ ਦਾ ਮੁਹਾਣ ਤਬਦੀਲ ਕਰਨ ਨਾਲ ਹੇਠਲੇ ਵਹਾਓ ਦੇ ਖੇਤਰਾਂ ਵਿੱਚ ਚੌਗਿਰਦੇ ਅਤੇ ਜੈਵ ਵੰਨ-ਸਵੰਨਤਾ ਉੱਪਰ ਅਸਰ ਪਵੇਗਾ। ਇਸ ਲੇਖਕ ਨੂੰ ਯਾਦ ਹੈ ਕਿ ਕਿਵੇਂ 2004 ਵਿੱਚ ਜਦੋਂ ਤਿੱਬਤ ਵਿੱਚ ਪਾਰਛੂ ਨਦੀ ਜੋ ਸਤਲੁਜ ਦਰਿਆ ਦੀ ਸਹਾਇਕ ਨਦੀ ਹੈ, ਵਿੱਚ ਆਰਜ਼ੀ ਝੀਲ ਬਣ ਗਈ ਸੀ ਤਾਂ ਕੈਬਨਿਟ ਸਕੱਤਰ ਦੀ ਅਗਵਾਈ ਹੇਠਲੇ ਗਰੁੱਪ ਨੇ ਐਮਰਜੈਂਸੀ ਮੈਨੇਜਮੈਂਟ ਕੀਤੀ ਸੀ। ਉਸ ਵੇਲੇ ਚੀਨ ਨਾਲ ਨਿਸਬਤਨ ਕਾਫ਼ੀ ਚੰਗੇ ਰਿਸ਼ਤੇ ਸਨ ਜਿਨ੍ਹਾਂ ਸਦਕਾ ਸਾਨੂੰ ਅਗਾਊਂ ਨੋਟਿਸ ਅਤੇ ਡੇਟਾ ਮਿਲ ਗਏ ਸਨ ਜਿਨ੍ਹਾਂ ਨਾਲ ਸਾਡੇ ਜੀਓਸਪੈਸ਼ੀਅਲ (ਭੂ-ਸਥਾਨਕ) ਅਤੇ ਹੋਰਨਾਂ ਸਰੋਤਾਂ ਤੋਂ ਹਾਸਿਲ ਕੀਤੀ ਜਾਣਕਾਰੀ ਨੂੰ ਪੁਖ਼ਤਾ ਕੀਤਾ ਗਿਆ ਸੀ। ਉਹ ਆਰਜ਼ੀ ਝੀਲ ਟੁੱਟੀ ਨਹੀਂ ਸੀ ਅਤੇ ਅਗਲੇ ਸਾਲ ਇਸ ’ਚੋਂ ਹੌਲੀ-ਹੌਲੀ ਪਾਣੀ ਕੱਢਿਆ ਗਿਆ ਜਿਸ ਸਦਕਾ ਭਾਰਤੀ ਖੇਤਰਾਂ ਦਾ ਬਹੁਤਾ ਨੁਕਸਾਨ ਨਹੀਂ ਹੋਇਆ ਸੀ। ਯੋਜਨਾਬੱਧ ਪ੍ਰਾਜੈਕਟ ਨਾਲ ਜੁੜੇ ਜੋਖ਼ਿਮ ਹੋਰ ਵੀ ਵੱਡੇ ਹੁੰਦੇ ਹਨ।

ਸੰਜਮੀ ਕੂਟਨੀਤੀ ਰਾਹੀਂ ਅਸੀਂ ਪੇਈਚਿੰਗ ਨਾਲ ਸੀਮਤ ਸਾਂਝ ਰੱਖਣ ਦੇ ਪ੍ਰਬੰਧ ਕਰ ਰਹੇ ਹਾਂ ਜਿਨ੍ਹਾਂ ਵਿੱਚ ਚੀਨ ਵੱਲੋਂ ਬ੍ਰਹਮਪੁੱਤਰ ਲਈ ਮੌਨਸੂਨ ਸੀਜ਼ਨ ਦੀ ਜਾਣਕਾਰੀ ਦੇਣ ਦੀ ਤਜਵੀਜ਼, ਸਤਲੁਜ ਉੱਤੇ ਮੌਨਸੂਨ ਸੀਜ਼ਨ ਦੇ ਅੰਕੜਿਆਂ (ਪਾਰਛੂ ਖ਼ਤਰੇ ਮਗਰੋਂ ਸਹੀਬੱਧ ਹੋਇਆ) ਨਾਲ ਸਬੰਧਿਤ ਤਿੰਨ ਸਮਝੌਤੇ ਜਾਂ ਐੱਮਓਯੂਜ਼ ਸ਼ਾਮਿਲ ਹਨ। ਇਸ ਤੋਂ ਇਲਾਵਾ ‘ਸਰਹੱਦ ਦੇ ਆਰ-ਪਾਰ ਨਦੀਆਂ ’ਤੇ ਤਾਲਮੇਲ ਮਜ਼ਬੂਤ ਕਰਨ’ ਬਾਰੇ ਵੀ ਸਹਿਮਤੀ ਬਣੀ ਹੈ। ਪਹਿਲੇ ਦੋ ਐੱਮਓਯੂਜ਼ ਹਰ ਪੰਜ ਸਾਲ ਬਾਅਦ ਨਵਿਆਏ ਜਾਂਦੇ ਹਨ ਤੇ ਹੁਣ ਮਿਆਦ ਲੰਘਾ ਚੁੱਕੇ ਹਨ। ਆਰਜ਼ੀ ਐੱਮਓਯੂ ਤਹਿਤ ਕੋਈ ਵੀ ਪ੍ਰਾਜੈਕਟ ਸੰਭਵ ਨਹੀਂ ਹੈ। ਚੀਨੀ ਸਹਿਯੋਗ ਲਈ ਹੱਥ ਵਧਾਉਣ ’ਚ ਕੰਜੂਸੀ ਵਰਤਦੇ ਹਨ, ਸੁੱਕੀ ਰੁੱਤ ਦੀ ਜਾਣਕਾਰੀ ਦੇਣ ਤੋਂ ਵੀ ਕਤਰਾ ਰਹੇ ਹਨ, ਸਰਹੱਦ ਪਾਰ ਨਦੀਆਂ ਦਾ ਪਾਣੀ ਸਾਂਝਾ ਕਰਨ ’ਤੇ ਸਹਿਯੋਗ ਦੀ ਚਰਚਾ ਤਾਂ ਇੱਕ ਪਾਸੇ ਰਹੀ।

ਸਰਹੱਦ ਪਾਰ ਦੀਆਂ ਨਦੀਆਂ ’ਤੇ ਦੂਜੇ ਗੁਆਂਢੀਆਂ ਨਾਲ ਵੀ ਚੀਨ ਦਾ ਰਵੱਈਆ ਇਸੇ ਤਰ੍ਹਾਂ ਦਾ ਹੈ। ਇਹ ਸਹਿ-ਤੱਟਵਰਤੀ ਗੁਆਂਢੀਆਂ ਦੀ ਤੁਲਨਾ ’ਚ ਆਪਣੇ ਮੁੱਖ ਉਤਲੇ ਤੱਟਵਰਤੀ ਮੁਲਕ ਦੇ ਦਰਜੇ ਦਾ ਪੂਰਾ ਫ਼ਾਇਦਾ ਚੁੱਕਦਾ ਹੈ।

ਕੌਮਾਂਤਰੀ ਜਲ ਪ੍ਰਵਾਹਾਂ ਦੀ ਗ਼ੈਰ-ਆਵਾਜਾਈ ਲਈ ਵਰਤੋਂ ਬਾਰੇ ਸੰਯੁਕਤ ਰਾਸ਼ਟਰ ਦੇ ਸਮਝੌਤੇ (1997) ’ਤੇ ਨਾ ਚੀਨ ਤੇ ਨਾ ਹੀ ਭਾਰਤ ਨੇ ਦਸਤਖ਼ਤ ਕੀਤੇ ਹਨ। ਹਾਲਾਂਕਿ ਸਮਝੌਤੇ ਦੇ ਦੋ ਪ੍ਰਮੁੱਖ ਸਿਧਾਂਤਾਂ- ਸਾਂਝੇ ਪਾਣੀਆਂ ਦੀ ‘ਬਰਾਬਰ ਤੇ ਤਰਕਸੰਗਤ ਵਰਤੋਂ’ ਅਤੇ ਵਹਾਓ ਵਾਲੇ ਪਾਸੇ ਦੇ ਦੇਸ਼ਾਂ ਨੂੰ ‘ਵੱਡਾ ਨੁਕਸਾਨ ਨਾ ਪਹੁੰਚਾਉਣ ਦੀ ਜ਼ਿੰਮੇਵਾਰੀ’ ਦੀ ਵਿਆਪਕ ਅਹਿਮੀਅਤ ਹੈ। ਭਾਰਤ ਜ਼ਿੰਮੇਵਾਰ ਉਤਲਾ ਤੱਟਵਰਤੀ ਮੁਲਕ ਰਿਹਾ ਹੈ, ਦੁਵੱਲੇ ਰਿਸ਼ਤੇ ਖਰਾਬ ਹੋਣ ਦੇ ਬਾਵਜੂਦ ਪਾਕਿਸਤਾਨ ਨਾਲ ਸਿੰਧੂ ਜਲ ਸੰਧੀ ਤਹਿਤ ਸ਼ਰਤਾਂ ਦਾ ਪਾਲਣ ਹੁੰਦਾ ਰਿਹਾ ਹੈ। ਚੀਨ ਬਾਰੇ ਅਜਿਹਾ ਨਹੀਂ ਕਿਹਾ ਜਾ ਸਕਦਾ।

ਵਿਦੇਸ਼ ਮੰਤਰਾਲੇ ਦੇ ਇੱਕ ਤਰਜਮਾਨ ਨੇ 3 ਜਨਵਰੀ ਨੂੰ ਟਿੱਪਣੀ ਕੀਤੀ, “ਹੇਠਲੇ ਤੱਟਵਰਤੀ ਦੇਸ਼ ਜਿਸ ਕੋਲ ਨਦੀਆਂ ਦੇ ਪਾਣੀਆਂ ਦੀ ਵਰਤੋਂ ਦਾ ਹੱਕ ਹੈ, ਵਜੋਂ ਅਸੀਂ ਕਈ ਵਾਰ ਮਾਹਿਰਾਂ ਦੇ ਪੱਧਰ ਅਤੇ ਕੂਟਨੀਤਕ ਮਾਧਿਅਮਾਂ ਰਾਹੀਂ ਵੀ ਚੀਨੀ ਖੇਤਰ ’ਚ ਨਦੀਆਂ ’ਤੇ ਮੈਗਾ ਪ੍ਰਾਜੈਕਟਾਂ ਬਾਰੇ ਆਪਣੇ ਵਿਚਾਰ ਤੇ ਚਿੰਤਾਵਾਂ ਉਨ੍ਹਾਂ ਕੋਲ ਪ੍ਰਗਟ ਕੀਤੀਆਂ ਹਨ। ਤਾਜ਼ਾ ਰਿਪੋਰਟ ਦੇ ਮੱਦੇਨਜ਼ਰ ਵਹਾਓ ਨਾਲ ਪੈਂਦੇ ਮੁਲਕਾਂ ਨਾਲ ਸਲਾਹ-ਮਸ਼ਵਰੇ ਤੇ ਪਾਰਦਰਸ਼ਤਾ ਦੀ ਲੋੜ ਨਾਲ ਇਨ੍ਹਾਂ ਵਿਚਾਰਾਂ ਨੂੰ ਮੁੜ ਦੁਹਰਾਇਆ ਜਾ ਰਿਹਾ ਹੈ।”

ਇਸ ਤੋਂ ਪਹਿਲਾਂ ਭਾਰਤ ਨੇ ਸ਼ਾਂਤ ਕੂਟਨੀਤੀ ਅਪਣਾਈ ਹੈ। ਤਜਵੀਜ਼ਸ਼ੁਦਾ ਪ੍ਰਾਜੈਕਟ ਦੇ ਬੇਮਿਸਾਲ ਪੱਧਰ ਅਤੇ ਅਸਰਾਂ ਦੇ ਮੱਦੇਨਜ਼ਰ ਹੁਣ ਅਸੀਂ ਨਵੇਂ ਥਾਂ ਪੈਰ ਧਰ ਰਹੇ ਹਾਂ। ਇਸ ਮੈਗਾ ਪ੍ਰਾਜੈਕਟ ’ਚ ਵਹਾਓ ਨੂੰ ਮੋੜਨ ਅਤੇ ਵੱਡੀ ਸਟੋਰੇਜ ਸਮਰੱਥਾ ਦੀ ਲੋੜ ਪਏਗੀ, ਇਹ ਤਿੱਬਤ ’ਚ ਪਹਿਲਾਂ ਬਣੇ ਦਰਿਆ ਦੇ ਵਹਾਓ ਨਾਲ ਦੇ ਪ੍ਰਾਜੈਕਟਾਂ ਵਰਗਾ ਨਹੀਂ ਹੈ। ਭਾਰਤੀ ਧਿਰ ਨੂੰ ਇਸ ਯੋਜਨਾ ਦੇ ਤਕਨੀਕੀ ਪੈਮਾਨਿਆਂ ਤੇ ਵਾਤਾਵਰਨ ਉੱਤੇ ਪੈਣ ਵਾਲੇ ਅਸਰਾਂ ਬਾਰੇ ਸਪੱਸ਼ਟੀਕਰਨ ਮੰਗਣੇ ਚਾਹੀਦੇ ਹਨ। ਚੀਨ ਨੂੰ ‘ਬਰਾਬਰ ਤੇ ਢੁੱਕਵੀਂ ਵਰਤੋਂ’ ਅਤੇ ਵਹਾਓ ਦੇ ਰਾਹ ’ਚ ਪੈਂਦੇ ਮੁਲਕਾਂ ਦਾ ‘ਵੱਡਾ ਨੁਕਸਾਨ ਨਾ ਕਰਨ ਦੀ ਜ਼ਿੰਮੇਵਾਰੀ’ ਦੇ ਸਿਧਾਂਤ ਦਾ ਆਦਰ ਕਰਨ ਲਈ ਕਿਹਾ ਜਾਣਾ ਚਾਹੀਦਾ ਹੈ ਬਲਕਿ ਸਾਨੂੰ ਅਧਿਕਾਰਤ ਤੌਰ ’ਤੇ ਉਦੋਂ ਤੱਕ ਅਗਲਾ ਕੰਮ ਰੋਕਣ ਲਈ ਕਹਿਣਾ ਚਾਹੀਦਾ ਹੈ ਜਦ ਤੱਕ ਪ੍ਰਾਜੈਕਟ ਉੱਤੇ ਪੂਰਾ ਤਾਲਮੇਲ ਤੇ ਆਪਸੀ ਸਹਿਮਤੀ ਨਹੀਂ ਬਣਦੀ।

ਸ਼ਾਂਤ ਕੂਟਨੀਤੀ ਦੀਆਂ ਆਪਣੀਆਂ ਸੀਮਾਵਾਂ ਹੁੰਦੀਆਂ। ਸਾਡੀਆਂ ਚਿੰਤਾਵਾਂ ਸਰਕਾਰੀ ਮਾਧਿਅਮਾਂ ਰਾਹੀਂ ਜ਼ੋਰਦਾਰ ਢੰਗ ਨਾਲ ਜਨਤਕ ਦਾਇਰੇ ’ਚ ਚੀਨ ਕੋਲ ਪਹੁੰਚਣੀਆਂ ਚਾਹੀਦੀਆਂ ਹਨ। ਬ੍ਰਹਮਪੁੱਤਰ ਦੇ ਪਾਣੀਆਂ ’ਤੇ ਭਾਰਤ ਦੇ ਵਰਤਮਾਨ ਹੱਕਾਂ ਦਾ ਫੌਰੀ ਤੌਰ ’ਤੇ ਪਣ-ਊਰਜਾ ਤੇ ਹੋਰ ਯੋਜਨਾਵਾਂ ਨਾਲ ਵਿਸਤਾਰ ਹੋਣਾ ਚਾਹੀਦਾ ਹੈ ਹਾਲਾਂਕਿ ਅਜਿਹਾ ਕਰਦਿਆਂ ਵਾਤਾਵਰਨ ਨਿਯਮਾਂ ਤੇ ਲੋਕਾਂ ਦੇ ਹਿੱਤ ਨਾਲ ਸਮਝੌਤਾ ਨਹੀਂ ਕਰਨਾ ਚਾਹੀਦਾ।

ਸਰਕਾਰ ਭਾਵੇਂ ਅਜਿਹਾ ਨਹੀਂ ਕਰੇਗੀ ਪਰ ਸਾਡੇ ਗ਼ੈਰ-ਸਰਕਾਰੀ ਸੰਗਠਨਾਂ ਨੂੰ ਢੁੱਕਵੇਂ ਕੌਮਾਂਤਰੀ ਮੰਚਾਂ ’ਤੇ ਵੱਡੇ ਡੈਮਾਂ ਬਾਰੇ ਉਨ੍ਹਾਂ ਦੇ ਫ਼ਿਕਰ ਜ਼ਾਹਿਰ ਕਰਨ ਤੋਂ ਕੋਈ ਨਹੀਂ ਰੋਕ ਸਕਦਾ। ਇਹ ਮੈਗਾ ਪ੍ਰਾਜੈਕਟ ਅਸਲ ’ਚ ਉਸ ਵਿਆਪਕ ਸੋਚ ਦਾ ਵਿਰੋਧੀ ਹੈ ਜਿਸ ’ਚ ਵੱਡੀ ਸਟੋਰੇਜ ਵਾਲੀਆਂ ਯੋਜਨਾਵਾਂ ’ਤੇ ਅੱਗੇ ਵਧਣ ਤੋਂ ਪਹਿਲਾਂ ਇੰਤਹਾਈ ਸਾਵਧਾਨੀ ਵਰਤਣ ’ਤੇ ਜ਼ੋਰ ਦਿੱਤਾ ਗਿਆ ਹੈ।

# ਸਕੂਲੀ ਸਿੱਖਿਆ ਦੀ ਤੰਦ-ਤਾਣੀ

ਲਿਖਤ : ਸੁੱਚਾ ਸਿੰਘ ਖੱਟੜਾ
ਸੰਪਰਕ: 94176-52947



ਸਕੂਲੀ ਸਿੱਖਿਆ ਦੀ ਤਾਣੀ ਉਲਝਦੀ ਆ ਰਹੀ ਹੈ। ਉਹ ਸਮਾਂ ਗਿਆ ਜਦੋਂ ਧੜਾਧੜ ਨਵੀਆਂ ਅਸਾਮੀਆਂ ਸਿਰਜੀਆਂ ਜਾ ਰਹੀਆਂ ਸਨ। ਸਰਕਾਰ ਨਵੇਂ ਸਕੂਲ ਖੋਲ੍ਹ-ਖੋਲ੍ਹ ਕੇ ਇਲਾਕਿਆਂ ਤੋਂ ਵਾਹ-ਵਾਹ ਖੱਟਦੀ ਸੀ। ਆਮ ਪੇਂਡੂ ਲੋਕਾਂ ਦੇ ਬੱਚਿਆਂ ਨੂੰ ਇਹਨਾਂ ਸਰਕਾਰੀ ਸਕੂਲਾਂ ਵਿੱਚ ਅਧਿਆਪਨ ਦਾ ਕਾਰਜ ਮਿਲਦਾ ਸੀ। ਇਹ ਅਧਿਆਪਕ ਤੇ ਅਧਿਕਾਰੀ ਅਤੇ ਸਰਕਾਰ ਵਿਦਿਆ ਨੂੰ ਪਰਉਪਕਾਰੀ ਸਮਝਦੇ ਤੇ ਮੰਨਦੇ ਸਨ। ਸਕੂਲਾਂ ਦੇ ਸਾਲਾਨਾ ਨਿਰੀਖਣ ਹੁੰਦੇ ਸਨ। ਸਿੱਖਿਆ ਅਧਿਕਾਰੀ ਦਫਤਰਾਂ ਵਿੱਚ ਘੱਟ, ਫੀਲਡ ਵਿੱਚ ਵੱਧ ਸਮਾਂ ਬਿਤਾਉਂਦੇ ਸਨ। ਕਾਰਗੁਜ਼ਾਰੀ ਦਾ ਮੁਲੰਕਣ ਜਮਾਤਾਂ ਵਿੱਚ ਹੁੰਦਾ ਸੀ ਅਤੇ ਕੋਈ ਹੋਰ ਕਰਦਾ ਸੀ। ਅੱਜ ਆਪਣਾ ਮੁਲੰਕਣ ਆਪ ਹੀ ਕਰਨਾ ਹੈ। ਕਾਰਗੁਜ਼ਾਰੀ ਵਿਦਿਆਰਥੀਆਂ ਵਿੱਚ ਦੇਖੀ ਜਾਂਦੀ ਸੀ, ਅੱਜ ਵਾਂਗ ਅਧਿਆਪਕ ਵਲੋਂ ਆਪ ਹੀ ਸਜਾਏ ਅੰਕੜਿਆਂ ਵਿੱਚ ਨਹੀਂ ਸੀ ਦੇਖੀ ਜਾਂਦੀ। ਕਾਰਗੁਜ਼ਾਰੀ ਦੇ ਸੁਧਾਰ ਲਈ ਵਿਦਿਆਰਥੀਆਂ ਵਿੱਚ ਜਾਣਾ ਹੁੰਦਾ ਸੀ। ਹੁਣ ਵਾਂਗ ਕਾਰਗੁਜ਼ਾਰੀ ਵਿੱਚ ਸੁਧਾਰ, ਟੇਬਲ ਉੱਤੇ ਅੰਕੜਿਆਂ ਵਿੱਚ ਸੁਧਾਰ ਕਰ ਕੇ ਨਹੀਂ ਸੀ ਹੁੰਦਾ। ਅਧਿਆਪਕ ਆਪਣੇ ਕੰਮ ਲਈ ਆਜ਼ਾਦ ਸੀ। ਘੋੜੇ ਪੂਰੀ ਸਮਰੱਥਾ ਨਾਲ ਉਦੋਂ ਹੀ ਦੌੜਦੇ ਹਨ ਜਦੋਂ ਉਹਨਾਂ ਦੀਆਂ ਵਾਗਾਂ ਖੁੱਲ੍ਹੀਆਂ ਹੋਣ। ਕੱਸੀਆਂ ਵਾਗਾਂ ਵਾਲੇ ਤੇਜ਼ ਤਰਾਰ ਘੋੜੇ ਵੀ ਥਾਏਂ ਪੌੜ ਮਾਰਦੇ ਰਹਿੰਦੇ ਹਨ। ਦੌੜ ਦਾ ਸਮਾਂ (ਵਿਦਿਅਕ ਸੈਸ਼ਨ) ਸਮਾਪਤ ਹੋ ਜਾਂਦਾ ਹੈ। ਇਹ ਸੀ ਸਕੂਲੀ ਸਿੱਖਿਆ ਦਾ ਉਹ ਸਮਾਂ, ਇਹ ਹੈ ਸਕੂਲੀ ਸਿੱਖਿਆ ਦਾ ਅੱਜ ਦਾ ਸਮਾਂ।

ਇਹ ਸੀ ਉਹ ਸਮਾਂ ਜਦੋਂ ਸਰਕਾਰੀ ਸਿੱਖਿਆ ਨੇ ਯੋਗ, ਇਮਾਨਦਾਰ ਅਫਸਰਸ਼ਾਹੀ ਦਿੱਤੀ, ਬਹਾਦਰ ਜਰਨੈਲ ਅਤੇ ਜਾਂਬਾਜ਼ ਦਿੱਤੇ। ਦੂਰਅੰਦੇਸ਼ ਸਿਆਸਤਦਾਨ ਦਿੱਤੇ। ਇਹ ਹੈ ਉਹ ਸਮਾਂ ਜਦੋਂ ਸਿੱਖਿਆ ਤੰਤਰ ਦੋ ਭਾਗਾਂ ਵਿੱਚ ਟੁੱਟ ਕੇ ਵੀ ਬਿਖਰ ਚੁੱਕਾ ਹੈ। ਇਕ ਸਰਕਾਰੀ ਅਤੇ ਦੂਜਾ ਪ੍ਰਾਈਵੇਟ, ਪ੍ਰਾਈਵੇਟ ਵੀ ਭਾਂਤ-ਭਾਂਤ ਦਾ। ਸਰਕਾਰ, ਅਫਸਰਸ਼ਾਹੀ ਸਰਕਾਰੀ ਸਕੂਲਾਂ ਵਿੱਚ ਦਾਖਲਾ ਵਧਾਉਣ ਦੇ ਪੱਤਰ ਕੱਢਦੇ ਹਨ ਪਰ ਆਪਣੀ ਔਲਾਦ ਉਹਨਾਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਭੇਜਣੀ ਪੈਂਦੀ ਹੈ। ਇੱਧਰ ਜਿਹਨਾਂ ਅਧਿਆਪਕਾਂ ਨੇ ਸਰਕਾਰੀ ਸਕੂਲਾਂ ਵਿੱਚ ਦਾਖਲਾ ਵਧਾਉਣਾ ਹੈ, ਉਹਨਾਂ ਨੂੰ ਵੀ ਆਪਣੇ ਬੱਚੇ ਪ੍ਰਾਈਵੇਟ ਸਕੂਲਾਂ ਵਿੱਚ ਭੇਜਣੇ ਪੈਂਦੇ ਹਨ ਕਿਉਂਕਿ ਉਹ ਜਾਣਦੇ ਹਨ ਕਿ ਸਰਕਾਰੀ ਸਕੂਲਾਂ ਵਿੱਚ ਜਿਹੜੀ ਅਸਾਮੀ ਜਾਂ ਅਸਾਮੀਆਂ ਖਾਲੀ ਹਨ, ਉਹਨਾਂ ਨੂੰ ਭਰਨ ਦੇ ਕੋਈ ਸੰਕੇਤ ਤੇ ਸੰਭਾਵਨਾਵਾਂ ਨਹੀਂ ਹਨ। ਜਿਹੜੇ ਅਧਿਆਪਕ ਸਕੂਲ ਵਿੱਚ ਹਨ, ਉਹਨਾਂ ਨੂੰ ਪਾਠਕ੍ਰਮ ਮਰਜ਼ੀ ਅਤੇ ਸੁਤੰਤਰਤਾ ਨਾਲ ਪੜ੍ਹਾਉਣ ਨਹੀਂ ਦਿੱਤਾ ਜਾਂਦਾ। ਦਫਤਰਾਂ ਵਿੱਚ ਕਲਰਕ ਨਹੀਂ, ਮੁਖੀ ਨਹੀਂ; ਜਿੰਨੇ ਕੁ ਅਧਿਆਪਕ ਹਨ, ਉਹ ਵੀ ਦਫਤਰੀ ਕੰਮਾਂ ਵਿੱਚ ਉਲਝੇ ਰਹਿੰਦੇ ਹਨ। ਅਜਿਹੇ ਸਕੂਲਾਂ ਵਿੱਚ ਕੌਣ ਆਪਣਾ ਬੱਚਾ ਪੜ੍ਹਾਏਗਾ? ਦੂਜੇ ਪਾਸੇ ਪ੍ਰਾਈਵੇਟ ਸਕੂਲ ਵਿੱਚ ਪੜ੍ਹਾਉਣ ਵਾਲੇ ਅਧਿਆਪਕ ਪੂਰੇ ਹਨ। ਮੁਖੀ ਹੈ, ਕਲਰਕ ਹਨ। ਉਪਰੋਂ ਕੋਈ ਡਾਕ ਨਹੀਂ। ਸੂਬੇ ਦੇ ਅੱਧੇ ਬੱਚਿਆਂ ਦੀ ਪੜ੍ਹਾਈ ਇੱਥੇ ਹੁੰਦੀ ਹੈ। ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਕਿਵੇਂ ਹੋਵੇ? ਕੀ ਸਰਕਾਰ ਸਿਰ ਜੋੜ ਕੇ ਸੋਚੇਗੀ?

ਉਪਰੋਕਤ ਦਾ ਨਤੀਜਾ ਹੈ ਕਿ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਨੂੰ ਸੋਕਾ ਪੈ ਗਿਆ ਹੈ। ਇਸ ਦਾ ਸਰਕਾਰ ਵਲੋਂ ਹੱਲ ਹੈ, ਇਹਨਾਂ ਨੂੰ ਬੰਦ ਕਰ ਕੇ ਅਧਿਆਪਕਾਂ ਦੀਆਂ ਸੇਵਾਵਾਂ ਹੋਰ ਸਕੂਲੀਂ ਭੇਜ ਕੇ ਉੱਥੇ ਲੈਣੀਆਂ। ਅਧਿਆਪਕ ਜਥੇਬੰਦੀਆਂ ਦਾ ਤਰਕ ਹੈ ਕਿ ਸਰਕਾਰ ਨੇ ਅਧਿਆਪਕ ਨਹੀਂ ਦਿੱਤੇ, ਇਸ ਕਰ ਕੇ ਬੱਚੇ ਘਟ ਗਏ। ਤਰਕ ਗ਼ਲਤ ਨਹੀਂ ਪਰ ਜਿਥੇ ਅਧਿਆਪਕ ਪੂਰੇ ਹਨ, ਬੱਚੇ ਤਾਂ ਉੱਥੇ ਵੀ ਪੂਰੇ ਨਹੀਂ। ਸਚਾਈ ਇਹ ਹੈ ਕਿ ਸਰਕਾਰੀ ਸਕੂਲਾਂ ਦੀ ਹਵਾ ਖਰਾਬ ਹੋ ਚੁੱਕੀ ਹੈ। ਅਧਿਆਪਕਾਂ ਦੀ ਗਿਣਤੀ ਪੂਰੀ ਕਰ ਕੇ ਵੀ ਹੋਰ ਬੱਚੇ ਆਉਣੇ ਨਹੀਂ। ਹੱਲ ਇਹੀ ਹੈ ਕਿ ਜਿਥੇ ਬੱਚੇ ਪੂਰੇ ਹਨ, ਉਥੇ ਅਧਿਆਪਕ ਤੁਰੰਤ ਪੂਰੇ ਕਰਨੇ ਚਾਹੀਦੇ ਹਨ। ਜਿਥੇ ਬੱਚਿਆਂ ਨੂੰ ਪੂਰਾ ਕਰਨ ਦੀ ਉਮੀਦ ਨਹੀਂ, ਉਥੇ ਜਿਹੜੇ ਪੜ੍ਹਦੇ ਹਨ, ਉਹਨਾਂ ਨੂੰ ਉਥੇ ਰੱਖ ਕੇ ਪਾਪ ਨਾ ਕਰੋ। ਇਹ ਹਾਲਤ ਅੱਜ ਨਹੀਂ ਬਣੀ, ਦਹਾਕਿਆਂ ਦੇ ਅਮਲ ਦਾ ਸਿੱਟਾ ਹੈ। ਸਿੱਖਿਆ ਦੀ ਬਦਹਾਲੀ ਲਈ ਸਰਕਾਰਾਂ ਅਤੇ ਅਧਿਆਪਕ ਜ਼ਿੰਮੇਵਾਰ ਰਹੇ ਹਨ। ਆਉਣ ਵਾਲੇ ਦਿਨ ਵੀ ਕਿਸੇ ਸ਼ੁੱਭ ਸ਼ਗਨ ਦਾ ਸੰਕੇਤ ਨਹੀਂ ਦੇ ਰਹੇ ਕਿਉਂਕਿ ਇਹਨਾਂ ਸਰਕਾਰੀ ਸਕੂਲਾਂ ਵਿਚੋਂ ਵੀ ਪਿਆਰੇ ਅਤੇ ਦੁਪਿਆਰੇ ਸਕੂਲ ਨਿਖੇੜੇ ਜਾ ਰਹੇ ਹਨ। ਇਕ ਪਾਸੇ ਦੇਸ਼ ਦਾ ਪ੍ਰਧਾਨ ਮੰਤਰੀ ਆਪਣਾ ਨਾਂ ਅਮਰ ਕਰਨ ਲਈ 'ਪ੍ਰਧਾਨ ਮੰਤਰੀ ਸ੍ਰੀ ਸਕੂਲ' ਅਤੇ ਦੂਜੇ ਪਾਸੇ ਪੰਜਾਬ ਸਰਕਾਰ ਇਹਨਾਂ ਹੀ ਸਰਕਾਰੀ ਸਕੂਲਾਂ ਵਿਚੋਂ ਕੁਝ ਨੂੰ 'ਐਮੀਨੈਂਸ ਸਕੂਲ' ਦੇ ਨਾਂ ਉੱਤੇ ਆਪੋ-ਆਪਣੇ ਪਿਆਰੇ ਸਕੂਲਾਂ ਵਿੱਚ ਸ਼ਾਮਿਲ ਕਰ ਰਹੇ ਹਨ। ਇਹਨਾਂ ਸਕੂਲਾਂ ਵਿੱਚ ਦੂਜਿਆਂ ਨੂੰ ਪਿੱਛੇ ਕਰ ਕੇ ਅਧਿਆਪਕ ਅਤੇ ਦਫਤਰੀ ਅਮਲਾ ਪੂਰਾ ਕੀਤਾ ਜਾ ਰਿਹਾ ਹੈ। ਦੂਜੇ ਸਕੂਲਾਂ ਵਿੱਚ ਅਧਿਆਪਕਾਂ ਅਤੇ ਕਲਰਕਾਂ ਦੀਆਂ ਅਸਾਮੀਆਂ ਖਾਲੀ ਰਹਿ ਜਾਣ ਦੀ ਕੋਈ ਚਿੰਤਾ ਨਹੀਂ।

ਲੋਕ ਤਾਂ ਅਣਜਾਣ ਸਨ, ਅਧਿਆਪਕ ਵੀ ਅਣਜਾਣ ਬਣੇ ਰਹੇ। ਜਥੇਬੰਦੀਆਂ 2019-20 ਵਿੱਚ ਹੋਰ ਪਤਾ ਨਹੀਂ ਕਿਹੜੇ ਜ਼ਰੂਰੀ ਕੰਮਾਂ ਵਿੱਚ ਲੱਗੀਆਂ ਰਹੀਆਂ ਕਿ ਕੇਂਦਰ ਨੇ 2019 ਵਿੱਚ ਸਿੱਖਿਆ ਨਾਲ ਸਬੰਧਿਤ ਲੋਕਾਂ ਤੋਂ ਸੁਝਾਅ ਲੈਣ ਲਈ ਪਹਿਲਾਂ ਨਵੀਂ ਸਿੱਖਿਆ ਨੀਤੀ ਦਾ ਖਰੜਾ ਭੇਜਿਆ, ਫਿਰ 2020 ਵਿੱਚ ਨਵੀਂ ਸਿੱਖਿਆ ਨੀਤੀ ਤਿਆਰ ਕਰ ਕੇ ਐਕਟ ਵੀ ਬਣਾ ਦਿੱਤਾ। ਹੁਣ ਇਹ ਪੜਾਵਾਰ ਲਾਗੂ ਹੈ। ਮਿਡਲ ਸਕੂਲਾਂ ਵਿੱਚ ਪੀਟੀਆਈ ਤੇ ਡਰਾਇੰਗ ਅਸਾਮੀਆਂ ਨਾ ਦੇਣਾ, ਹਿੰਦੀ ਪੰਜਾਬੀ ਦੋ ਵਿਸ਼ਿਆਂ ਲਈ ਇਕ ਹੀ ਅਧਿਆਪਕ ਦੇਣਾ, 'ਪ੍ਰਧਾਨ ਮੰਤਰੀ ਸ੍ਰੀ ਸਕੂਲ' ਬਣਾਉਣਾ, ਨਾਰਮ ਤੋਂ ਘੱਟ ਵਿਦਿਆਰਥੀਆਂ ਵਾਲੇ ਸਕੂਲਾਂ ਨੂੰ ਬੰਦ ਕਰਨਾ, ਨਵੀਂ ਸਿੱਖਿਆ ਨੀਤੀ ਦਾ ਆਗਾਜ਼ ਹੈ। ਬੜੀ ਜਲਦੀ ਸਕੂਲਾਂ ਦੀ ਕੰਪਲੈਕਸ ਪ੍ਰਣਾਲੀ ਲਾਗੂ ਹੋਈ ਸਮਝੋ; ਕੰਪਲੈਕਸ ਸਕੂਲ ਮੁਖੀ ਕਿਸੇ ਵੀ ਅਧਿਆਪਕ ਨੂੰ ਕੰਪਲੈਕਸ ਅੰਦਰ ਪੈਂਦੇ ਕਿਸੇ ਵੀ ਲੋੜਵੰਦ ਸਕੂਲ ਵਿੱਚ ਭੇਜ ਸਕੇਗਾ। ਭਾਜਪਾ ਨੇ ਸਿੱਖਿਆ ਨੀਤੀ ਲਾਗੂ ਕਰਵਾਉਣ ਲਈ ਇੰਤਜ਼ਾਮ ਪਹਿਲਾਂ ਹੀ ਕੀਤਾ ਹੋਇਆ ਹੈ। ਸੂਬਿਆਂ ਨੂੰ ਵਿਤ ਪੱਖੋਂ ਇੰਨਾ ਕਮਜ਼ੋਰ ਕਰ ਦਿੱਤਾ ਹੈ ਕਿ ਬਾਂਹ ਮਰੋੜਨ ਲਈ ਫੰਡ ਰੋਕ ਲਏ ਜਾਂਦੇ ਹਨ। ਸੂਬੇ ਖਾਲੀ ਠੂਠਾ ਲੈ ਕੇ ਕੇਂਦਰ ਦੇ ਬੂਹੇ ਬੈਠੇ ਰਹਿੰਦੇ ਹਨ। ਕਿਹੜਾ ਸੂਬਾ ਨਹੀਂ ਚਾਹੁੰਦਾ, ਖਾਲੀ ਅਸਾਮੀਆਂ ਉੱਤੇ ਮੁਲਾਜ਼ਮ ਭਰਤੀ ਕਰ ਕੇ ਲੋਕਾਂ ਦੀ ਵਾਹ-ਵਾਹ ਖੱਟਣੀ। ਜੇਕਰ ਹਰ ਸੂਬਾ ਚਾਹੁੰਦਾ ਹੈ, ਹਰ ਵਿਭਾਗ ਦਾ ਮੰਤਰੀ ਚਾਹੁੰਦਾ ਹੈ, ਫਿਰ ਭਰਤੀਆਂ ਕਿਉਂ ਨਹੀਂ? ਕਿਉਂਕਿ ਫੰਡ ਨਹੀਂ। ਲਗਦਾ ਹੈ, ਲੋੜੀਂਦੀ ਮਨੁੱਖੀ ਸ਼ਕਤੀ ਭਰਤੀ ਕਰਨ ਲਈ ਨਵੇਂ ਢਾਂਚਿਆਂ/ਮਾਡਲਾਂ ਦੀ ਵਿਉਂਤਵੰਦੀ ਵੀ ਸੋਚੀ ਜਾ ਰਹੀ ਹੈ ਤਾਂ ਕਿ ਨਵੀਂ ਭਰਤੀ ਕੀਤੀ ਮਨੁੱਖੀ ਸ਼ਕਤੀ ਦੀ ਸੇਵਾ ਦੌਰਾਨ ਅਤੇ ਸੇਵਾ ਮੁਕਤੀ ਤੋਂ ਬਾਅਦ ਸਰਕਾਰ ਉੱਤੇ ਆਰਥਿਕ ਬੋਝ ਨਾ ਪਵੇ।

ਜਥੇਬੰਦੀਆਂ ਦੇ ਸਾਹਮਣੇ ਹੈ ਕਿ ਜਿਹੜੇ ਮੁੱਦੇ ਚੋਣ ਮੁੱਦੇ ਬਣਦੇ ਹਨ, ਉਹਨਾਂ ਉੱਤੇ ਹੀ ਕੁਝ ਲੋਕ ਪੱਖੀ ਹੋਣ ਦੀ ਸੰਭਾਵਨਾ ਬਣਦੀ ਹੈ। ਪੁਰਾਣੀ ਪੈਨਸ਼ਨ ਸਕੀਮ ਦਾ ਮੁੱਦਾ ਉਦਾਹਰਨ ਹੈ। ਕਿੰਨੇ ਹੀ ਦੇਸ਼ ਹਨ ਜਿਥੇ ਸਿੱਖਿਆ ਅਤੇ ਸਿਹਤ ਸਰਕਾਰੀ ਹਨ। ਉਨ੍ਹਾਂ ਦੇਸ਼ਾਂ ਵਿੱਚ ਤਾਂ ਹਰ ਇੱਕ ਨੂੰ ਬੁਢਾਪੇ ਵਿੱਚ ਮੁਕੰਮਲ ਸਮਾਜਿਕ ਸੁਰੱਖਿਆ (ਪੈਨਸ਼ਨ) ਵੀ ਦਿੱਤੀ ਜਾਂਦੀ ਹੈ। ਉਹਨਾਂ ਦੇਸ਼ਾਂ ਦੇ ਮੁਕਾਬਲੇ ਅਸੀਂ ਕਿੱਥੇ ਖੜ੍ਹੇ ਹਾਂ। ਅਸੀਂ ਮਿਆਰੀ ਅਤੇ ਬਰਾਬਰ ਸਿੱਖਿਆ ਨੂੰ ਵੀ ਚੁਣਾਵੀ ਮੁੱਦਾ ਨਹੀਂ ਬਣਾ ਸਕੇ। ਸਿਹਤ ਅਤੇ ਸਿੱਖਿਆ ਦੋ ਮੁੱਦੇ ਹਨ ਜਿਹਨਾਂ ਨੂੰ ਲੋਕ-ਸਮਰਥਨ ਨਾਲ ਚੁਣਾਵੀ ਮੁੱਦੇ ਬਣਾਇਆ ਜਾ ਸਕਦਾ ਹੈ ਪਰ ਬਹੁਤ ਯਤਨ ਕਰਨਾ ਪੈਣਾ ਹੈ ਜਿਸ ਦੀ ਫਿਲਹਾਲ ਤਾਂ ਉਮੀਦ ਨਹੀਂ ਕਿਉਂਕਿ ਵੋਟਾਂ ਲਈ ਨਵੀਆਂ ਰਿਓੜੀਆਂ ਵੰਡ ਕੇ ਲੋਕਾਂ ਦਾ ਧਿਆਨ ਉਹਨਾਂ ਦੇ ਦੂਰਾਡੇ ਭਵਿੱਖ ਦੀ ਥਾਂ ਉਹਨਾਂ ਨੂੰ ਆਪਣੇ ਨੱਕ ਤੱਕ ਹੀ ਦੇਖਣ ਲਈ ਸੀਮਤ ਕਰ ਦਿੱਤਾ ਹੈ।

ਸੋ ਹਾਲਾਤ ਅਜਿਹੇ ਹਨ ਕਿ ਸਿੱਖਿਆ ਦੇ ਸਰਕਾਰੀ ਅਦਾਰਿਆਂ ਵਿੱਚ ਫਰਜ਼ੀਬਾੜਾ ਵਧੇਗਾ। ਅਧਿਆਪਕ ਦੀ ਸਕੂਲ ਦੀ ਜਵਾਬਦੇਹੀ ਟੀਚਾਬੱਧ ਕਰਨ ਦਾ ਨੈਤਿਕ ਹੱਕ ਸਰਕਾਰਾਂ ਗੁਆ ਚੁੱਕੀਆਂ ਹਨ। ਸਰਕਾਰੀ ਅਧਿਆਪਕੋ, ਕਿੱਤੇ ਪ੍ਰਤੀ ਤੁਹਾਡੀ ਪ੍ਰਤੀਬੱਧਤਾ ਦੇ ਆਸਰੇ ਹੀ ਸਿੱਖਿਆ ਤੰਤਰ ਨੇ ਜੀਵਤ ਰਹਿਣਾ ਹੈ। ਦੁਪਹਿਰ ਦਾ ਖਾਣਾ, ਕਿਤਾਬਾਂ, ਵਰਦੀਆਂ, ਵਜ਼ੀਫ਼ੇ ਸਭ ਪ੍ਰਚਾਰ ਦੀ ਸਮੱਗਰੀ ਹੈ।

ਇਹ ਇਸੇ ਤਰ੍ਹਾਂ ਰਹਿਣਗੇ ਪਰ ਇਹਨਾਂ ਨਾਲ ਸਰਕਾਰੀ ਸਕੂਲਾਂ ਦੀ ਐਨਰੋਲਮੈਂਟ ਨਾ ਹੁਣ ਤੱਕ ਵਧੀ ਹੈ, ਨਾ ਭਵਿੱਖ ਵਿੱਚ ਵਧੇਗੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਚੋਣਾਂ ਦੌਰਾਨ ਕਿਹਾ ਕਰਦੇ ਸਨ ਕਿ ਉਹ ਪੰਜਾਬ ਨੂੰ ਅਜਿਹਾ ਵਿਕਸਤ ਕਰਨਗੇ ਕਿ ਇੰਗਲੈਂਡ ਦੇ ਬੱਚੇ ਇੱਥੇ ਰੁਜ਼ਗਾਰ ਪ੍ਰਾਪਤ ਕਰਨ ਲਈ ਆਇਆ ਕਰਨਗੇ। ਇਹ ਤਾਂ ਹੋਇਆ ਨਾ, ਪਰ ਪੰਜਾਬ ਦੇ ਸਕੂਲਾਂ ਵਿੱਚ ਗੁਆਂਢੀ ਸੂਬਿਆਂ ਤੋਂ ਪਰਵਾਸੀ ਬੱਚੇ ਸਿੱਖਿਆ ਲੈਂਦੇ ਜ਼ਰੂਰ ਦਿਸਦੇ ਹਨ। ਪਰਵਾਸੀ ਬੱਚਿਆਂ ਵੱਲੋਂ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਲੈਣ ਨੂੰ ਤਾਂ ਹੀ ਸਹੀ ਕਿਹਾ ਜਾ ਸਕਦਾ ਹੈ ਜੇ ਪੰਜਾਬ ਦੇ ਆਪਣੇ ਬੱਚੇ ਵੀ ਇਹਨਾਂ ਸਕੂਲਾਂ ਵਿੱਚ ਸਿੱਖਿਆ ਲੈਣ। ਪੰਜਾਬ ਸਰਕਾਰ ਨੂੰ ਸਲਾਹ ਹੈ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪਰਵਾਸੀ ਬੱਚਿਆਂ ਦੀ ਗਿਣਤੀ ਦਾ ਅੰਕੜਾ ਜ਼ਰੂਰ ਪ੍ਰਾਪਤ ਕਰੇ ਅਤੇ ਜਥੇਬੰਦੀਆਂ ਨੂੰ ਵੀ ਇਹ ਸਰਵੇਖਣ ਕਰਾਉਣਾ ਚਾਹੀਦਾ ਹੈ। ਇਸ ਨਾਲ ਆਉਣ ਵਾਲੇ ਸਮੇਂ ਲਈ ਸਰਕਾਰ ਨੂੰ ਨੀਤੀਆਂ ਬਣਾਉਣ 'ਚ ਸਹਾਇਤਾ ਮਿਲੇਗੀ। ਸਰਕਾਰ ਅਤੇ ਅਧਿਆਪਕ ਪਰਵਾਸੀ ਬੱਚਿਆਂ ਦੀ ਗਿਣਤੀ ਉੱਤੇ ਆਪਣੀ ਪਿੱਠ ਵੀ ਥਾਪੜ ਸਕਣਗੇ। ਪੰਜਾਬ ਵਿਕਾਸ ਕਰ ਗਿਆ ਹੈ।

Passport Photos
Family Partrait
Graduation
Fashion | Glamour
Photo Restoration
Photography
for all occasions
ਪਾਸਪੋਰਟ ਫੋਟੋ 2 ਫੋਟੋ $5 ਦੀਆਂ
ROYAL PHOTO STUDIO
ਵਿਆਹ ਜਾਂ ਕਿਸੇ ਵੀ ਫੰਕਸ਼ਨ ਤੇ ਵੀਡੀਓ ਦੀ ਸੇਵਾ
HD Blu-Ray, Cinematography
#171-8138 128 Street, Surrey (Payal Business Centre)
8140-120 Street, Surrey ( ਇੰਡੀਆ ਕੌਂਸਲੇਟ ਦੇ ਥੱਲੇ)
Mandeep S. Dhillon 604-594-2131, 778-840-4600

ਕੀ ਤੁਸੀਂ ਕਰਜ਼ੇ ਤੋਂ ਪ੍ਰੇਸ਼ਾਨ ਹੋ ? ARE YOU IN DEBT?
ਤੁਸੀਂ ਕਰਜ਼ੇ ਤੇ ਟੈਕਸ ਤੋਂ ਬੱਚ ਸਕਦੇ ਹੋ।ਅਸੀਂ ਵੱਧ ਤੋਂ ਵੱਧ ਕਰਜ਼ਾ ਮੁਆਫ਼ ਕਰਵਾ ਸਕਦੇ ਹਾਂ।
ਕਿਸੇ ਤਰ੍ਹਾਂ ਦੀ ਵੀ ਫਾਈਨੈਂਸ਼ਲ ਪ੍ਰੋਬਲਮ ਹੋਵੇ
- ਕ੍ਰੈਡਿਟ ਕਾਰਡ - ਲਾਈਨ ਆਫ਼ ਕ੍ਰੈਡਿਟ
- ਜੀ.ਐਸ.ਟੀ. - ਕੋਲੈਕਸ਼ਨ ਕਾਲਜ
- ਟੈਕਸ ਸਬੰਧੀ ਕੋਈ ਵੀ ਪ੍ਰੋਬਲਮ
- ਅਸੀਂ ਬੈਂਕਰਪਸੀ ਵਿੱਚ ਵੀ ਮਦਦ ਕਰਦੇ ਹਾਂ।
Any type Unsecured Debt WE CAN REDUCE YOU DEBT BY 70%
ਸਾਡੇ ਰੇਟ ਕਾਫੀ ਵਾਜ਼ਿਬ ਹਨ।
Any type of Financial Problems?
- Personal or Business Loan
- Canada Revenue Debt
- Credit Cards - Line of Credits
- Student Loan
- We help you in Bankruptcy and Proposals
Kulwinder Bains
Certified Credit Counseller
778-998-9402
DDS: Diverse Debt Solutions Ltd.
unit # 205-12899-76 Ave. Surrey

# ਮੁਫ਼ਤ ਰਿਊੜੀਆਂ ਵੰਡਣ ਦੀ ਸਿਆਸਤ "ਲੋਕਤੰਤਰ ਉਤੇ ਸਿੱਧਾ ਹਮਲਾ"

**ਲਿਖਤ : ਗੁਰਮੀਤ ਸਿੰਘ ਪਲਾਹੀ**
**ਸੰਪਰਕ : 98158-02070**



ਜਿਹਨਾ ਦੇਸ਼ਾਂ ਵਿੱਚ ਆਮ ਵੋਟਰ ਆਪਣੀ ਤਾਕਤ ਪੂਰੀ ਤਰ੍ਹਾਂ ਸਮਝਦੇ ਹਨ, ਉਥੇ ਉਹ ਸਿਆਸੀ ਨੇਤਾਵਾਂ ਨੂੰ ਆਪਣੀਆਂ ਉਂਗਲੀਆਂ ਉਥੇ ਨਚਾਉਣ ਦਾ ਕੰਮ ਕਰਦੇ ਹਨ। ਕੁਝ ਹੱਦ ਤੱਕ ਭਾਰਤ ਵਿੱਚ ਵੀ ਕੁਝ ਇਹੋ ਜਿਹਾ ਹੋਣ ਲੱਗਿਆ ਹੈ।

ਪਿਛਲੀਆਂ ਕੁਝ ਰਾਸ਼ਟਰੀ, ਸੂਬਾਈ ਚੋਣਾਂ ਵਿੱਚ ਵੇਖਿਆ ਜਾ ਰਿਹਾ ਹੈ ਕਿ ਦੇਸ਼ ਦੀਆਂ ਔਰਤਾਂ ਆਪਣਾ ਵੋਟ ਦੇਣ ਲਈ ਪੂਰੇ ਉਤਸ਼ਾਹ ਨਾਲ ਵੋਟ-ਬੂਥਾਂ 'ਤੇ ਦਿੱਸਦੀਆਂ ਹਨ, ਖ਼ਾਸ ਕਰਕੇ ਉਸ ਵੇਲੇ ਜਦੋਂ ਵੀ ਕਿਸੇ ਸਰਕਾਰ ਨੇ ਉਹਨਾਂ ਦੇ ਨਿੱਜੀ ਖਾਤੇ 'ਚ ਰਿਆਇਤਾਂ ਦੇ ਪੈਸੇ ਜਮ੍ਹਾਂ ਕਰਵਾਉਣੇ ਸ਼ੁਰੂ ਕੀਤੇ ਹਨ; ਕਿਸੇ ਨੇ ਲਾਡਲੀ ਭੈਣ, ਯੋਜਨਾ ਅਧੀਨ ਜਾਂ ਕਿਸੇ ਨੇ ਕਿਸੇ ਹੋਰ ਯੋਜਨਾ ਵਿੱਚ। ਕੀ ਇਹ ਸਿੱਧਿਆਂ ਤੌਰ 'ਤੇ ਵੋਟ ਖਰੀਦਣ ਦਾ ਤਰੀਕਾ ਨਹੀਂ? ਕੀ ਔਰਤਾਂ-ਵੋਟਰ ਨੂੰ ਭਰਮਤ ਕਰਨ ਲਈ ਇੱਕ ਜਾਲ ਨਹੀਂ ਵਿਛਾਇਆ ਜਾ ਰਿਹਾ? ਕੀ ਇਹ ਰਾਜ ਨੇਤਾਵਾਂ ਦਾ ਲੋਕਤੰਤਰ ਉਤੇ ਸਿੱਧਾ ਹਮਲਾ ਨਹੀਂ? ਕੀ ਇਹ ਸਭ ਲੈਣ-ਦੇਣ ਮਨੁੱਖੀ ਨੈਤਿਕ ਕਦਰਾਂ-ਕੀਮਤਾਂ ਨਾਲ ਖਿਲਵਾੜ ਨਹੀਂ ਹੈ? ਕੀ ਅਜਿਹਾ ਕਰਕੇ ਲੋਕਤੰਤਰ ਦੀ ਇੱਕ ਹੋਰ ਸੰਸਥਾ ਨੂੰ ਕਮਜ਼ੋਰ ਨਹੀਂ ਕੀਤਾ ਜਾ ਰਿਹਾ?

ਲੋਕਤੰਤਰ ਦੀਆਂ ਸੰਸਥਾਵਾਂ ਨੂੰ ਕੰਮਜ਼ੋਰ ਕਰਨ ਦਾ ਯਤਨ ਦੇਸ਼ ਵਿੱਚ ਲੰਮੇ ਸਮੇਂ ਤੋਂ ਹੋ ਰਿਹਾ ਹੈ। ਪਰ ਪਿਛਲੇ ਦਹਾਕੇ 'ਚ ਇਹ ਚਰਮ ਸੀਮਾਂ ਉਤੇ ਪੁੱਜ ਚੁੱਕਾ ਹੈ। ਸੀ.ਬੀ.ਆਈ, ਈ. ਡੀ ਵਰਗੀਆਂ ਖ਼ੁਦਮੁਖਤਾਰ ਸੰਸਥਾਵਾਂ ਦੇ ਪੈਰਾਂ 'ਚ ਬੇੜੀਆਂ ਪਾ ਦਿੱਤੀਆਂ ਗਈਆਂ ਹਨ। ਭਾਰਤੀ ਚੋਣ ਕਮਿਸ਼ਨ ਨੂੰ ਸਰਕਾਰੀ ਹੱਥਾਂ 'ਚ ਕਰਨ ਲਈ ਚੋਣ ਕਮਿਸ਼ਨਰ ਦੀ ਨਿਯੁਕਤੀ ਕੇਂਦਰ ਸਰਕਾਰ ਨੇ ਆਪਣੇ ਹੱਥ ਲੈ ਲਈ, ਉਸ ਦੀ ਨਿਯੁਕਤੀ ਵਿੱਚ ਦੇਸ਼ ਦੀ ਸਰਵ-ਉੱਚ ਅਦਾਲਤ ਦਾ ਦਖ਼ਲ ਬੰਦ ਕਰ ਦਿੱਤਾ ਗਿਆ ਹੈ। ਖ਼ੁਦਮੁਖਤਾਰ ਸੰਸਥਾਵਾਂ ਨੂੰ ਆਪਣੀ ਸੇਧੇ ਚਲਾਉਣ ਲਈ ਅਤੇ ਆਪਣੇ ਅਨੁਸਾਰ ਫ਼ੈਸਲੇ ਕਰਵਾਉਣ ਲਈ ਦੇਸ਼ ਦੀ ਸਰਬ ਉੱਚ ਅਦਾਲਤ ਉਤੇ ਵੀ ਸਮੇਂ-ਸਮੇਂ 'ਤੇ ਤਰ੍ਹਾਂ-ਤਰ੍ਹਾਂ ਦੇ ਪ੍ਰਭਾਵ ਵੇਖੇ ਜਾ ਸਕਦੇ ਹਨ।

ਪਰ ਸਭ ਤੋਂ ਗੰਭੀਰ ਮਸਲਾ ਦੇਸ਼ ਵਿੱਚ ਵੋਟ ਖਰੀਦਣ ਅਤੇ ਵੋਟ ਪ੍ਰਭਾਵਤ ਕਰਨ ਦਾ ਹੈ। ਆਜ਼ਾਦੀ ਦੇ ਕੁੱਝ ਵਰ੍ਹਿਆਂ, ਇਥੋਂ ਤੱਕ ਕਿ ਕੁਝ ਦਹਾਕਿਆਂ ਤੱਕ ਦੇਸ਼ ਦੀ ਤਰੱਕੀ, ਅਤੇ ਗ਼ਰੀਬੀ ਹਟਾਓ, ਜਿਹੇ ਨਾਹਰੇ ਲਗਦੇ ਰਹੇ। ਦੇਸ਼ ਦੇ ਸੰਘੀ ਢਾਂਚੇ ਦੇ ਬਚਾਓ ਅਤੇ ਸੂਬਿਆਂ ਨੂੰ ਵੱਖ ਅਧਿਕਾਰ ਦੇਣ ਜਿਹੇ ਵਿਸ਼ਿਆਂ ਮਹਿੰਗਾਈ, ਬੇਰੁਜ਼ਗਾਰੀ ਦੇ ਮਾਮਲਿਆਂ 'ਤੇ ਆਮ ਤੌਰ 'ਤੇ ਸਿਆਸਤ ਕੀਤੀ ਜਾਂਦੀ ਰਹੀ। ਚੋਣਾਂ ਸਮੇਂ ਸਿਆਸੀ ਪਾਰਟੀਆਂ ਵਲੋਂ ਲੁਭਾਉਣੇ ਚੋਣ ਮੈਨੀਫੈਸਟੋ ਜਾਰੀ ਕੀਤੇ ਜਾਂਦੇ ਰਹੇ ਤਾਂ ਕਿ ਲੋਕ ਇਹਨਾਂ ਵੱਲ ਖਿੱਚੇ-ਤੁਰੇ ਆਉਣ

ਇਹ ਉਹ ਸਮਾਂ ਸੀ, ਜਦੋਂ ਸਿਆਸੀ ਪਾਰਟੀਆਂ ਵਿੱਚ ਅੰਦਰੂਨੀ ਲੋਕਤੰਤਰ ਸੀ। ਸਿਆਸੀ ਪਾਰਟੀਆਂ ਦੇ ਮੈਂਬਰਾਂ ਦੀ ਭਰਤੀ ਪਿੰਡ, ਸ਼ਹਿਰ ਪੱਧਰ 'ਤੇ ਹੁੰਦੀ, ਉਥੇ ਇਕਾਈਆਂ ਦੀ ਚੋਣਾਂ ਹੁੰਦੀਆਂ। ਅਹੁਦੇਦਾਰ ਚੁਣੇ ਜਾਂਦੇ। ਰਾਸ਼ਟਰੀ ਪੱਧਰ ਤੱਕ ਸਿਆਸੀ ਪਾਰਟੀਆਂ ਦੀ ਆਪਣੀ ਚੋਣ ਹੁੰਦੀ। ਵੱਡੇ ਨੇਤਾ ਚੁਣੇ ਜਾਂਦੇ। ਪਾਰਟੀਆਂ ਦੀਆਂ ਨੀਤੀਆਂ ਬਣਦੀਆਂ। ਇਹਨਾਂ ਨੀਤੀਆਂ ਦੇ ਅਧਾਰ 'ਤੇ ਲੋਕਾਂ ਨੂੰ ਆਪਣੇ ਵੱਲ ਕਰਨ ਦਾ ਯਤਨ ਹੁੰਦਾ।

ਦੇਸ਼ 'ਚ ਇੰਦਰਾ ਗਾਂਧੀ ਵਲੋਂ ਆਪਣੀ ਗੱਦੀ ਸੁਰੱਖਿਅਤ ਰੱਖਣ ਲਈ ਐਮਰਜੈਂਸੀ ਲਾਉਣ ਨਾਲ ਲੋਕਤੰਤਰ ਦਾ ਵੱਡਾ ਘਾਣ ਹੋਇਆ। ਲੋਕ, ਸਿਆਸੀ ਨੇਤਾ ਸੜਕਾਂ 'ਤੇ ਆਏ। ਵਿਰੋਧੀ ਧਿਰਾਂ ਮਜ਼ਬੂਤ ਹੋਈਆਂ। ਇਲਾਕਾਈ ਪਾਰਟੀਆਂ ਹੋਂਦ ਵਿੱਚ ਆਈਆਂ। ਫਿਰ ਇਹਨਾਂ ਇਲਾਕਾਈ ਪਾਰਟੀਆਂ 'ਚ ਪਰਿਵਾਰਵਾਦ ਦੀ ਸਿਆਸਤ ਉਤਸ਼ਾਹਤ ਹੋਈ। ਪਰਿਵਾਰਵਾਦ ਦੀ ਇਸ ਸਿਆਸਤ ਦਾ ਕੌਮੀ ਪੱਧਰ ਉਤੇ ਵੀ ਪਸਾਰਾ ਹੋਇਆ ਅਤੇ ਇਲਾਕਾਈ ਪੱਧਰ 'ਤੇ ਵੀ।

ਇਸ ਇਲਾਕਾਈ ਸਿਆਸਤ ਨੇ ਦੱਖਣੀ, ਉੱਤਰੀ ਰਾਜਾਂ 'ਚ ਰਿਆਇਤਾਂ ਦੀ ਰਾਜਨੀਤੀ ਨੂੰ ਉਤਸ਼ਾਹਤ ਕੀਤਾ। ਪੰਜਾਬ ਦੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਮੋਟਰਾਂ ਦੀ ਸੁਵਿਧਾ ਦਿੱਤੀ, ਤਾਂ ਕਿ ਵੋਟ ਬੈਂਕ ਪੱਕਾ ਹੋਵੇ। ਪੰਜਾਬ ਇਸਦੀ ਵੱਡੀ ਉਦਾਹਰਨ ਬਣਿਆ। ਅੱਜ ਵੋਟ ਬੈਂਕ ਹਥਿਆਉਣ ਲਈ ਗਰੰਟੀਆਂ ਦੀ ਰਾਜਨੀਤੀ ਪੂਰੀ ਉੱਚਾਈ 'ਤੇ ਹੈ। ਪੰਜਾਬ 'ਚ 300 ਯੂਨਿਟ ਮਹੀਨਾ ਮੁਫ਼ਤ ਬਿਜਲੀ ਹੈ। ਹੋਰ ਕਈ ਰਿਆਇਤਾਂ ਹਨ। ਬਜ਼ੁਰਗਾਂ ਲਈ ਪੈਨਸ਼ਨ, ਔਰਤਾਂ ਲਈ ਮੁਫ਼ਤ ਬੱਸ ਸੇਵਾ ਅਤੇ ਹੁਣ ਔਰਤਾਂ ਲਈ 1000-1500 ਰੁਪਏ ਭੱਤਾ ਦੇਣ ਦੀਆਂ ਗੱਲਾਂ ਹੋ ਰਹੀਆਂ ਹਨ। ਦੱਖਣੀ ਰਾਜਾਂ ਵਿੱਚ ਤਾਂ ਔਰਤਾਂ ਲਈ ਅਤੇ ਹੋਰ ਵੋਟਰਾਂ ਨੂੰ ਭਰਮਿਤ ਕਰਨ ਲਈ ਕਈ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ। ਜਿਹਨਾਂ ਦੀ ਸ਼ੁਰੂਆਤ ਜੈਲਲਿਤਾ ਮੁੱਖ ਮੰਤਰੀ ਵਲੋਂ ਲੋਕਾਂ ਨੂੰ ਵੱਡੇ-ਵੱਡੇ ਤੋਹਫ਼ੇ ਰਿਆਇਤਾਂ ਵਜੋਂ ਦਿੱਤੇ ਜਾਣ ਨਾਲ ਹੋਈ।

ਦੇਸ਼ ਦੀ ਰਾਜਧਾਨੀ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ 'ਚ ਤਾਂ ਸਿਆਸੀ ਧਿਰਾਂ ਨੇ ਇਸ ਵੇਰ ਹੱਦ ਹੀ ਮੁਕਾ ਦਿਤੀ ਹੈ। ਰਿਆਇਤਾਂ ਦੀ ਝੜੀ ਲਗਾ ਦਿਤੀ ਹੈ। ਕਾਂਗਰਸ ਨੇ 300 ਯੂਨਿਟ ਬਿਜਲੀ ਮੁਫ਼ਤ, 500 ਰੁਪਏ ਦਾ ਗੈਸ ਸਿਲੰਡਰਾਂ, ਭਾਜਪਾ ਨੇ ਔਰਤਾਂ ਲਈ 2500 ਰੁਪਏ ਅਥੇ ਆਪ ਵਲੋਂ ਵੀ ਲਗਭਗ ਇਹੋ ਜਿਹੇ ਵਾਇਦੇ ਕੀਤੇ ਹਨ।

ਪਰ ਸਵਾਲ ਉਠੱਦਾ ਹੈ ਕਿ ਇਹੋ ਜਿਹੀਆਂ ਰਿਆਇਤਾਂ ਦਾ ਭਾਰ ਅਕਸਰ ਕਿਸ ਉਤੇ ਪੈਂਦਾ ਹੈ? ਉਦਹਾਰਨ ਪੰਜਾਬ ਦੀ ਹੀ ਲੈ ਲੈਂਦੇ ਹਨ, ਇਹਨਾਂ ਰਿਆਇਤਾਂ ਕਾਰਨ ਅੱਜ ਪੰਜਾਬ ਦੀ ਆਰਥਿਕਤਾ ਨਿਵਾਣਾਂ ਵੱਲ ਜਾ ਰਹੀ ਹੈ। ਜਦੋਂ ਤੱਕ ਇਸ ਸਰਕਾਰ ਦਾ 2027 'ਚ ਕਾਰਜਕਾਲ ਪੂਰਾ ਹੋਣਾ ਹੈ, ਉਦੋਂ ਤੱਕ ਪੰਜਾਬ ਸਿਰ 5 ਲੱਖ ਕਰੋੜ ਦਾ ਕਰਜ਼ਾ ਖੜਾ ਹੋ ਜਾਣਾ ਹੈ। ਭਾਵ ਪੰਜਾਬ ਦਾ ਹਰ ਵਸ਼ਿੰਦਾ ਔਸਤਨ 5 ਲੱਖ ਦਾ ਕਰਜਾਈ ਹੋ ਜਾਣਾ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਲੋਕਾਂ ਦੀ ਚੁਣੀ ਹੋਈ ਸਰਕਾਰ ਨੇ ਲੋਕ ਭਲਾਈ ਦੇ ਕੰਮ ਕਰਨੇ ਹੁੰਦੇ ਹਨ, ਲੋਕਾਂ ਦਾ ਜੀਵਨ ਪੱਧਰ ਉਚਾ ਕਰਨਾ ਹੁੰਦਾ ਹੈ। ਉਹਨਾਂ ਦੇ ਬੁਢਾਪੇ ਨੂੰ ਸੁਰੱਖਿਅਤ ਰੱਖਣ ਲਈ ਕੁਝ ਸਕੀਮਾਂ ਚਲਾਉਣੀਆਂ ਹੁੰਦੀਆਂ ਹਨ। ਪਰ ਵੋਟ ਬੈਂਕ ਪੱਕਾ ਕਰਨ ਲਈ ਜਿਹੜੀਆਂ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ, ਉਹ ਬਹੁਤੇ ਲੋਕਾਂ ਦਾ ਕੀ ਸੁਆਰਦੀਆਂ ਹਨ?

ਕੀ ਨੇਤਾ ਲੋਕ ਚਾਹੁੰਦੇ ਹਨ ਕਿ ਮੁਫ਼ਤ ਰਾਸ਼ਨ, ਮੁਫ਼ਤ ਬਿਜਲੀ ਮੁਹੱਈਆ ਕਰਨ ਦੀ ਥਾਂ ਨੌਜਵਾਨਾਂ ਨੂੰ ਰੁਜ਼ਗਾਰ ਮਿਲੇ? ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਬੱਚਿਆਂ, ਬਜ਼ੁਰਗਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਮਿਲਣ, ਸਭ ਲਈ ਚੰਗੀ ਪੜ੍ਹਾਈ ਦਾ ਇੰਤਜ਼ਾਮ ਹੋਵੇ, ਬਜ਼ੁਰਗਾਂ ਦੀ ਸਮਾਜਿਕ ਸੁਰੱਖਿਆ ਲਈ ਚੰਗੀਆਂ ਸਕੀਮਾਂ ਅਤੇ ਪ੍ਰਬੰਧ ਹੋਣ ਅਤੇ ਇਸ ਤੋਂ ਵੱਧ ਇਹ ਕਿ ਸੂਬੇ ਜਾਂ ਦੇਸ਼ ਵਿੱਚ ਚੰਗਾ ਵਾਤਾਵਰਨ ਚੰਗਾ ਬੁਨਿਆਦੀ ਢਾਂਚਾ ਉਸਰੇ, ਜਿਸ ਨਾਲ ਮਨੁੱਖ ਦਾ ਜੀਵਨ ਸੁਖਾਲਾ ਹੋ ਸਕੇ? ਕਤਈ ਨਹੀਂ। ਉਹ ਇਹ ਗੱਲਾਂ ਸਿਰਫ਼ ਕਹਿਣ ਲਈ ਕਰਦੇ ਹਨ, ਇਹਨਾਂ ਤੇ ਅਮਲ ਨਹੀਂ ਕਰਦੇ।

ਅੱਜ ਦੇਸ਼ ਦੇ ਹਾਲਾਤ ਬਿਲਕੁਲ ਭੈੜੇ ਹਨ। ਦੇਸ਼ ਕੂੜੇ ਦਾ ਢੇਰ ਬਣਿਆ ਨਜ਼ਰ ਆਉਂਦਾ ਹੈ। ਭ੍ਰਿਸ਼ਟਾਚਾਰ ਨੇ ਲੋਕਾਂ ਦਾ ਜੀਵਨ ਦੁੱਭਰ ਕੀਤਾ ਹੋਇਆ ਹੈ। ਸੜਕਾਂ, ਸਰਕਾਰੀ ਸਕੂਲ ਸਹੂਲਤਾਂ ਅਤੇ ਟੀਚਰਾਂ ਤੋਂ ਬਾਂਝੇ ਹਨ। ਵਾਤਾਵਰਨ ਇੰਜ ਦੂਸ਼ਿਤ ਹੈ ਕਿ ਸਾਹ ਲੈਣਾ ਵੀ ਔਖਾ ਹੈ। ਪਾਣੀ ਜ਼ਹਿਰੀਲਾ ਹੁੰਦਾ ਜਾ ਰਿਹਾ ਹੈ। ਕੈਂਸਰ ਵਰਗੀਆਂ ਬਿਮਾਰੀਆਂ ਦੀ ਭਰਮਾਰ ਹੈ ਅਤੇ ਸਿਹਤ ਸਹੂਲਤਾਂ ਦੀ ਕਮੀ ਹੈ। ਜਿਸਦਾ ਖਮਿਆਜਾ ਕਰੋਨਾ ਕਾਲ ਦੇ ਦਰਮਿਆਨ ਦੇਸ਼ ਭੁਗਤ ਚੁੱਕਾ ਹੈ।ਇਹੋ ਸਭ ਕੁੱਝ ਜਾਣਦਿਆਂ ਵੀ ਦੇਸ਼ ਦੇ ਨੇਤਾਵਾਂ ਦੀ ਪਹਿਲ ਦੇਸ਼ ਨੂੰ ਸੁਆਰਨ ਦੀ ਥਾਂ, ਹਰ ਹੀਲੇ ਵੋਟਰਾਂ ਨੂੰ ਭਰਮਾ ਕੇ ਆਪਣੀ ਗੱਦੀ ਪੱਕੀ ਕਰਨਾ ਬਣੀ ਹੋਈ ਹੈ।

ਇਥੇ ਇਹ ਵਰਨਣ ਕਰਨਾ ਕੁਥਾਂਹ ਨਹੀਂ ਹੋਏਗਾ ਕਿ ਲਗਭਗ ਸਾਰੀਆਂ ਪਾਰਟੀਆਂ ਦੇ ਵਿੱਚ ਉਹਨਾਂ ਲੋਕਾਂ ਦੀ ਭਰਮਾਰ ਹੋ ਗਈ ਹੈ, ਜਿਹਨਾਂ ਉਤੇ ਆਪਰਾਧਿਕ ਕੇਸ ਦਰਜ਼ ਹਨ। ਜਿਹੜੇ ਸੇਵਾ ਦੀ ਥਾਂ ਸਿਆਸਤ ਸਾਮ,ਦਾਮ,ਦੰਡ ਨਾਲ ਕਰਨ ਦੇ ਮੁੱਦਈ ਹਨ। ਜਿਹਨਾਂ ਨੇ ਆਪਣਾ ਸਿਆਸਤ ਨੂੰ ਆਪਣਾ ਕਿੱਤਾ ਇਥੋਂ ਤਕਕਿ ਪਰਿਵਾਰਕ ਕਿੱਤਾ ਬਣਾ ਲਿਆ ਹੈ। ਇਹ ਲੋਕ ਸਥਾਨਕ ਸਰਕਾਰਾਂ (ਪੰਚਾਇਤਾਂ, ਨਗਰ ਪਾਲਿਕਾਵਾਂ) ਤੋਂ ਲੈਕੇ ਵਿਧਾਨ ਸਭਾਵਾਂ, ਲੋਕ ਸਭਾ ਤੱਕ ਆਪਣਾ ਧਨ ਕੁਬੇਰਾਂ ਵਾਲਾ ਜਾਲ ਵਿਛਾ ਚੁੱਕੇ ਹਨ। ਜਾਤ, ਧਰਮ ਦੇ ਨਾਂਅ ਉਤੇ ਲੋਕਾਂ ਨੂੰ ਵੰਡਕੇ, ਉਹਨਾਂ ਨੂੰ ਥੋੜੀਆਂ ਬਹੁਤੀਆਂ ਰਿਆਇਤਾਂ ਪਰੋਸਕੇ ਮੰਗਤੇ ਬਨਾਉਣ ਦੇ ਰਾਹ ਪਾ ਰਹੇ ਹਨ।

ਹੈਰਾਨ ਹੋਈਦਾ ਹੈ ਇਹ ਦ੍ਰਿਸ਼ ਵੇਖਕੇ ਕਿ ਜਦੋਂ ਪੰਜਾਬ ਵਰਗੇ ਖੁਸ਼ਹਾਲ ਕਹਿੰਦੇ ਸੂਬੇ 'ਚ ਜਦੋਂ ਇਕ ਰੁਪਏ ਕਿਲੋ (ਲਗਭਗ ਮੁਫ਼ਤ) ਅਨਾਜ ਦੀ ਵੰਡ ਹੁੰਦੀ ਹੈ ਤਾਂ ਲੰਮੀਆਂ ਕਤਾਰਾਂ ਵੇਖਣ ਨੂੰ ਮਿਲਦੀਆਂ ਹਨ। ਕੀ ਪੰਜਾਬ ਦੇ ਅਣਖੀਲੇ ਮਿਹਨਤੀ ਲੋਕ ਸਚਮੁੱਚ ਇੰਨੇ ਨਿਤਾਣੇ ਹੋ ਗਏ ਹਨ ਕਿ ਉਹਨਾਂ ਦੇ ਸਰੀਰਾਂ 'ਚ ਕੰਮ ਕਰਨ ਦੀ ਤਾਕਤ ਹੀ ਨਹੀਂ ਰਹੀ? ਆਖ਼ਰ ਲੋਕਾਂ ਨੂੰ ਨਿਤਾਣੇ, ਨਿਮਾਣੇ, ਨਿਆਸਰੇ ਬਨਾਉਣ ਦੀਆਂ ਤਰਕੀਬਾਂ ਕਿਹੜੀ ਸਾਜ਼ਿਸ਼ ਦਾ ਹਿੱਸਾ ਹਨ, ਇਹ ਸਪਸ਼ਟ ਵੇਖਣ ਨੂੰ ਮਿਲ ਰਿਹਾ ਹੈ। ਲੋਕਾਂ ਨੂੰ ਗਰੀਬ ਬਣਾ ਦਿਉ। ਮੁਫ਼ਤ ਚੀਜ਼ਾਂ ਦੀ ਆਦਤ ਪਾ ਦਿਓ ਤੇ ਵੋਟਾਂ ਹਥਿਆ ਲਵੋ।

ਦੇਸ਼ ਦੇ ਹਰ ਹਿੱਸੇ, ਹਰ ਸੂਬੇ 'ਚ ਜਿਵੇਂ ਵੋਟਾਂ ਦੀ ਖਰੀਦੋ-ਫਰੋਖ਼ਤ, ਹੁੰਦੀ ਹੈ, ਉਸ ਦੀ ਉਦਾਹਰਨ ਪੰਜਾਬ ਦੀਆਂ ਪੰਚਾਇਤੀ ਚੋਣਾਂ 'ਚ ਵੇਖਣ ਨੂੰ ਮਿਲੀ, ਜਿਥੇ ਹਕੂਮਤੀ ਧੱਕਾ-ਧੌਂਸ ਤਾਂ ਵੇਖਣ ਨੂੰ ਮਿਲੀ ਹੀ, ਜੋ ਪਹਿਲੀਆਂ ਸਰਕਾਰਾਂ ਵੀ ਕਰਦੀਆਂ ਰਹੀਆਂ, ਪਰ ਬਹੁਤੇ ਧਨਾਢ ਲੋਕ ਧੰਨ ਦੇ ਜ਼ੋਰ ਨਾਲ ਪੰਚਾਇਤਾਂ ਦੇ ਮੁੱਖੀ ਬਣ ਬੈਠੇ। ਕੀ ਇਹ ਵੋਟ ਖਰੀਦੋ ਵਰਤਾਰਾ, ਲੋਕਾਂ ਨੂੰ ਰਿਆਇਤਾਂ ਦੇ ਕੇ ਵੋਟਾਂ ਉਗਰਾਹੁਣ ਵਰਗਾ ਹੀ ਨਹੀਂ? ਕੀ ਇਹ ਵਰਤਾਰਾ ਭਾਰਤੀ ਲੋਕਤੰਤਰ ਉਤੇ ਸਿੱਧਾ ਹਮਲਾ ਨਹੀਂ ਹੈ?

ਹੁਣੇ ਜਿਹੀਆਂ ਹੋਈਆਂ ਹਰਿਆਣਾ ਵਿਧਾਨ ਸਭਾ ਚੋਣਾਂ 'ਚ ਕਿਸਾਨ ਧਿਰ ਨੂੰ ਇਕ ਪਾਸੇ ਧੱਕ ਕੇ ਦੂਜੀਆਂ ਧਿਰਾਂ ਦਾ ਧਰੁਵੀਕਰਨ ਕੀ ਜਾਤ, ਬਰਾਦਰੀ ਦੀ ਸਿਆਸਤ ਨਹੀਂ ? ਕੀ ਇਹ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਨਿਕਾਰਨ ਤੁਲ ਨਹੀਂ ਧਰਮ ਦੀ ਰਾਜਨੀਤੀ, ਜਾਤ ਬਰਾਦਰੀ ਦਾ ਬੋਲਬਾਲਾ ਭਾਰਤੀ ਸੰਵਿਧਾਨ ਦੀ ਰੂਹ ਦੇ ਉਲਟ ਹੈ। ਇਹ ਵਰਤਾਰਾ ਦਿਨੋਂ ਦਿਨ ਵੱਧ ਰਿਹਾ ਹੈ। ਇਸ ਸਬੰਧੀ ਚਿੰਤਤ ਹੁੰਦਿਆਂ ਭਾਰਤ ਦੀ ਸੁਪਰੀਮ ਕੋਰਟ ਨੇ ਸਰਕਾਰੀ ਖ਼ਜ਼ਾਨੇ 'ਚੋਂ ਮੁਫ਼ਤ ਰਿਊੜੀਆਂ ਵੰਡਣ ਦੀ ਸਿਆਸਤ ਉਤੇ ਦੁੱਖ ਪ੍ਰਗਟ ਕੀਤਾ ਅਤੇ ਭਾਰਤੀ ਚੋਣ ਕਮਿਸ਼ਨ ਨੂੰ ਕਿਹਾ ਕਿ ਇਸ ਵਰਤਾਰੇ ਨੂੰ ਰੋਕਣ ਲਈ ਜ਼ਰੂਰੀ ਕਦਮ ਚੁੱਕੇ।

ਗੱਲ ਚੋਣਾਂ ਦੌਰਾਨ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਦੀ ਹੋਵੇ ਜਾਂ ਫਿਰ ਵੱਧ ਤੋਂ ਵੱਧ ਸਮੇਂ ਤੱਕ ਸੱਤਾ 'ਚ ਬਣੇ ਰਹਿਣ ਦੀ, ਮੁਫ਼ਤ ਦਾ ਸਬਜ਼ਬਾਗ ਦਿਖਾਉਣਾ ਸਿਆਸੀ ਸਫ਼ਲਤਾ ਦਾ ਸ਼ਾਰਟਕੱਟ ਬਣ ਗਿਆ ਹੈ। ਇਹਨਾ ਮੁਫ਼ਤ ਰਿਆਇਤਾਂ ਨੂੰ ਜਿੱਤ ਦੀ ਗਰੰਟੀ ਮੰਨਿਆ ਜਾਣ ਲੱਗਾ ਹੈ। ਲੇਕਿਨ ਆਰਥਿਕ ਤੌਰ 'ਤੇ ਇਸ ਦੀ ਵੱਡੀ ਕੀਮਤ ਵੀ ਚੁਕਾਉਣੀ ਪੈਂਦੀ ਹੈ। ਮੁੱਦਾ ਮਹੱਤਵਪੂਰਨ ਹੈ, ਕਿਉਂਕਿ ਮੁਫ਼ਤ ਰਿਊੜੀਆਂ ਵੰਡਣ ਤੋਂ ਰੋਕਣ ਦੀਆਂ ਕੋਸ਼ਿਸ਼ਾਂ ਅਸਫ਼ਲ ਹੋ ਚੁੱਕੀਆਂ ਹਨ। ਸੁਪਰੀਮ ਕੋਰਟ ਦੇ ਦਖ਼ਲ ਦੇ ਬਾਵਜੂਦ ਵੀ ਇਸ 'ਤੇ ਕਾਬੂ ਨਹੀਂ ਪਾ ਜਾ ਸਕਿਆ। ਖ਼ੈਰ ਪਾਉਣ ਦੀ ਇਸ ਪ੍ਰਵਿਰਤੀ ਨੇ ਚੋਣ ਮੈਨੀਫੈਸਟੋ ਸਿਰਫ਼ ਕਾਗਜ਼ ਦਾ ਟੁੱਕੜਾ ਬਣਾਕੇ ਰੱਖ ਦਿੱਤੇ ਹਨ। ਸੱਤਾ 'ਚ ਆਉਣ ਤੋਂ ਬਾਅਦ ਸਿਆਸੀ ਦਲ ਸਭ ਵਾਇਦੇ ਭੁੱਲ ਜਾਂਦੇ ਹਨ।

ਮੁਫ਼ਤਖੋਰੀ ਦੀ ਰਾਜਨੀਤੀ ਦਾ ਆਰੰਭ ਭਾਵੇਂ ਦੱਖਣੀ ਰਾਜਾਂ ਤੋਂ ਹੋਇਆ, ਪਰ 2019 'ਚ ਆਮ ਚੋਣਾਂ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਕਿਸਾਨ ਸਨਮਾਨ ਨਿਧੀ ਯੋਜਨਾ ਦੇ ਰੂਪ 'ਚ ਹਰ ਸਾਲ 6000 ਰੁਪਏ ਦੇਣਾ ਸ਼ੁਰੂ ਕੀਤਾ ਅਤੇ ਕੋਵਿਡ ਦੇ ਦਿਨਾਂ 'ਚ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਵੰਡਿਆ ਜਾਣ ਲੱਗਾ, ਜੋ ਹੁਣ ਤੱਕ ਵੀ ਜਾਰੀ ਹੈ, ਇਸ ਨਾਲ ਹੋਰ ਸਿਆਸੀ ਦਲਾਂ ਉਤੇ ਦਬਾਅ ਵੱਧ ਗਿਆ ਕਿ ਉਹ ਚੋਣ ਜਿੱਤਣ ਲਈ ਕਿਉਂ ਨਾ ਸਰਕਾਰ ਵਾਂਗਰ ਵੱਡੀਆਂ-ਵੱਡੀਆਂ ਮੁਫ਼ਤ ਰਿਆਇਤਾਂ ਦਾ ਐਲਾਨ ਕਰਨ।

ਮੁਫ਼ਤ ਰਿਊੜੀਆਂ ਵੰਡਣ ਦੀ ਕੋਹੜ-ਪ੍ਰਵਿਰਤੀ ਨੂੰ ਰੋਕਣ ਲਈ ਸਿਆਸੀ ਪਾਰਟੀਆਂ ਦੇ ਘੋਸ਼ਣਾ ਪੱਤਰ ਨੂੰ ਕਾਨੂੰਨੀ ਦਸਤਾਵੇਜ਼ ਬਨਾਉਣ ਦੀ ਲੋੜ ਹੈ ਤਾਂ ਕਿ ਉਹ ਆਪਣੇ ਵਲੋਂ ਕੀਤੀਆਂ ਘੋਸ਼ਨਾਵਾਂ ਪ੍ਰਤੀ ਜਵਾਬਦੇਹ ਹੋਣ। ਸੁਪਰੀਮ ਕੋਰਟ ਨੇ 5 ਜੁਲਾਈ 2013 ਨੂੰ ਇੱਕ ਅਹਿਮ ਫ਼ੈਸਲੇ 'ਚ ਚੋਣ ਕਮਿਸ਼ਨ ਨੂੰ ਸਾਰੇ ਸਿਆਸੀ ਦਲਾਂ ਨਾਲ ਗੱਲਬਾਤ ਕਰਕੇ ਘੋਸ਼ਣਾ ਪੱਤਰ ਦੇ ਬਾਰੇ ਇੱਕ ਕਾਨੂੰਨੀ ਗਾਈਡਲਾਈਨਜ਼ ਤਿਆਰ ਕਰਨ ਨੂੰ ਕਿਹਾ ਸੀ। ਉਸਦੇ ਬਾਅਦ ਤਤਕਾਲੀਨ ਚੋਣ ਕਮਿਸ਼ਨ ਨੇ ਸਿਆਸੀ ਦਲਾਂ ਦੀ ਮੀਟਿੰਗ ਬੁਲਾਈ। ਇਸ ਮੀਟਿੰਗ 'ਚ 6 ਰਾਸ਼ਟਰ ਦਲ ਅਤੇ 24 ਖੇਤਰੀ ਪਾਰਟੀਆਂ ਦੇ ਨੇਤਾ ਸ਼ਾਮਲ ਹੋਏ। ਪਰ ਉਹਨਾ ਸਰਿਆਂ ਨੇ ਇੱਕ ਸੁਰ ਵਿੱਚ ਚੋਣ ਘੋਸ਼ਣਾ ਪੱਤਰ ਨੂੰ ਲੈ ਕੇ ਚੋਣ ਕਮਿਸ਼ਨ ਦੇ ਦਖ਼ਲ ਨੂੰ ਖ਼ਾਰਜ ਕਰ ਦਿੱਤਾ।

ਦੇਸ਼ 'ਚ ਜਿਸ ਢੰਗ ਨਾਲ ਚੋਣਾਂ ਤੋਂ ਪਹਿਲਾਂ ਮੁਫ਼ਤ ਚੀਜ਼ਾਂ ਮੁਹੱਈਆ ਕਰਨ ਦੇ ਐਲਾਨਾਂ ਦਾ ਦੌਰ ਚੱਲਿਆ ਹੋਇਆ ਹੈ ਅਤੇ ਸੱਤਾ ਪ੍ਰਾਪਤੀ ਬਾਅਦ ਮੁਫ਼ਤ ਰਿਊੜੀਆਂ ਵੰਡੀਆਂ ਜਾ ਰਹੀਆਂ ਹਨ, ਉਹ ਅਸਲ ਅਰਥਾਂ 'ਚ ਦੇਸ਼ ਦੀ ਚੋਣ ਪ੍ਰਕਿਰਿਆ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰ ਰਹੀਆਂ ਹਨ। ਇਹ ਸਿੱਧਿਆਂ ਲੋਕਤੰਤਰ ਉਤੇ ਵੱਡਾ ਹਮਲਾ ਸਾਬਤ ਹੋ ਰਹੀਆਂ ਹਨ, ਕਿਉਂਕਿ ਕਿਸੇ ਨਾ ਕਿਸੇ ਢੰਗ ਨਾਲ ਵੋਟਰ ਇਸ ਨਾਲ ਲਾਲਚ ਵੱਸ ਹੋਕੇ ਪ੍ਰਭਾਵਤ ਹੁੰਦਾ ਹੈ।

ਸਮੱਸਿਆ ਇਹ ਹੈ ਕਿ ਦੇਸ਼ 'ਚ ਮਹਿੰਗਾਈ, ਬੇਰੁਜ਼ਗਾਰੀ ਨੇ ਆਮ ਲੋਕਾਂ ਨੂੰ ਅਤਿ ਗਰੀਬੀ ਵੱਲ ਧੱਕ ਦਿੱਤਾ ਹੈ। ਉਸ ਦੀਆਂ ਲੋੜਾਂ ਪੂਰੀਆਂ ਨਹੀਂ ਹੋ ਰਹੀਆਂ। ਉਸਨੂੰ ਕਿਸੇ ਵੀ ਮੁਫ਼ਤ ਦੀ ਚੀਜ਼ ਦੀ ਪ੍ਰਾਪਤੀ ਲਈ ਬੇਬਸ ਤੇ ਮਜ਼ਬੂਰ ਕਰ ਦਿੱਤਾ ਗਿਆ ਹੈ।

ਇਹੋ ਜਿਹੀ ਸਥਿਤੀ ਅੱਜ ਦੇ ਦੇਸ਼ ਦੇ ਹਾਕਮਾਂ ਅਤੇ ਸਵਾਰਥੀ ਸਿਆਸਤਦਾਨਾਂ ਨੂੰ ਰਾਸ ਆਉਂਦੀ ਹੈ। ਉਹਨਾਂ ਅਸਿੱਧਿਆਂ ਤੌਰ 'ਤੇ ਵੋਟਾਂ ਖਰੀਦਣ ਦਾ ਢੰਗ ਮੁਫ਼ਤ ਰਿਊੜੀਆਂ ਵੰਡਣਾ ਤਹਿ ਕਰ ਲਿਆ ਹੈ। ਜਿਹੜਾ ਸਿੱਧਿਆਂ ਲੋਕਤੰਤਰੀ ਕਦਰਾਂ-ਕੀਮਤਾਂ ਉਤੇ ਇੱਕ ਵੱਡੀ ਸੱਟ ਅਤੇ ਲੋਕਤੰਤਰ 'ਤੇ ਧੱਬਾ ਹੈ।

# ਵਿਕਾਸ ਲਈ ਸਰਕਾਰਾਂ ਹਰ ਇਕ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰੇ

**ਲਿਖਤ : ਡਾਕਟਰ ਸ.ਸ ਛੀਨਾ**

ਇਸ ਹਿਸਾਬ ਨਾਲ ਜੇ ਹਰ ਵਿਅਕਤੀ ਦੀ ਆਮਦਨ ਹਰ ਸਾਲ 6 ਫ਼ੀਸਦੀ ਵਧੀ ਹੁੰਦੀ ਤਾਂ ਹੁਣ ਤੱਕ ਇਕ ਵੀ ਆਦਮੀ ਗਰੀਬੀ ਦੀ ਰੇਖਾ ਤੋਂ ਹੇਠਾ ਨਹੀਂ ਸੀ ਰਹਿਣਾ, ਸਗੋਂ ਉਸ ਦਾ ਰਹਿਣ-ਸਹਿਣ ਇਕ ਅਮੀਰ ਵਿਅਕਤੀ ਵਾਲਾ ਹੋਣਾ ਸੀ। ਵਿਕਾਸ ਦਰ ਨੂੰ ਦੇਸ਼ ਵਿਚ ਕੁੱਲ ਘਰੇਲੂ ਆਮਦਨ ਦੇ ਇਕ ਸਾਲ ਵਿਚ ਹੋਏ ਵਾਧੇ ਦੇ ਆਧਾਰ 'ਤੇ ਮਾਪਿਆ ਜਾਂਦਾ ਹੈ, ਜੇ ਇਹ ਵਾਧਾ 6 ਫ਼ੀਸਦੀ ਹੋਇਆ ਹੈ ਤਾਂ ਵਿਕਾਸ ਦਰ 6 ਫ਼ੀਸਦੀ ਹੈ ਪਰ ਜੇ ਇਹ ਵਧ ਕੇ 8 ਫ਼ੀਸਦੀ ਹੋਇਆ ਹੈ ਤਾਂ ਇਹ 8 ਫ਼ੀਸਦੀ ਹੈ। ਕੁਝ ਸਾਲਾਂ ਵਿਚ ਇਸ ਵਿਚ ਮਨਫ਼ੀ ਵਾਧਾ ਵੀ ਹੋਇਆ ਸੀ ਪਰ ਜ਼ਿਆਦਾਤਰ ਵਿਕਾਸ ਦਰ ਵਧਦੀ ਹੀ ਰਹੀ ਹੈ। ਵਿਕਾਸ ਦਰ ਨੂੰ ਮਾਪਣ ਦਾ ਦੂਸਰਾ ਢੰਗ ਹੈ ਪ੍ਰਤੀ ਵਿਅਕਤੀ ਆਮਦਨ ਵਿਚ ਵਾਧਾ। ਕਿਸੇ ਸਮੇਂ ਪ੍ਰਤੀ ਵਿਅਕਤੀ ਆਮਦਨ 250 ਰੁਪਏ ਤੋਂ ਵੀ ਘੱਟ ਹੁੰਦੀ ਸੀ ਪਰ ਅੱਜ ਇਹ ਡੇਢ ਲੱਖ ਰੁਪਏ ਦੇ ਬਰਾਬਰ ਹੈ। ਇੰਨੀ ਆਮਦਨ ਹੋਣ 'ਤੇ ਵੀ ਕੋਈ ਵਿਅਕਤੀ ਗ਼ਰੀਬ ਨਹੀਂ ਰਹਿ ਸਕਦਾ, ਸਗੋਂ ਇਸ ਆਮਦਨ ਨਾਲ ਉੱਚਾ ਰਹਿਣ-ਸਹਿਣ ਰੱਖ ਸਕਦਾ ਹੈ ਪਰ ਇਹ ਮਾਪ ਵੀ ਗ਼ਲਤ ਹੈ, ਕਿਉਂ ਜੋ ਕਈ ਵਿਅਕਤੀਆਂ ਦੀ ਤਾਂ ਸਾਲ ਵਿਚ ਹਜ਼ਾਰਾਂ ਕਰੋੜ ਆਮਦਨ ਵਧੀ ਹੈ ਪਰ ਕਈਆਂ ਦੀ ਸਥਿਰ ਰਹੀ ਹੈ ਅਤੇ ਕਈਆਂ ਦੀ ਘਟੀ ਵੀ ਹੈ। ਇਕ ਰਿਪੋਰਟ ਅਨੁਸਾਰ ਕਾਰਪੋਰੇਟ ਸੈਕਟਰ ਵਿਚ ਆਮਦਨ ਬਹੁਤ ਤੇਜ਼ੀ ਨਾਲ ਹੈਰਾਨੀਜਨਕ ਵਧੀ ਹੈ। ਦੇਸ਼ ਦੇ 100 ਅਮੀਰ ਆਦਮੀਆਂ ਦੀ ਕੁੱਲ ਆਮਦਨ 2014 ਵਿਚ 29.3 ਲੱਖ ਕਰੋੜ ਸੀ, ਜਦੋਂ ਕਿ 2024 ਵਿਚ 10 ਸਾਲਾਂ ਬਾਅਦ ਉਹ ਵਧ ਕੇ 93.64 ਕਰੋੜ ਜਾਂ ਤਿੰਨ ਗੁਣਾ ਦੇ ਬਰਾਬਰ ਵਧ ਗਈ ਹੈ। ਦੂਸਰੀ ਤਰਫ਼ ਐਕਸਫਾਮ ਦੀ ਰਿਪੋਰਟ ਅਨੁਸਾਰ 2014 ਵਿਚ ਦੇਸ਼ ਦੇ ਸਭ ਤੋਂ ਹੇਠਲੇ 50 ਫ਼ੀਸਦੀ ਲੋਕਾਂ ਕੋਲ ਦੇਸ਼ ਦੇ ਕੁੱਲ ਧਨ ਦਾ 16 ਫ਼ੀਸਦੀ ਹਿੱਸਾ ਸੀ, ਜਿਹੜਾ 2024 ਤੱਕ 10 ਸਾਲਾਂ ਵਿਚ ਘਟ ਕੇ 15 ਫ਼ੀਸਦੀ ਰਹਿ ਗਿਆ। ਪਰ 2014 ਵਿਚ ਸਭ ਤੋਂ ਉਪਰਲੇ ਵਰਗ ਦੇ 10 ਫ਼ੀਸਦੀ ਲੋਕਾਂ ਕੋਲ ਕੁੱਲ ਧਨ ਦਾ 56 ਫ਼ੀਸਦੀ ਹਿੱਸਾ ਸੀ, ਜਿਹੜਾ 2024 ਤਕ ਦਸ ਸਾਲਾਂ ਵਿਚ ਉੱਪਰਲੇ ਸਿਰਫ਼ 1 ਫ਼ੀਸਦੀ ਅਮੀਰਾਂ ਕੋਲ 40.1 ਫ਼ੀਸਦੀ ਹਿੱਸਾ ਹੋ ਗਿਆ, ਜਿਨ੍ਹਾਂ ਵਿਚ ਇਕੱਲੇ ਮੁਕੇਸ਼ ਅੰਬਾਨੀ ਕੋਲ ਇਹ ਹਿੱਸਾ ਵਧ ਕੇ 10.03 ਲੱਖ ਕਰੋੜ ਅਤੇ ਗੌਤਮ ਅਡਾਨੀ ਕੋਲ ਇਹ 3.37 ਲੱਖ ਕਰੋੜ ਹੋ ਗਿਆ। ਇਸ ਤਰ੍ਹਾਂ ਹੀ ਦੇਸ਼ ਦੇ ਉੱਪਰਲੇ 10 ਅਮੀਰ ਲੋਕਾਂ ਕੋਲ ਧਨ ਡੇਢ ਲੱਖ ਕਰੋੜ ਤੋਂ ਵਧ ਹੋ ਗਿਆ। ਇਹ ਵੱਡਾ ਵਾਧਾ ਪਿਛਲੇ ਕੁਝ ਸਾਲਾਂ ਵਿਚ ਹੀ ਹੋਇਆ ਹੈ। ਇੰਨੇ ਵੱਡੇ ਧਨ ਦੇ ਫਰਕ ਨਾਲ ਪ੍ਰਤੀ ਵਿਅਕਤੀ ਆਮਦਨ ਦੇ ਪੱਖ ਤੋਂ ਕਿਸ ਤਰ੍ਹਾਂ ਸਹੀ ਤਸਵੀਰ ਸਾਹਮਣੇ ਆ ਸਕਦੀ ਹੈ। ਫਿਰ ਜੇ ਵਿਕਾਸ ਜਾਂ ਆਮਦਨ




6 ਫ਼ੀਸਦੀ ਵਧੀ ਹੈ ਤਾਂ ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਵੀ 6 ਫ਼ੀਸਦੀ ਦੇ ਕਰੀਬ ਵਧਦੀਆਂ ਰਹੀਆਂ ਹਨ। ਉਸ ਨਾਲ ਖ਼ਰੀਦ ਸ਼ਕਤੀ ਜਾਂ ਬਰਾਬਰ ਰਹੀ ਹੈ ਜਾਂ ਘਟੀ ਹੈ।

ਆਮਦਨ ਦੇ ਵਾਧੇ ਦਾ ਖੇਤਰ ਵਾਰ ਵੀ ਫਰਕ ਹੈ। ਜਿੱਥੇ ਉਦਯੋਗਿਕ ਅਤੇ ਸੇਵਾਵਾਂ ਦੇ ਖੇਤਰ ਵਿਚ ਵੱਡਾ ਵਾਧਾ ਹੋਇਆ ਹੈ, ਉਥੇ ਖੇਤੀ ਜੋ ਸਭ ਤੋਂ ਵੱਡਾ ਖੇਤਰ ਹੈ ਅਤੇ ਜਿਸ ਵਿਚ ਅਜੇ ਵੀ 56 ਫ਼ੀਸਦੀ ਵਸੋਂ ਲੱਗੀ ਹੋਈ ਹੈ, ਉਸ ਖੇਤਰ ਦੀ ਕੁੱਲ ਘਰੇਲੂ ਆਮਦਨ ਘੱਟ ਕੇ ਸਿਰਫ਼ 14 ਫ਼ੀਸਦੀ ਰਹਿ ਗਈ ਹੈ ਅਤੇ ਕਈ ਸਾਲਾਂ ਤੋਂ ਇਸ ਵਿਚ ਵਾਧਾ ਨਹੀਂ ਹੋਇਆ, ਜਦੋਂ ਕਿ ਉਦਯੋਗਿਕ ਅਤੇ ਸੇਵਾਵਾਂ ਦੇ ਖੇਤਰਾਂ ਵਿਚ ਆਮਦਨ ਵਿਚ ਵੱਡਾ ਵਾਧਾ ਹੈ। ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿਚ ਵਿਕਾਸ ਦਾ ਵਿਖਰੇਵਾਂ ਹੈ। ਪੇਂਡੂ ਖੇਤਰਾਂ ਵਿਚ ਪੇਸ਼ੇਵਰ ਵਿਭਿੰਨਤਾ ਨਹੀਂ ਆਈ, ਅਜੇ ਵੀ ਸਭ ਤੋਂ ਮੁੱਖ ਪੇਸ਼ਾ ਖੇਤੀਬਾੜੀ ਹੈ ਅਤੇ ਪਿੰਡਾਂ ਵਿਚ 80 ਫ਼ੀਸਦੀ ਆਬਾਦੀ ਖੇਤੀ 'ਤੇ ਨਿਰਭਰ ਕਰਦੀ ਹੈ।

ਦੇਸ਼ ਦੀ 22 ਫ਼ੀਸਦੀ ਆਬਾਦੀ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਹੈ, ਭਾਵੇਂ ਕਿ ਗਰੀਬੀ ਦੀ ਰੇਖਾ ਦੀ ਪ੍ਰੀਭਾਸ਼ਾ ਵੀ ਦੋਸ਼ ਪੂਰਨ ਹੈ, ਜਿਸ ਵਿਚ ਜਿਹੜਾ ਵਿਅਕਤੀ ਸ਼ਹਿਰ ਵਿਚ ਪ੍ਰਤੀ ਦਿਨ 32 ਰੁਪਏ ਅਤੇ ਪਿੰਡਾਂ ਵਿਚ 27 ਰੁਪਏ ਖ਼ਰਚ ਕਰਦਾ ਹੈ, ਉਹ ਗ਼ਰੀਬੀ ਦੀ ਰੇਖਾ ਤੋਂ ਉੱਪਰ ਹੈ, ਜਦੋਂ ਕਿ ਡੇਢ ਲੱਖ ਪ੍ਰਤੀ ਵਿਅਕਤੀ ਆਮਦਨ ਵਾਲਾ ਵਿਅਕਤੀ ਕਿਸ ਤਰ੍ਹਾਂ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਸਕਦਾ ਹੈ, ਇਹ ਅੰਕੜੇ ਆਮਦਨ ਪੱਖੋਂ ਵੱਡੀ ਆਮਦਨ ਨਾ ਬਰਾਬਰੀ ਦੀ ਤਸਵੀਰ ਸਾਹਮਣੇ ਲਿਆਉਂਦੇ ਹਨ।

66 ਫ਼ੀਸਦੀ ਉਹ ਲੋਕ ਜਿਨ੍ਹਾਂ ਨੂੰ ਕੇਂਦਰ ਸਰਕਾਰ ਵਲੋਂ ਮੁਫ਼ਤ ਰਾਸ਼ਨ ਦਿੱਤਾ ਜਾਂਦਾ ਹੈ, ਉਨ੍ਹਾਂ ਵਿਚੋਂ 50 ਫ਼ੀਸਦੀ ਪਿੰਡਾਂ ਦੇ, ਜਦੋਂ ਕਿ 75 ਫ਼ੀਸਦੀ ਸ਼ਹਿਰੀ ਲੋਕ ਹਨ, ਇਸ ਦਾ ਅਰਥ ਹੈ ਕਿ ਇਹ 66 ਫ਼ੀਸਦੀ ਲੋਕ ਆਪਣੇ ਘਰ ਲਈ ਅਨਾਜ ਦੀਆਂ ਲੋੜਾਂ ਵੀ ਪੂਰੀਆਂ ਨਹੀਂ ਕਰ ਸਕਦੇ। ਪਿੱਛੇ ਜਿਹੇ ਇਕ ਰਿਪੋਰਟ ਆਈ ਸੀ ਕਿ ਉਚੇਰੀ ਸਿੱਖਿਆ ਦੀਆਂ ਸੰਸਥਾਵਾਂ ਜਿਵੇਂ ਯੂਨੀਵਰਸਿਟੀਆਂ ਅਤੇ ਪ੍ਰੋਫ਼ੈਸ਼ਨਲ ਕਾਲਜਾਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਸਿਰਫ਼ 4 ਫ਼ੀਸਦੀ ਹੈ, ਜਦੋਂ ਕਿ ਪਿੰਡਾਂ ਵਿਚ ਰਹਿਣ ਵਾਲੀ ਵਸੋਂ 72 ਫ਼ੀਸਦੀ ਹੈ। ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ 22 ਫ਼ੀਸਦੀ ਲੋਕਾਂ ਵਿਚੋਂ ਜ਼ਿਆਦਾ ਰ ਪਿੰਡਾਂ ਵਿਚ ਰਹਿੰਦੇ ਹਨ।

ਭਾਵੇਂ ਕਿ 8ਵੀਂ ਜਮਾਤ ਤੱਕ ਵਿੱਦਿਆ ਮੁਫ਼ਤ ਵੀ ਹੈ ਫਿਰ ਵੀ ਦੇਸ਼ ਦੇ 100 ਵਿਚੋਂ 74 ਬੱਚੇ 8ਵੀਂ ਜਮਾਤ ਤੋਂ ਪਹਿਲਾਂ ਹੀ ਵਿੱਦਿਆ ਛੱਡ ਜਾਂਦੇ ਹਨ ਅਤੇ ਇਹ ਅਨੁਪਾਤ ਪਿਛਲੇ 10 ਸਾਲਾਂ ਵਿਚ ਇਕੋ ਜਿਹਾ ਹੀ ਹੈ, ਜਦੋਂ ਕਿ ਦੇਸ਼ ਵਿਚ 22 ਫ਼ੀਸਦੀ ਲੋਕਾਂ ਦੇ ਗਰੀਬ ਹੋਣ ਦੇ ਬਾਵਜੂਦ ਸਰਕਾਰੀ ਮੈਡੀਕਲ ਏਡ ਹਰ ਇਕ ਨੂੰ ਨਹੀਂ ਮਿਲਦੀ, ਜਿਹੜੀ ਕਿ ਮੁਫ਼ਤ ਹੋਣੀ ਚਾਹੀਦੀ ਹੈ ਪਰ 45 ਫ਼ੀਸਦੀ ਲੋਕ ਨਿੱਜੀ ਹਸਪਤਾਲਾਂ ਅਤੇ ਡਾਕਟਰਾਂ ਕੋਲੋਂ ਇਲਾਜ ਕਰਾਉਣ ਲਈ ਮਜਬੂਰ ਹਨ। ਇਲਾਜ ਲਈ ਨਿਰੀਖਣ ਲੈਬਾਰਟਰੀਆਂ ਸਿਰਫ਼ ਵੱਡੇ-ਵੱਡੇ ਸ਼ਹਿਰਾਂ ਵਿਚ ਹੀ ਹਨ ਅਤੇ ਉਨ੍ਹਾਂ ਸ਼ਹਿਰਾਂ ਦੇ ਸਰਕਾਰੀ ਹਸਪਤਾਲਾਂ ਵਿਚ ਵੀ ਡਾਕਟਰਾਂ ਵਲੋਂ ਮਰੀਜ਼ਾਂ ਨੂੰ ਨਿੱਜੀ ਨਿਰੀਖਣ ਲੈਬਾਰਟਰੀਆਂ ਤੋਂ ਨਿਰੀਖਣ ਕਰਾਉਣ ਲਈ ਕਿਹਾ ਜਾਂਦਾ ਹੈ, ਜਦੋਂ ਕਿ ਸਰਕਾਰੀ ਹਸਪਤਾਲਾਂ ਵਿਚ ਨਿਰੀਖਣ ਲੈਬਾਰਟਰੀਆਂ ਹਨ। ਸਿਹਤ ਸੇਵਾਵਾਂ ਹਰ ਵਿਅਕਤੀ ਦੀ ਪਹੁੰਚ ਵਿਚ ਹੋਣੀਆਂ ਚਾਹੀਦੀਆਂ ਹਨ। ਇਨ੍ਹਾ ਦੀ ਅਣਹੋਂਦ ਕਿਸ ਤਰ੍ਹਾਂ ਇਹ ਸਾਬਤ ਕਰ ਸਕਦੀ ਹੈ ਕਿ ਦੇਸ਼ ਦੇ ਵਿਕਾਸ ਦਾ ਹਰ ਇਕ ਨੂੰ ਪੂਰਾ ਲਾਭ ਹੋ ਰਿਹਾ ਹੈ। 1947 ਵਿਚ ਦੇਸ਼ ਦੇ 1 ਕਰੋੜ ਬੱਚੇ ਬਾਲ ਕਿਰਤ ਕਰਦੇ ਸਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਭਾਵੇਂ ਰਹਿੰਦੇ ਤਾਂ ਪਿੰਡਾਂ ਵਿਚ ਸਨ ਪਰ ਕੰਮ ਕਰਨ ਲਈ ਸ਼ਹਿਰਾਂ ਵਿਚ ਜਾਂਦੇ ਸਨ ਪਰ ਹੁਣ ਉਨ੍ਹਾਂ ਬਾਲ ਕਿਰਤੀਆਂ ਦੀ ਗਿਣਤੀ 3 ਕਰੋੜ ਤੋਂ ਵੀ ਵਧ ਗਈ ਹੈ ਪਰ ਕਈ ਗ਼ੈਰ ਸਰਕਾਰੀ ਰਿਪੋਰਟਾਂ ਇਸ ਨੂੰ ਸਾਢੇ ਚਾਰ ਕਰੋੜ ਦੇ ਕਰੀਬ ਦੱਸਦੀਆਂ ਹਨ ਅਤੇ ਉਹ ਬੱਚੇ ਆਪਣੇ ਮਾਂ-ਬਾਪ ਦੀ ਗਰੀਬੀ ਅਤੇ ਕਰਜ਼ੇ ਕਰਕੇ ਕਿਰਤ ਕਰਨ ਲਈ ਬਚਪਨ ਤੋਂ ਹੀ ਮਜਬੂਰ ਹਨ ਅਤੇ ਉਨ੍ਹਾਂ ਪਰਿਵਾਰਾਂ ਵਿਚ ਇਹ ਕਿਰਤ ਪੀੜ੍ਹੀ ਦਰ ਪੀੜ੍ਹੀ ਚੱਲ ਰਹੀ ਹੈ।

ਪਿਛਲੇ 40 ਸਾਲਾਂ ਵਿਚ ਬੇਰੁਜ਼ਗਾਰੀ ਦੀ ਦਰ ਸਭ ਤੋਂ ਉੱਚੀ ਰਹੀ ਹੈ ਪਰ ਇਸ ਦੇ ਨਾਲ ਹੀ ਅਰਧ ਬੇਰੁਜ਼ਗਾਰੀ, ਬੇਰੁਜ਼ਗਾਰੀ ਤੋਂ ਵੀ ਕਿਤੇ ਜ਼ਿਆਦਾ ਹੈ। ਕਿਰਤ ਦੇ ਵਿਹਲੀ ਰਹਿਣ ਕਰਕੇ, ਜਿੱਥੇ ਵਸਤੂਆਂ ਅਤੇ ਸੇਵਾਵਾਂ ਦਾ ਉਤਪਾਦਨ ਨਹੀਂ ਹੁੰਦਾ, ਉਥੇ ਦੇਸ਼ ਵਿਚ ਖ਼ੁਸ਼ਹਾਲੀ ਨਹੀਂ ਆ ਸਕਦੀ। ਭੁੱਖਮਰੀ ਸੰਬੰਧੀ ਸੂਚਕ ਅੰਕ ਵਿਚ ਭਾਰਤ 127 ਦੇਸ਼ਾਂ ਵਿਚੋਂ 105ਵੇਂ ਨੰਬਰ 'ਤੇ ਹੈ, ਜਦੋਂ ਕਿ 10 ਸਾਲ ਪਹਿਲਾਂ ਭਾਰਤ ਦਾ ਨੰਬਰ 55ਵਾਂ ਸੀ। ਇੱਥੋਂ ਤੱਕ ਕਿ ਬੰਗਲਾ ਦੇਸ਼, ਸ੍ਰੀਲੰਕਾ ਅਤੇ ਨੇਪਾਲ ਜੋ ਭਾਰਤ ਤੋਂ ਕਿਤੇ ਪਿੱਛੇ ਹੁੰਦੇ ਸਨ, ਹੁਣ ਭਾਰਤ ਤੋਂ ਕਿਤੇ ਅੱਗੇ ਨਿਕਲ ਗਏ ਹਨ।

ਭਾਰਤ ਵਿਚ ਜਵਾਨ ਬੱਚੇ ਸ਼ੌਕ ਨਾਲ ਵਿਦੇਸ਼ਾਂ ਵਿਚ ਕਿਰਤ ਕਰਨ ਨਹੀਂ ਜਾਂਦੇ, ਸਗੋਂ ਮਜਬੂਰੀਵਸ ਆਪਣੀ ਜ਼ਮੀਨ ਅਤੇ ਘਰ ਵੇਚ ਕੇ ਉਦਾਸ ਹੋ ਕੇ ਜਾ ਰਹੇ ਹਨ। ਜੇ ਦੇਸ਼ ਵਿਚ ਪੂਰਨ ਵਿਕਾਸ ਹੋ ਰਿਹਾ ਹੁੰਦਾ ਅਤੇ ਹਰ ਖੇਤਰ ਵਿਚ ਬਰਾਬਰ ਵਿਕਾਸ ਹੋ ਰਿਹਾ ਹੁੰਦਾ ਤਾਂ ਉਹ ਬੱਚੇ ਨੌਕਰੀ ਮਿਲਣ ਦੀ ਹਾਲਤ ਵਿਚ ਕਦੀ ਵੀ ਬਾਹਰ ਨਾ ਜਾਂਦੇ। ਭਾਰਤ ਦੇ ਵਿਕਾਸ ਨੂੰ ਹਰ ਇਕ ਲਈ ਬਰਾਬਰ ਕਰਨ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨੇ ਚਾਹੀਦੇ ਹਨ, ਜਿਨ੍ਹਾਂ ਨਾਲ ਹਰ ਇਕ ਨੂੰ ਬਰਾਬਰ ਅੱਗੇ ਵਧਣ ਦੇ ਅਵਸਰ ਮਿਲ ਸਕਣ। ਵਿਦਿਆਰਥੀ ਸਿਰਫ਼ 8ਵੀਂ ਤੱਕ ਨਹੀਂ, ਸਗੋਂ 12ਵੀਂ ਤੱਕ ਮੁਫ਼ਤ ਅਤੇ ਲਾਜ਼ਮੀ ਹੋਣੀ ਚਾਹੀਦੀ ਹੈ। ਇਲਾਜ ਦਾ ਬੀਮਾ ਜਾਂ ਮੁਫ਼ਤ ਇਲਾਜ ਹਰ ਇਕ ਲਈ ਘਰ ਦੇ ਨਜ਼ਦੀਕ ਸੰਭਵ ਹੋਣਾ ਚਾਹੀਦਾ ਹੈ। ਦੇਸ਼ ਵਿਚ ਪੇਂਡੂ ਉਦਯੋਗੀਕਰਨ ਨੂੰ ਉਸ ਤਰ੍ਹਾਂ ਹੀ ਪਹਿਲ ਦੇਣੀ ਚਾਹੀਦੀ ਹੈ, ਜਿਸ ਤਰ੍ਹਾਂ ਖੇਤੀ ਨੂੰ ਪੰਜ ਸਾਲਾ ਯੋਜਨਾਵਾਂ ਵਿਚ ਪਹਿਲ ਦਿੱਤੀ ਜਾਂਦੀ ਸੀ, ਜਿਸ ਦੇ ਸਿੱਟੇ ਵਜੋਂ ਹਰਾ ਇਨਕਲਾਬ ਹੋਇਆ, ਜਿਸ ਨੇ ਖੇਤੀ ਨੂੰ ਵਿਕਸਿਤ ਕਰਕੇ ਭਾਰਤ ਨੂੰ ਅਨਾਜ ਬਰਾਮਦ ਕਰਨ ਵਾਲੇ ਦੇਸ਼ ਤੋਂ ਬਦਲ ਕੇ ਅਨਾਜ ਦਰਾਮਦ ਕਰਨ ਵਾਲਾ ਦੇਸ਼ ਬਣਾ ਦਿੱਤਾ।

# ਫ਼ਜ਼ੂਲਖ਼ਰਚੀ ਰੋਕਣ ਲਈ ਪਹਿਲ ਕਰਨ ਦੀ ਜ਼ਰੂਰਤ

**ਲਿਖਤ : ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ,**
**ਸੰਪਰਕ : 75891-55501**

ਅੱਜ-ਕੱਲ੍ਹ ਮਹਿੰਗਾਈ ਬੁਲੰਦੀਆਂ ’ਤੇ ਹੈ। ਬਹੁਤਿਆਂ ਲੋਕਾਂ ਨੂੰ ਤਾਂ ਆਪਣੇ ਖਾਣ-ਪੀਣ ਦੇ ਲਾਲੇ ਪਏ ਹੋਏ ਹਨ। ਅਨੇਕਾਂ ਗ਼ਰੀਬ ਲੋਕ ਅੱਜ ਵੀ ਖੁੱਲ੍ਹੇ ਅਸਮਾਨ ਥੱਲੇ ਸੌਣ ਲਈ ਮਜਬੂਰ ਹਨ। ਉਨ੍ਹਾਂ ਨੂੰ ਲੋੜ ਅਨੁਸਾਰ ਦਿਹਾੜੀ ਵੀ ਨਹੀਂ ਮਿਲਦੀ। ਤਕਰੀਬਨ ਹਰ ਆਦਮੀ ਰੋਗੀ ਹੋ ਚੁੱਕਾ ਹੈ। ਭਾਵੇਂ ਉਹ ਖ਼ਰਾਬ ਵਾਤਾਵਰਨ ਦੀ ਵਜ੍ਹਾ ਕਰ ਕੇ ਬਿਮਾਰ ਹੋਇਆ ਹੋਵੇ ਤੇ ਭਾਵੇਂ ਖ਼ਰਾਬ ਪਾਣੀ ਪੀਣ ਕਾਰਨ। ਇਹ ਹਕੀਕਤ ਹੈ ਕਿ ਜਿਹੜਾ ਆਦਮੀ ਇਕ ਵਾਰ ਬਿਮਾਰ ਹੋ ਕੇ ਹਸਪਤਾਲ ਵਿਚ ਪਹੁੰਚ ਗਿਆ ਉਹ ਸਰੀਰਕ ਤੌਰ ’ਤੇ ਬੇਸ਼ੱਕ ਤੰਦਰੁਸਤ ਹੋ ਜਾਵੇ ਪਰ ਆਰਥਿਕ ਪੱਖੋਂ ਜ਼ਰੂਰ ਕਮਜ਼ੋਰ ਹੋ ਜਾਂਦਾ ਹੈ। ਹਸਪਤਾਲਾਂ ਦੇ ਖ਼ਰਚੇ ਇੰਨੇ ਕੁ ਵਧ ਚੁੱਕੇ ਹਨ ਕਿ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਗਏ ਹਨ। ਇਹ ਸਾਰਾ ਕੁਝ ਪਤਾ ਹੁੰਦਿਆਂ ਹੋਇਆਂ ਵੀ ਲੋਕ ਪਤਾ ਨਹੀਂ ਕਿਹੜਾ ਨੱਕ ਰੱਖਣ ਦੀ ਗੱਲ ਕਰ ਰਹੇ ਹਨ। ਵਿਆਹ ਪਹਿਲਾਂ ਵੀ ਹੁੰਦੇ ਸਨ। ਬਰਾਤਾਂ ਅੱਜ ਤੋਂ ਚਾਲੀ-ਪੰਜਾਹ ਸਾਲ ਪਹਿਲਾਂ ਕਈ-ਕਈ ਰਾਤਾਂ ਠਹਿਰਦੀਆਂ ਹੁੰਦੀਆਂ ਸਨ। ਪਿੰਡ ਵਾਲੇ ਇਕੱਠੇ ਹੋ ਕੇ ਬਰਾਤਾਂ ਨੂੰ ਧਰਮਸ਼ਾਲਾ ਜਾਂ ਜੰਞਘਰਾਂ ਵਿਚ ਰੁਕਵਾਉਂਦੇ ਹੁੰਦੇ ਸਨ। ਪਿੰਡ ਦਿਆਂ ਮੁੰਡਿਆਂ ਨੇ ਰਲ ਕੇ ਬਰਾਤ ਦੀ ਖ਼ੂਬ ਸੇਵਾ ਕਰਨੀ। ਸਾਦੇ ਖਾਣੇ ਖੁਆ ਕੇ ਵੀ



ਬਰਾਤੀਆਂ ਨੂੰ ਖ਼ੁਸ਼ ਕਰ ਕੇ ਭੇਜਣਾ। ਬਰਾਤ ਦੀ ਸੇਵਾ ਕਰਨੀ ਲੋਕ ਆਪਣੇ ਪਿੰਡ ਦੀ ਇੱਜ਼ਤ ਸਮਝਦੇ ਸਨ। ਦੂਜੇ ਪਾਸੇ ਅੱਜ-ਕੱਲ੍ਹ ਦੇ ਵਿਆਹ ਦੇਖ ਲਓ। ਉਨ੍ਹਾਂ ਅਤੇ ਇਨ੍ਹਾਂ ਵਿਆਹਾਂ ’ਚ ਜ਼ਮੀਨ-ਅਸਮਾਨ ਦਾ ਫ਼ਰਕ ਪੈ ਚੁੱਕਾ ਹੈ। ਅਸੀਂ ਸਾਰੇ ਅੱਡੀਆਂ ਚੁੱਕ ਕੇ ਫਾਹਾ ਲੈਣ ਵਿਚ ਕੋਈ ਕਸਰ ਨਹੀਂ ਛੱਡ ਰਹੇ। ਕਰਜ਼ਾ ਚੁੱਕ ਕੇ ਮੈਰਿਜ ਪੈਲੇਸਾਂ ਵਿਚ ਵਿਆਹ ਕਰਨਾ ਆਪਣੀ ਟੌਹਰ ਸਮਝਣ ਲੱਗ ਪਏ ਹਾਂ। ਜਿਹੜਾ ਮੈਰਿਜ ਪੈਲੇਸ ਸਵੇਰੇ ਫੁੱਲਾਂ ਨਾਲ ਸਜਾਇਆ ਹੁੰਦਾ ਹੈ ਉਹ ਕੁਝ ਘੰਟਿਆਂ ਬਾਅਦ ਹੀ ਸ਼ਾਮ ਨੂੰ ਸੁੰਨ-ਮਸਾਨ ਹੋ ਜਾਂਦਾ ਹੈ। ਉੱਥੇ ਪਾਣੀ ਵਾਂਗ ਵਹਾਏ ਪੈਸੇ ਕਾਰਨ ਕਰਜ਼ੇ ਦੀ ਪੰਡ ਇੰਨੀ ਭਾਰੀ ਹੋ ਜਾਂਦੀ ਹੈ ਜੋ ਇਨਸਾਨ ਦੇ ਜਿਊਂਦੇ ਜੀਅ ਸਿਰ ਤੋਂ ਨਹੀਂ ਉਤਰਦੀ। ਕਈਆਂ ਲੋਕਾਂ ਦੇ ਮੂੰਹ ਵਿੱਚੋਂ ਇਹ ਸੁਣਨ ਨੂੰ ਮਿਲ ਜਾਂਦਾ ਹੈ ਕਿ ਵਿਆਹ ਕਿਹੜਾ ਰੋਜ਼-ਰੋਜ਼ ਕਰਨੇ ਹੁੰਦੇ ਨੇ। ਹੁਣ ਤਾਂ ਉਹ ਵੀ ਗੱਲ ਨਹੀਂ ਰਹੀ। ਕਈ ਵਿਆਹ ਤਾਂ ਦਿਨਾਂ ਵਿਚ ਹੀ ਤਲਾਕਾਂ ਤਕ ਪਹੁੰਚ ਜਾਂਦੇ ਹਨ। ਚਲੋ ਵਿਆਹ ਤਾਂ ਖ਼ੁਸ਼ੀ ਦਾ ਪ੍ਰਤੀਕ ਹੈ। ਪਰ ਮਰਨਾ ਕਿਹੜੀ ਖ਼ੁਸ਼ੀ ਹੋਈ। ਹੁਣ ਲੋਕ ਮਰਗਾਂ ਵਾਲੇ ਸਮਾਗਮਾਂ ’ਤੇ ਵੀ ਵੱਡੇ-ਵੱਡੇ ਟੈਂਟ ਲਾਉਂਦੇ ਹਨ ਅਤੇ ਛੱਤੀ ਪ੍ਰਕਾਰ ਦੇ ਭੋਜਨ ਪਰੋਸਣ ਲੱਗ ਪਏ ਹਨ। ਇਸ ਗੱਲ ਦੀ ਸਮਝ ਨਹੀਂ ਆ ਰਹੀ ਕਿ ਮਰਨ ਵਾਲੇ ਪ੍ਰਾਣੀ ਨੂੰ ਖ਼ੁਸ਼ ਕੀਤਾ ਜਾਂਦਾ ਹੈ ਜਾਂ ਫਿਰ ਲੋਕਾਂ ਵਿਚ ਆਪਣਾ ਵਡੱਪਣ ਵਿਖਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅਮੀਰ ਲੋਕਾਂ ਦੀ ਰੀਸ ਕਰਦੇ ਗ਼ਰੀਬ ਵੀ ਰਗੜੇ ਜਾ ਰਹੇ ਹਨ। ਰਿਵਾਜਾਂ ਦੇ ਨਾਂ ’ਤੇ ਰਚੇ ਜਾ ਰਹੇ ਅਡੰਬਰਾਂ ’ਤੇ ਰੋਕ ਲੱਗਣੀ ਚਾਹੀਦੀ ਹੈ। ਸਮਾਜ ਸੇਵੀ ਸੰਸਥਾਵਾਂ ਨੂੰ ਫ਼ਜ਼ੂਲਖ਼ਰਚੀ ਰੋਕਣ ਵਾਸਤੇ ਅੱਗੇ ਆਉਣ ਦੀ ਜ਼ਰੂਰਤ ਹੈ।

# ਕੁਦਰਤੀ ਖੇਤੀ ਨੂੰ ਅਪਣਾ ਕੇ ਇਨਕਲਾਬੀ ਪਰਿਵਰਤਨ 'ਤੇ ਧਿਆਨ ਕੇਂਦਰਿਤ ਕਰਨ ਦੀ ਜ਼ਰੂਰਤ

ਲਿਖਤ : ਹਰਪਿੰਦਰ ਸਿੰਘ ਸੰਧੂ
ਮੋਬਾਈਲ : +61 415 426 577

145 ਕਰੋੜ ਦੀ ਆਬਾਦੀ ਵਾਲਾ ਭਾਰਤ ਆਪਣੀਆਂ ਖੁਰਾਕ ਅਤੇ ਪੋਸ਼ਣ ਸੰਬੰਧੀ ਜ਼ਰੂਰਤਾਂ ਪੂਰੀਆਂ ਕਰਨ ਦੇ ਮਾਮਲੇ ਵਿਚ ਆਤਮ-ਨਿਰਭਰ ਹੈ। ਪਿਛਲੇ 70 ਸਾਲਾਂ ਵਿਚ ਇਸ ਖੇਤੀਬਾੜੀ ਅਧੀਨ ਖੇਤਰ ਦਾ ਵਿਸਥਾਰ ਕਰਕੇ ਅਤੇ ਹਰੀ ਕ੍ਰਾਂਤੀ ਦੇ ਅਭਿਆਸਾਂ ਨੂੰ ਤੇਜ਼ ਕਰਕੇ ਪ੍ਰਾਪਤ ਕੀਤਾ ਗਿਆ ਹੈ। ਭੋਜਨ ਦੀ ਮੰਗ ਵਿਚ 2-3 ਫ਼ੀਸਦੀ ਦੇ ਸਾਲਾਨਾ ਵਾਧੇ ਨਾਲ ਭਾਰਤ ਨੂੰ 2050 ਤੱਕ 50 ਫ਼ੀਸਦੀ ਹੋਰ ਅਨਾਜ ਪੈਦਾ ਕਰਨਾ ਪਵੇਗਾ। ਭਾਰਤ 'ਚ 2050 ਤੱਕ ਅਨਾਜ ਦੀ ਇਹ ਮੰਗ ਪੂਰੀ ਨਹੀਂ ਹੋ ਸਕੇਗੀ। ਖੇਤੀ ਦੀ ਮੌਜੂਦਾ ਪ੍ਰਣਾਲੀ ਨੂੰ ਜਾਰੀ ਰੱਖਣਾ ਕੋਈ ਬਦਲ ਨਹੀਂ ਹੈ, ਜੋ ਕਿ ਰਸਾਇਣਕ ਖਾਦਾਂ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੀ ਹੈ ਅਤੇ ਜਿਸ ਕਾਰਨ ਮਿੱਟੀ ਦੀ ਸਿਹਤ 'ਚ ਚਿੰਤਾਜਨਕ ਪੱਧਰ ਤੱਕ ਗਿਰਾਵਟ ਆਈ ਹੈ ਅਤੇ ਇਸ ਦੀ ਹਾਲਤ ਕਿਸੇ ਹਸਪਤਾਲ ਦੇ ਆਈ.ਸੀ.ਯੂ. 'ਚ ਪਏ ਮਰੀਜ਼ ਵਰਗੀ ਹੈ, ਜਿਸ ਦੀ ਸਿਹਤ ਦਿਨੋ-ਦਿਨ ਹੋਰ ਨਿਘਾਰ ਵੱਲ ਜਾ ਰਹੀ ਹੋਵੇ। ਅਜਿਹੀ ਫਾਲਤੂ ਖੇਤੀਬਾੜੀ ਪ੍ਰਣਾਲੀ 'ਤੇ ਪੂਰੀ ਤਰ੍ਹਾਂ ਨਾਲ ਨਿਰਭਰ ਰਹਿਣਾ ਭਾਰਤ ਦੀ ਖੁਰਾਕ, ਪੋਸ਼ਣ ਅਤੇ ਵਾਤਾਵਰਨ ਸੁਰੱਖਿਆ ਨੂੰ ਗੰਭੀਰ ਖ਼ਤਰੇ 'ਚ ਪਾਉਣ ਵਾਲੀ ਗੱਲ ਹੈ।

ਸੰਯੁਕਤ ਰਾਸ਼ਟਰ ਫੂਡ ਐਂਡ ਐਗਰੀਕਲਚਰ ਆਰਗੇਨਾਈਜ਼ੇਸ਼ਨ (ਐੱਫ਼.ਏ.ਓ.) ਵਲੋਂ ਖੁਰਾਕ ਅਤੇ ਖੇਤੀਬਾੜੀ ਦੀ ਸਥਿਤੀ 'ਤੇ ਹਾਲ ਹੀ ਵਿਚ ਜਾਰੀ ਕੀਤੀ ਰਿਪੋਰਟ 'ਚ ਵਿਸ਼ਵ ਖੇਤੀਬਾੜੀ ਅਤੇ ਭੋਜਨ ਪ੍ਰਣਾਲੀਆਂ ਦੇ ਵਧਦੇ ਸਮਾਜਿਕ, ਸਿਹਤ ਅਤੇ ਵਾਤਾਵਰਨਕ ਖਰਚਿਆਂ ਨੂੰ ਉਜਾਗਰ ਕੀਤਾ ਗਿਆ ਹੈ। ਇਨ੍ਹਾਂ ਦੀ ਲਾਗਤ ਕੁੱਲ 12 ਟ੍ਰਿਲੀਅਨ ਡਾਲਰ ਸਾਲਾਨਾ ਹੈ, ਜਦੋਂਕਿ ਉਤਪਾਦਨ ਦੇ ਮੌਜੂਦਾ ਤਰੀਕੇ ਦੁਨੀਆ ਭਰ 'ਚ 8 ਅਰਬ ਤੋਂ ਵੱਧ ਲੋਕਾਂ ਦੀਆਂ ਕੈਲੋਰੀ ਲੋੜਾਂ ਨੂੰ ਪੂਰਾ ਕਰ ਸਕਦੇ ਹਨ ਪਰ ਇਸ ਨਾਲ ਸਾਡੇ ਸਮਾਜ ਅਤੇ ਵਾਤਾਵਰਨ ਨੂੰ ਵੱਡਾ ਨੁਕਸਾਨ ਹੁੰਦਾ ਹੈ।

ਐੱਫ.ਏ.ਓ. ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤੀ ਖੇਤੀ ਖੁਰਾਕ ਪ੍ਰਣਾਲੀ 'ਚ ਲੁਕੀਆਂ ਲਾਗਤਾਂ ਹਨ, ਜਿਨ੍ਹਾਂ 'ਚ ਸਿਹਤ, ਵਾਤਾਵਰਨ ਅਤੇ ਸਮਾਜ ਨੂੰ ਹੋਣ ਵਾਲੇ ਨੁਕਸਾਨ ਸ਼ਾਮਿਲ ਹਨ। ਪਿਛਲੇ ਛੇ ਦਹਾਕਿਆਂ 'ਚ ਲਗਾਤਾਰ ਸਿੰਥੈਟਿਕ ਖਾਦਾਂ ਦੀ ਕੀਤੀ ਜਾ ਰਹੀ ਵਰਤੋਂ ਨਾਲ ਮਿੱਟੀ 'ਚ ਜੈਵਿਕ ਕਾਰਬਨ ਦੀ ਮਾਤਰਾ 1947 ਦੀ ਸਿਹਤ ਰਾਸ਼ਟਰੀ ਔਸਤ 2.4 ਫ਼ੀਸਦੀ ਤੋਂ ਘਟ ਕੇ ਅੱਜ ਕੇਵਲ 0.4 ਫ਼ੀਸਦੀ ਰਹਿ ਗਈ ਹੈ। ਇਹ ਚਿੰਤਾਜਨਕ ਹੈ ਅਤੇ 1.5 ਫ਼ੀਸਦੀ ਦੀ ਹੱਦ ਤੋਂ ਬਹੁਤ ਘੱਟ ਹੈ, ਜੋ ਕਿ



ਮਿੱਟੀ ਦੇ ਕਾਸ਼ਤਯੋਗ ਗੁਣਾਂ ਨੂੰ ਬਣਾਈ ਰੱਖਣ ਲਈ ਜ਼ਰੂਰੀ ਹੈ। ਇਸ ਨੇ ਨਾ ਸਿਰਫ਼ ਖੁਰਾਕ ਸੁਰੱਖਿਆ ਦੀਆਂ ਸੰਭਾਵਨਾਵਾਂ ਨੂੰ ਪ੍ਰਭਾਵਿਤ ਕੀਤਾ ਹੈ, ਸਗੋਂ ਇਸ ਨੇ ਭਾਰਤ ਨੂੰ ਪਿਛਲੇ 70 ਸਾਲਾਂ ਵਿਚ 47.7 ਲੱਖ ਕਰੋੜ ਰੁਪਏ (564 ਅਰਬ ਡਾਲਰ) ਦੀ ਵੱਡੀ ਰਕਮ ਦਾ ਨੁਕਸਾਨ ਵੀ ਕੀਤਾ ਹੈ, ਜੋ ਕਿ ਹਰ ਸਾਲ 68,243 ਕਰੋੜ ਰੁਪਏ (8.06 ਅਰਬ ਡਾਲਰ) ਦੇ ਬਰਾਬਰ ਕਾਰਬਨ ਮੁੱਲ ਹਾਨੀ ਹੈ।

ਇਹ ਲਾਗਤ ਖਰਚੇ ਖਾਦ ਉਦਯੋਗ ਨੂੰ ਪ੍ਰਤੀ ਸਾਲ 2 ਲੱਖ ਕਰੋੜ ਰੁਪਏ (25 ਅਰਬ ਡਾਲਰ) ਦੀ ਮੌਜੂਦਾ ਸਬਸਿਡੀ ਤੋਂ ਇਲਾਵਾ ਹਨ। ਸਿੰਥੈਟਿਕ ਖਾਦਾਂ ਦੀ ਵਰਤੋਂ ਨਾਲ ਕਰੀਬ 250 ਲੱਖ ਟਨ ਗ੍ਰੀਨਹਾਊਸ ਗੈਸ ਨਿਕਾਸ (ਸੀ.ਓ.2ਈ.) ਵੀ ਹੁੰਦਾ ਹੈ, ਜਿਸ ਦੀ ਲਾਗਤ ਪ੍ਰਤੀ ਸਾਲ 14,813 ਕਰੋੜ ਰੁਪਏ (1.75 ਅਰਬ ਡਾਲਰ) ਹੁੰਦੀ ਹੈ। ਇਹ ਸਬਸਿਡੀਆਂ ਸਿੰਥੈਟਿਕ ਖਾਦਾਂ ਦੀ ਫਜ਼ੂਲ ਦੀ ਵਰਤੋਂ ਨੂੰ ਉਤਸ਼ਾਹਿਤ ਕਰਦੀਆਂ ਹਨ, ਜੋ ਸਿੱਧੇ ਤੌਰ 'ਤੇ ਮਿੱਟੀ ਦੀ ਕੁਦਰਤੀ ਸਮਰੱਥਾ ਨੂੰ ਘਟਾਉਂਦੀਆਂ ਹਨ, ਭਾਰੀ ਗ੍ਰੀਨਹਾਊਸ ਗੈਸਾਂ ਪੈਦਾ ਕਰਦੀਆਂ ਹਨ, ਜੋ ਭਾਰਤ ਦੀ ਖੁਰਾਕ, ਪੋਸ਼ਣ ਅਤੇ ਵਾਤਾਵਰਨ ਸੁਰੱਖਿਆ ਨੂੰ ਗੰਭੀਰ ਰੂਪ ਨਾਲ ਖ਼ਤਰੇ 'ਚ ਪਾਉਂਦੀਆਂ ਹਨ।

ਮਿੱਟੀ ਦੀ ਸਿਹਤ 'ਚ ਇਸ ਗਿਰਾਵਟ ਦੇ ਕਾਰਨ ਖਾਦਾਂ ਦੀ ਪ੍ਰਤੀਕਿਰਿਆ ਅਨੁਪਾਤ 1960-69 'ਚ 12.1 ਕਿੱਲੋਗ੍ਰਾਮ ਅਨਾਜ ਪ੍ਰਤੀ ਕਿੱਲੋਗ੍ਰਾਮ ਐੱਨ.ਪੀ.ਕੇ. (ਨਾਈਟ੍ਰੋਜਨ, ਫਾਸਫੋਰਸ ਅਤੇ ਪੋਟਾਸ਼ੀਅਮ) ਤੋਂ ਘਟ ਕੇ 2010-17 ਵਿਚ ਸਿਰਫ 5.1 ਕਿੱਲੋਗ੍ਰਾਮ ਅਨਾਜ ਪ੍ਰਤੀ ਕਿੱਲੋਗ੍ਰਾਮ ਐੱਨ.ਪੀ.ਕੇ. ਰਹਿ ਗਿਆ ਹੈ। ਜੇਕਰ ਇਸ ਤਰ੍ਹਾਂ ਦਾ ਰੁਝਾਨ ਜਾਰੀ ਰਿਹਾ ਤਾਂ ਭਾਰਤ ਨੂੰ 2035 ਦੀ ਸ਼ੁਰੂਆਤ ਵਿਚ ਹੀ ਭੋਜਨ ਦੀ ਘਾਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸ ਦਾ ਅੰਸ਼ਕ ਕਾਰਨ ਵਧਦੀ ਆਬਾਦੀ ਵਲੋਂ ਭੋਜਨ ਦੀ ਮੰਗ ਵਿਚ ਵਾਧਾ, ਜਲਵਾਯੂ ਪ੍ਰਭਾਵਾਂ ਕਾਰਨ ਉਤਪਾਦਕਤਾ 'ਚ ਕਮੀ, ਮਿੱਟੀ ਦੀ ਸਿਹਤ ਦਾ ਨੁਕਸਾਨ ਅਤੇ ਸਿੰਥੈਟਿਕ ਖਾਦਾਂ ਪ੍ਰਤੀ ਘਟਦੀ ਪ੍ਰਤੀਕਿਰਿਆ ਹੈ। ਜੇਕਰ ਮਿੱਟੀ ਦੀ ਸਿਹਤ ਨਾਕਾਮ ਹੁੰਦੀ ਹੈ ਤਾਂ ਭਾਰਤੀ ਖੇਤੀ ਸਫ਼ਲ ਨਹੀਂ ਹੋ ਸਕਦੀ।

ਇਸ ਲਈ ਭਾਰਤ ਨੂੰ ਜਲਵਾਯੂ ਅਨੁਕੂਲ, ਕੁਦਰਤ-ਅਧਾਰਿਤ, ਬਦਲਵੇਂ ਖੇਤੀ ਮਾਡਲ ਦੀ ਭਾਲ ਕਰਨੀ ਚਾਹੀਦੀ ਹੈ, ਜੋ ਖੇਤੀ ਨਾਲ ਜੁੜੇ ਭਾਰੀ ਜ਼ੋਖ਼ਮਾਂ ਨੂੰ ਘੱਟ ਕਰੇ, ਉਤਪਾਦਕਤਾ ਅਤੇ ਕਿਸਾਨਾਂ ਦੀ ਰੋਜ਼ੀ-ਰੋਟੀ ਵਿਚ ਸੁਧਾਰ ਕਰੇ, ਨਾਲ ਹੀ ਧਰਤੀ ਦੀਆਂ ਹੱਦਾਂ ਦਾ ਵੀ ਸਨਮਾਨ ਕਰੇ ਅਤੇ ਮਨੁੱਖੀ ਸਿਹਤ ਨੂੰ ਨੁਕਸਾਨ ਨਾ ਪਹੁੰਚਾਏ। ਭਾਰਤ ਨੂੰ ਆਪਣੀ ਖੁਰਾਕ, ਪੋਸ਼ਣ ਅਤੇ ਵਾਤਾਵਰਨ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅਜਿਹੀ ਖੇਤੀ ਨੂੰ ਮੁੱਖਧਾਰਾ ਵਿਚ ਲਿਆਉਣ ਦੀ ਲੋੜ ਹੈ।

ਭਾਰਤੀ ਖੇਤੀ ਨੂੰ ਸੁਰੱਖਿਅਤ ਰੱਖਣ ਲਈ ਕੁਦਰਤੀ ਖੇਤੀ ਬਾਰੇ ਪ੍ਰਧਾਨ ਮੰਤਰੀ ਦਾ ਰਾਸ਼ਟਰੀ ਮਿਸ਼ਨ ਇਨ੍ਹਾਂ ਖ਼ਤਰਿਆਂ ਦੇ ਖ਼ਿਲਾਫ਼ ਖੜ੍ਹਾ ਹੈ। ਸਾਨੂੰ ਟਿਕਾਊ ਖੇਤੀਬਾੜੀ ਅਭਿਆਸਾਂ ਦੁਆਰਾ ਬਣਾਏ ਗਏ ਮੁੱਲ ਦੀ ਪੂਰੀ ਤਰ੍ਹਾਂ ਕਦਰ ਕਰਨ ਦੀ ਲੋੜ ਹੈ। ਖੇਤੀ ਵਿਗਿਆਨ ਦੇ ਸਿਧਾਂਤਾਂ 'ਤੇ ਆਧਾਰਿਤ ਪੁਨਰ-ਉਤਪਾਦਕ ਖੇਤੀ, ਲਾਗਤਾਂ ਨੂੰ ਘਟਾਉਣ, ਮਿੱਟੀ ਦੀ ਸਿਹਤ ਨੂੰ ਬਿਹਤਰ ਬਣਾਉਣ, ਜ਼ਮੀਨੀ ਪਾਣੀ ਦੀ ਸਹੀ ਵਰਤੋਂ ਨੂੰ ਉਤਸ਼ਾਹਿਤ ਕਰਨ, ਕੁਦਰਤੀ ਸਰੋਤਾਂ ਦੀ ਕਮੀ ਨੂੰ ਘਟਾਉਣ ਅਤੇ ਉਸੇ ਸਮੇਂ ਖੇਤੀ ਉਤਪਾਦਕਤਾ ਅਤੇ ਮੁਨਾਫ਼ੇ ਨੂੰ ਵਧਾਉਣ ਵਿਚ ਮਦਦ ਕਰ ਸਕਦੀ ਹੈ। ਇਕ ਤਾਜ਼ਾ ਅਧਿਐਨ ਵਿਚ ਪਾਇਆ ਗਿਆ ਹੈ ਕਿ ਸਮਾਜ-ਪ੍ਰਬੰਧਿਤ ਕੁਦਰਤੀ ਖੇਤੀ ਨੇ ਪੇਂਡੂ ਭਾਰਤ ਵਿਚ ਸਫ਼ਲਤਾਪੂਰਵਕ ਸਮਾਜਿਕ ਪੂੰਜੀ ਦਾ ਨਿਰਮਾਣ ਕਰਕੇ ਕਿਸਾਨਾਂ, ਖੇਤ ਮਜ਼ਦੂਰਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਖਪਤਕਾਰਾਂ ਦੀ ਸਿਹਤ ਵਿਚ ਵੀ ਸੁਧਾਰ ਕੀਤਾ ਹੈ। ਅਜਿਹੇ ਸਬੂਤਾਂ ਦੇ ਆਧਾਰ 'ਤੇ ਭਾਰਤ ਨੂੰ ਆਪਣੀ ਖੁਰਾਕ, ਪੋਸ਼ਣ ਅਤੇ ਵਾਤਾਵਰਨ ਸੁਰੱਖਿਆ ਨੂੰ ਕਾਇਮ ਰੱਖਣ ਲਈ ਆਪਣੀ ਖੇਤੀ ਨੂੰ ਫਿਰ ਤੋਂ ਨਵਾਂ ਰੂਪ ਦੇਣਾ ਚਾਹੀਦਾ ਹੈ। ਇਹ ਉਨ੍ਹਾਂ ਪ੍ਰਣਾਲੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਦਾ ਵਿਸਥਾਰ ਕਰਕੇ ਸੰਭਵ ਹੈ।

ਵਰਤਮਾਨ 'ਚ ਪ੍ਰਚੱਲਿਤ ਖੇਤੀਬਾੜੀ ਅਭਿਆਸ ਦੇ ਸਮਰਥਕ ਖੇਤੀ ਪ੍ਰਣਾਲੀਆਂ ਵਿਚ ਸਿੰਥੈਟਿਕ ਖਾਦਾਂ 'ਤੇ ਭਰੋਸਾ ਕਰਨਾ ਜਾਰੀ ਰੱਖਦੇ ਹਨ, ਜਦੋਂਕਿ ਕੁਦਰਤੀ ਖੇਤੀ ਡੂੰਘਾਈ ਨਾਲ ਖੋਜ ਨੂੰ ਉਤਸ਼ਾਹਿਤ ਕਰਦੀ ਹੈ, ਜਿਸ ਦੀ ਵਰਤੋਂ ਕਰਕੇ ਪ੍ਰਤੀ ਇਕਾਈ ਦੀ ਉਤਪਾਦਕਤਾ ਨੂੰ ਵਧਾਉਣਾ ਇਸ ਵਿਚ ਸ਼ਾਮਿਲ ਹੈ। ਕੁਦਰਤੀ ਖੇਤੀ ਭਾਰਤੀ ਖੇਤੀ ਲਈ ਜ਼ੋਖ਼ਮਾਂ ਨੂੰ ਘੱਟ ਕਰਨ ਦਾ ਇਕਮਾਤਰ ਤਰੀਕਾ ਵੀ ਹੈ, ਜਿਸ ਨਾਲ ਅਸੀਂ ਮਿੱਟੀ ਦੀ ਸਿਹਤ 'ਚ ਸੁਧਾਰ ਕਰਦਿਆਂ ਜੈਵ-ਵਿਭਿੰਨਤਾ ਨੂੰ ਉਤਸ਼ਾਹ ਦੇ ਸਕਦੇ ਹਾਂ।

ਭਾਰਤ ਵਿਚ ਖੇਤੀਬਾੜੀ ਦੇ ਮੁੜ ਡਿਜ਼ਾਇਨ ਲਈ ਪੁਨਰ-ਜਨਮਾਤਮਕ ਖੇਤੀ ਨੂੰ ਅਪਣਾ ਕੇ ਇਨਕਲਾਬੀ ਪਰਿਵਰਤਨ 'ਤੇ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ ਨਾ ਕਿ ਸਿਰਫ਼ ਮੌਜੂਦਾ ਪ੍ਰਣਾਲੀ ਦੇ ਪ੍ਰਬੰਧਨ 'ਤੇ ਨਿਰਭਰ ਰਹਿਣ ਦੀ, ਖੇਤੀ ਵਿਗਿਆਨਕ ਸਿਧਾਂਤਾਂ ਨੂੰ ਸਮਝਣ ਅਤੇ ਉਨ੍ਹਾਂ ਦਾ ਅਭਿਆਸ ਕਰਨ ਦੀ, ਸਮਾਜਿਕ ਪੂੰਜੀ ਨੂੰ ਉਤਸ਼ਾਹ ਦੇਣ ਦੀ ਅਤੇ ਡੂੰਘੇ ਗਿਆਨ 'ਤੇ ਆਧਾਰਿਤ ਪ੍ਰਣਾਲੀਆਂ 'ਤੇ ਭਰੋਸਾ ਕਰਨ ਦੀ ਲੋੜ ਹੈ, ਜੋ ਭਾਗੀਦਾਰੀ ਅਤੇ ਸਿੱਖਿਆ ਸ਼ਾਸਤਰ ਦੁਆਰਾ ਸਮਰਥਿਤ ਹੈ।

ਦੇਸ਼ ਦੇ ਸਾਰੇ 15 ਖੇਤੀ ਜਲਵਾਯੂ ਖੇਤਰਾਂ 'ਚ ਸਿਰਫ ਵਿਗਿਆਨਕ ਤੌਰ 'ਤੇ ਪੁਨਰ-ਉਤਪਤੀ ਖੇਤੀ ਹੀ ਅਸਲ ਲਾਭਾਂ ਨੂੰ ਸਥਾਪਿਤ ਕਰਨ ਅਤੇ ਲੋੜੀਂਦੇ ਸਬੂਤ ਪੈਦਾ ਕਰਨ ਦੇ ਯੋਗ ਹੋਵੇਗੀ। ਜਨਤਕ ਤੌਰ 'ਤੇ ਰੱਖੇ ਗਏ ਜੈਵਿਕ ਖੇਤੀ ਦੇ ਲਾਭਾਂ ਦੇ ਸਬੂਤ, ਵੱਡੇ ਪੱਧਰ 'ਤੇ ਖੇਤੀ ਦੀ ਪੁਨਰ-ਸੁਰਜੀਤੀ ਅਤੇ ਵਿਕਾਸ ਲਈ ਰਾਜਨੀਤਕ ਇੱਛਾਸ਼ਕਤੀ ਅਤੇ ਨੀਤੀਗਤ ਰੂਪ-ਰੇਖਾ ਬਣਾਉਣ 'ਚ ਮਦਦ ਕਰਨਗੇ। ਇਹ 2070 ਤੱਕ 'ਨੈੱਟ ਜ਼ੀਰੋ ਸਟੇਟਸ' ਪ੍ਰਾਪਤ ਕਰਨ ਦੇ ਦੇਸ਼ ਦੇ ਦ੍ਰਿਸ਼ਟੀਕੋਣ ਵਿਚ ਵੀ ਯੋਗਦਾਨ ਪਾਵੇਗਾ।

# ਰੱਜੀਆਂ ਰੂਹਾਂ

ਲਿਖਤ : ਸਵਰਨ ਸਿੰਘ ਭੰਗੂ

ਆਪਣੇ ਦੋਸਤ ਕੋਲ ਅਜੇ ਬੈਠਿਆ ਹੀ ਸੀ ਕਿ ਜੇਬ ਵਿਚੋਂ ਮੋਬਾਈਲ ਨਾ ਮਿਲਿਆ। ਸਰਦੀਆਂ ਦੇ ਦਿਨੀਂ ਵਰਦਾਨ ਬਣਦਿਆਂ ਬਾਕੀ ਜੇਬਾਂ ਫਰੋਲੀਆਂ ਤਾਂ ਫ਼ਿਕਰ ਵਧ ਗਿਆ। ਗੱਲ ਕੇਵਲ ਯੰਤਰ ਦੀ ਨਹੀਂ ਸੀ, ਬੰਦੇ ਦੀ ਸਾਰੀ ਦੁਨੀਆ ਤਾਂ ਇਸ ਵਿਚ ਸਿਮਟੀ ਹੁੰਦੀ ਹੈ। ਘਰ ਜਾ ਕੇ ਆਉਂਦਾ ਹਾਂ।... 'ਚਾਹ ਆ ਗਈ, ਪੀ ਕੇ ਹੀ ਜਾਇ'', ਫ਼ਿਕਰ ਨਾ ਕਰੋ...ਲੱਭ ਜਾਵੇਗਾ।' ਜਦੋਂ ਦੋਸਤ ਨੇ ਇਹ ਗੱਲ ਕਹੀ ਤਾਂ ਯਾਦ ਆਇਆ, ਫੋਨ ਘਰ ਵੀ ਨਹੀਂ ਹੋ ਸਕਦਾ ਕਿਉਂਕਿ ਰਸਤੇ ਵਿਚ ਤਾਂ ਮੈਂ ਇੱਕ ਥਾਂ ਤਸਵੀਰ ਖਿੱਚੀ ਸੀ। ਸ਼ੀਸ਼ੇ ਵਿਚੋਂ ਗੱਡੀ ਅੰਦਰ ਝਾਤੀ ਮਾਰਦਾ ਹਾਂ, ਮੋਬਾਈਲ ਨਹੀਂ ਦਿਸਦਾ। ਜਦੋਂ ਡਰਾਇਵਰ ਵਾਲੀ ਤਾਕੀ ਖੋਲ੍ਹਦਾ ਹਾਂ ਤਾਂ ਮਾਸੂਮ ਜਿਹੀ ਬੱਚੀ ਹੱਥ ਵਿਚ ਮੇਰਾ ਮੋਬਾਈਲ ਫੋਨ ਲੈ ਕੇ ਮੈਨੂੰ ਦਿਖਾਉਂਦਿਆਂ ਪੁੱਛਦੀ ਹੈ, 'ਇਹ ਤੁਹਾਡਾ ਹੈ ਅੰਕਲ?' ਦੇਖ ਕੇ ਕੁੜੀ ਨੂੰ ਕਲਾਵੇ ਵਿਚ ਲੈਂਦਾ ਹਾਂ; 'ਹਾਂ ਹਾਂ' ਕਹਿੰਦਿਆਂ ਪੁੱਛਦਾ ਹਾਂ, 'ਬੇਟੀ ਕਿੱਥੋਂ ਮਿਲਿਆ ਹੈ ਇਹ?' 'ਅੰਕਲ ਜੀ, ਗੱਡੀ ਦੇ ਹੇਠਾਂ ਡਿਗਿਆ ਪਿਆ ਸੀ, ਮੈਂ ਦੇਖ ਰਹੀ ਸੀ, ਕੋਈ ਅੰਕਲ ਇਸ ਨੂੰ ਚਲਾਏਗਾ ਤਾਂ ਮੈਂ ਉਸ ਨੂੰ ਪੁੱਛ ਕੇ ਦੇ ਦੇਵਾਂਗੀ।' ਮੇਰਾ ਦੋਸਤ ਅਖ਼ਬਾਰ ਦਾ ਨੁਮਾਇੰਦਾ ਹੈ, ਮੈਂ ਕੁੜੀ ਨੂੰ ਬਾਹੋਂ ਫੜ ਕੇ ਉਸ ਕੋਲ ਲੈ ਗਿਆ, 'ਫੋਟੋ ਖਿੱਚੋ ਜੀ, ਇਸ ਨਿਰਛਲ ਉਮਰ ਨੇ ਖ਼ਬਰ ਬਣਾਈ ਹੈ।' 'ਬੇਟੀ, ਤੂੰ ਇਹ ਕੀ ਸੋਚ ਕੇ ਵਾਪਸ ਕੀਤਾ ਹੈ?' ਜਵਾਬ ਵਿਚ ਉਹ ਕਹਿੰਦੀ ਹੈ, 'ਮੇਰੀ ਮਾਂ ਨੇ ਸਿਖਾਇਐ, ਕਿਸੇ ਦੀ ਕੋਈ ਚੀਜ਼ ਚੁਰਾਣੀ ਨਹੀਂ।' ਉਹ ਬਾਹਰ ਨਿਕਲਦੀ ਹੈ, ਸ਼ੁਕਰ ਹੋਇਆ, ਬਾਹਰ ਮੇਲੇ ਦੀ ਭੀੜ ਵਿਚ ਗੁਆਚਣ ਤੋਂ ਪਹਿਲਾਂ ਉਸ ਨੂੰ ਮੇਰੀ ਆਵਾਜ਼ ਸੁਣ ਗਈ। 'ਆਹ ਲੈ ਤੇਰੀ ਇਮਾਨਦਾਰੀ ਦਾ ਇਨਾਮ।' ਮੈਂ 100 ਰੁਪਿਆ ਉਸ ਦੇ ਹੱਥ 'ਤੇ ਧਰਦਾ ਹਾਂ। ਉਹ ਨਾਂਹ ਕਰਦੀ ਹੈ ਪਰ ਮੈਂ ਪੈਸੇ ਉਸ ਦੀ ਮੁੱਠੀ ਵਿਚ ਘੁੱਟ ਦਿੰਦਾ ਹਾਂ, ਪਿਆਰਦਾ ਹਾਂ, ਸ਼ਾਬਾਸ਼ ਕਹਿੰਦਾ ਹਾਂ...ਭੀੜ 'ਚ ਲੋਪ ਹੋ ਰਹੀ ਤਾਰੀਖ਼ ਦੀ ਇਸ ਨਿੱਕੀ ਨਾਇਕਾ ਨੂੰ ਹਸਰਤ ਨਾਲ ਤੱਕਦਾ ਹਾਂ।... ਗੱਲ ਇੱਥੇ ਮੁੱਕਦੀ ਨਹੀਂ ਸਗੋਂ ਅੱਗੇ ਤੁਰਦੀ ਹੈ। ਉੱਪਰ ਜ਼ਿਕਰ ਕੀਤਾ ਹੈ, ਰਸਤੇ ਵਿਚ ਤਸਵੀਰ ਖਿੱਚੀ ਸੀ। ਇਹ ਤਸਵੀਰ ਪਰੌਠਿਆਂ ਦੀ ਰੇਹੜੀ ਲਾ ਕੇ ਲੋਕਾਂ ਨੂੰ ਨਾਸ਼ਤਾ ਕਰਾਉਣ ਵਾਲੇ ਇੱਕ ਨੌਜਵਾਨ ਦੀ ਸੀ। ਇਸ ਨਾਲ ਜੁੜੀ ਕਹਾਣੀ ਦਿਲ ਨੂੰ ਟੁੰਬਣ ਵਾਲੀ ਹੈ। ਮੇਰੀ ਜੀਵਨ ਸਾਥਣ ਦਾ ਅਦਾਕਾਰਾ ਵਜੋਂ ਪੰਜਾਬੀ ਫਿਲਮਾਂ ਵਿਚ ਕਾਫ਼ੀ ਨਾਂ ਹੈ ਪਰ ਘਰ ਹੋਣ ਸਮੇਂ ਉਹ ਘਰ ਦੁਆਲੇ ਦੀਆਂ ਗਲੀਆਂ ਸਾਫ਼ ਕਰਨ ਲਈ ਬਹੁਕਰ ਚੁੱਕ ਲੈਂਦੀ ਹੈ। ਇੱਕ ਦਿਨ ਸੰਭਰਦਿਆਂ, ਆਪਣੇ ਟਿਕਾਣੇ ਵੱਲ ਰੇਹੜੀ ਲੈ ਕੇ ਜਾ ਰਿਹਾ ਇਹ ਨੌਜਵਾਨ ਉਸ ਨੇ ਰੋਕ ਲਿਆ। ਇਸ ਨੌਜਵਾਨ ਨੇ ਆਪਣੀ ਰੇਹੜੀ 'ਤੇ ਮੋਟੇ ਅੱਖਰਾਂ ਨਾਲ ਲਿਖ ਕੇ ਲਾਇਆ ਹੋਇਆ ਸੀ: ਕੋਈ ਭੁੱਖਾ ਗਰੀਬ ਬੰਦਾ ਇੱਥੋਂ ਮੁਫ਼ਤ ਭੋਜਨ ਖਾ ਸਕਦਾ ਹੈ। ਮੇਰੀ ਜੀਵਨ ਸਾਥਣ ਨੇ ਇਸ ਨੌਜਵਾਨ ਤੋਂ ਜੋ ਸੁਣਿਆ, ਉਸ ਤੋਂ ਉਹ ਕਾਫ਼ੀ ਪ੍ਰਭਾਵਿਤ ਸੀ। ਅਗਲੇ ਦਿਨ ਮੈਨੂੰ ਕੁਝ ਪੈਸੇ ਦਿੰਦਿਆਂ ਬੋਲੀ, 'ਉਸ ਮੋੜ 'ਤੇ ਜਿਹੜਾ ਭਾਈ ਪਰੌਂਠੇ ਬਣਾਉਂਦਾ, ਆਪਣੇ ਵੱਲੋਂ ਲੋੜਵੰਦਾਂ ਲਈ ਭੋਜਨ ਦੀ ਸੇਵਾ ਹੈ ਇਹ।' ਅਜਿਹਾ ਕਰਨ ਸਮੇਂ ਜਦੋਂ ਉਸ ਨੌਜਵਾਨ ਨਾਲ ਗੱਲਬਾਤ ਤੁਰੀ ਤਾਂ ਉਸ ਦੱਸਿਆ ਕਿ ਉਹ ਲੰਮਾਂ ਸਮਾਂ ਕਿਸੇ ਹੋਟਲ 'ਤੇ ਕੰਮ ਕਰਦਾ ਰਿਹਾ ਸੀ ਪਰ ਹੁਣ ਉਸ ਨੇ ਆਪਣਾ ਕੰਮ ਸ਼ੁਰੂ ਕਰ ਲਿਆ ਹੈ। ਉਸ ਦੀ ਮਾਂ ਕਾਫ਼ੀ ਚਿਰ ਪਹਿਲਾਂ ਮਰ ਚੁੱਕੀ ਹੈ, ਬਜ਼ੁਰਗ ਨਾਨੀ ਉਸ ਕੋਲ ਰਹਿੰਦੀ ਹੈ ਜਿਸ ਦੀ ਉਹ ਸੇਵਾ-ਸੰਭਾਲ ਅਤੇ ਪੂੱਜ ਕੇ ਸਤਿਕਾਰ ਵੀ ਕਰਦਾ ਹੈ। ਇੱਕ ਦਿਨ ਹੋਇਆ ਇਹ ਕਿ ਜਦੋਂ ਉਹ ਗਾਹਕਾਂ ਲਈ ਪਰੌਂਠੇ ਲਾਹ ਰਿਹਾ ਸੀ ਤਾਂ ਮਾਂ ਧੀ (ਦੋ ਬੀਬੀਆਂ) ਉਹਦੇ ਵੱਲ ਤੱਕਦੀਆਂ ਰਹੀਆਂ। ਜਦੋਂ ਕੋਈ ਗਾਹਕ ਨਾ ਰਿਹਾ, ਉਹ ਉਸ ਕੋਲ ਆ ਕੇ ਕਹਿਣ ਲੱਗੀਆਂ, 'ਵੇ ਵੀਰ, ਮੇਰਾ ਮੁੰਡਾ ਹਸਪਤਾਲ ਦਾਖ਼ਲ ਐ, ਉਹਨੂੰ ਵੀ ਤੇ ਸਾਨੂੰ ਵੀ ਭੁੱਖ ਬੜੀ ਲੱਗੀ ਐ, ਪੰਜ ਪਰੌਂਠੇ ਚਾਹੀਦੇ ਪਰ ਸਾਡੇ ਕੋਲ 50 ਰੁਪਏ ਹੀ ਹਨ।' ਉਹ 20 ਰੁਪਏ ਦਾ ਪਰੌਂਠਾ ਵੇਚਦਾ ਹੈ।...ਉਹਨੇ 6 ਪਰੌਂਠੇ ਬਣਾ ਕੇ ਦੇ ਦਿੱਤੇ ਅਤੇ 50 ਰੁਪਏ ਵੀ ਨਹੀਂ ਲਏ।...ਉਸ ਦੀਆਂ ਅੱਖਾਂ ਆਪ-ਮੁਹਾਰੇ ਚੋ ਪਈਆਂ। ਉਸ ਦਿਨ ਉਸ ਨੂੰ ਪਹਿਲੀ ਵਾਰ ਅਹਿਸਾਸ ਹੋਇਆ, ਜਿਵੇਂ ਉਹ ਦਿਨ ਉਸ ਨੇ ਭਰ ਕੇ ਜੀਅ ਲਿਆ ਹੋਵੇ। ਉਸ ਦੱਸਿਆ ਕਿ ਜਦੋਂ ਉਹਨੇ ਇਹ ਵਾਰਤਾ ਆਪਣੀ ਨਾਨੀ ਨਾਲ ਸਾਂਝੀ ਕੀਤੀ ਸੀ ਤਾਂ ਨਾਨੀ ਨੇ ਸ਼ਾਬਾਸ਼ ਦਿੱਤੀ, 'ਪੁੱਤਰ ਕੋਈ ਫ਼ਰਕ ਨਹੀਂ ਪੈਣ ਲੱਗਾ, ਆਪਣਾ 2 ਕਿੱਲੋ ਆਟਾ ਈ ਲੱਗ ਜਾਇਆ ਕਰੂ, ਗਰੀਬਗੁਰਬੇ ਨੂੰ ਮੁਫ਼ਤ ਭੋਜਨ ਛਕਾਇਆ ਕਰ। ਇਸ ਤੋਂ ਵੱਡਾ ਪੁੰਨ ਕੋਈ ਨ੍ਹੀਂ ਹੁੰਦਾ।' ਬੱਸ ਉਸ ਦਿਨ ਤੋਂ ਉਹਨੇ ਰੇਹੜੀ ਦੇ ਦੋ ਪਾਸੇ ਲਿਖ ਕੇ ਲਾ ਦਿੱਤਾ। ਇਸ ਨੌਜਵਾਨ ਦੀ ਇਸ ਕਰਨੀ ਨੇ ਉਸ ਅੱਗੇ ਮੇਰਾ ਸਿਰ ਝੁਕਾ ਦਿੱਤਾ ਸੀ। ਜਦੋਂ ਵੀ ਮੈਂ ਉਸ ਰੇਹੜੀ ਅੱਗਿਓਂ ਲੰਘਦਾ ਹਾਂ, ਸਿਜਦਾ ਤਾਂ ਹੋ ਹੀ ਜਾਂਦਾ ਹੈ, ਨਾਲ ਇਹ ਖ਼ਿਆਲ ਵੀ ਆਉਂਦੈ ਕਿ ਮਨੁੱਖਤਾ ਪੱਖੋਂ ਕਾਰਪੋਰੇਟਾਂ ਦੇ 5 ਜਾਂ 7 ਸਿਤਾਰਾ ਹੋਟਲ ਤਾਂ ਇਸ ਰੇਹੜੀ ਦੇ ਗਿੱਟਿਆਂ ਤੱਕ ਵੀ ਨਹੀਂ ਆਉਂਦੇ। ਮਿਲਦੀ-ਜੁਲਦੀ ਕਹਾਣੀ ਇਹ ਵੀ ਹੈ ਕਿ ਕੁਝ ਸਾਲ ਪਹਿਲਾਂ ਮੇਰੇ ਨਾਲ ਸੈਰ ਨੂੰ ਜਾ ਰਹੀਆਂ ਹੋਸਟਲ ਦੀਆਂ ਲੜਕੀਆਂ ਨੇ ਵਾਧੂ ਬਰਤਨ ਸ਼ਹਿਰ ਦੇ ਬਾਹਰ ਸਿਕਲੀਗਰਾਂ ਦੀਆਂ ਝੁੱਗੀਆਂ ਕੋਲ ਇਹ ਸੋਚ ਕੇ ਰੱਖ ਦਿੱਤੇ ਕਿ ਇਨ੍ਹਾਂ ਦੇ ਕੰਮ ਆ ਜਾਣਗੇ। ਵਾਪਸੀ 'ਤੇ ਝੁੱਗੀਆਂ ਦਾ ਇੱਕ ਬਜ਼ੁਰਗ ਸਾਡੇ ਅੱਗੇ ਆ ਖੜ੍ਹਿਆ, ਕਹਿਣ ਲੱਗਾ, 'ਮੈਂ ਤੁਹਾਨੂੰ ਦੇਖ ਲਿਆ ਸੀ, ਥੈਲੇ ਵਿਚ ਪਾਏ ਭਾਂਡੇ ਵੀ ਦੇਖ ਲਏ, ਸਾਡੇ ਕੋਲ ਭਾਂਡੇ ਹੈਨ ਵੇ...ਤੁਸੀਂ ਇਹ ਲੈ ਜਾ'', ਕਿਸੇ ਹੋਰ ਜੀਆਂ ਨੂੰ ਦੇ ਦੇਵਣਾ।'

# ਆਜ਼ਾਦ ਦੇਸ਼ ਦੇ ਗੁਲਾਮ ਬਾਸ਼ਿੰਦੇ



**ਗੁਲਾਮੀ ਦੀਆਂ ਜ਼ੰਜੀਰਾਂ ਸਿਰਫ ਲੋਕਾਂ ਦੇ ਸਿੱਖਿਅਤ ਹੋਣ ਨਾਲ ਹੀ ਟੁੱਟ ਸਕਦੀਆਂ ਹਨ**

ਲਿਖਤ : ਡਾ. ਸੁਖਰਾਜ ਸਿੰਘ ਬਾਜਵਾ
ਸੰਪਰਕ : 78886 - 84597

14 ਤੇ 15 ਅਗਸਤ ਵਿਚਕਾਰਲੀ ਰਾਤ ਭਾਰਤ ਦੇਸ਼ ਦੀ ਆਜ਼ਾਦੀ ਦਾ ਜਸ਼ਨ ਸ਼ੁਰੂ ਹੋ ਗਿਆ। ਪੰਡਿਤ ਜਵਾਹਰ ਲਾਲ ਨਹਿਰੂ ਨੇ ਲਾਲ ਕਿਲੇ 'ਤੇ ਤਿਰੰਗਾ ਲਹਿਰਾਕੇ ਦੇਸ਼ ਦੀ ਆਜ਼ਾਦੀ ਦੀ ਘੋਸ਼ਣਾ ਕੀਤੀ। ਦੇਸ਼ ਤਾਂ ਆਜ਼ਾਦ ਹੋ ਗਿਆ ਪਰ ਸਤੱਤਰ ਸਾਲ ਬਾਅਦ ਵੀ ਇਸ ਦੇਸ਼ ਦੇ ਰਹਿਣ ਵਾਲੇ ਲੋਕ ਅਜ਼ਾਦ ਨਹੀਂ ਹੋ ਸਕੇ। ਬੇਸ਼ਕ ਕਹਿਣ ਨੂੰ ਇਹ ਲੋਕ ਆਜ਼ਾਦ ਭਾਰਤ ਦੇ ਬਾਸ਼ਿੰਦੇ ਹਨ ਪਰ ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਇਹ ਅੱਜ ਵੀ ਜਕੜੇ ਹੋਏ ਹਨ। ਜੀ ਹਾਂ, ਅੱਜ ਭਾਰਤ ਦੇ ਬਹੁਤੇ ਵਰਗਾਂ ਦੇ ਲੋਕ ਮਾਨਸਿਕ ਤੌਰ 'ਤੇ ਗੁਲਾਮ ਹਨ। ਇਹ ਗੁਲਾਮੀ ਬਾਹਰਲਿਆਂ ਦੀ ਨਹੀਂ ਸਗੋਂ ਆਪਣਿਆਂ ਦੀ ਹੈ। ਦੇਸ਼ ਦਾ ਇੱਕ ਵੱਡਾ ਵਰਗ ਬੰਧੂਆ ਮਜ਼ਦੂਰਾਂ ਦੀ ਤਰ੍ਹਾਂ ਕੰਮ ਕਰ ਰਿਹਾ ਹੈ। ਕੋਈ ਰਾਜਨੇਤਾਵਾਂ ਦਾ ਬੰਧੂਆ ਬਣਿਆ ਹੋਇਆ ਹੈ ਤੇ ਕੋਈ ਧਾਰਮਿਕ ਠੇਕੇਦਾਰਾਂ ਦਾ। ਅੰਗਰੇਜ਼ਾਂ ਵੇਲੇ ਪੈਦਾ ਹੋਇਆ ਡੇਰਾਵਾਦ ਵੱਡੀ ਪੱਧਰ 'ਤੇ ਲੋਕਾਂ ਨੂੰ ਗੁਲਾਮ ਬਣਾਉਣ ਵਿੱਚ ਕਾਮਯਾਬ ਹੋ ਗਿਆ ਹੈ।

ਜੇਕਰ 1947 ਤੋਂ ਪਹਿਲਾਂ ਦੀ ਗੱਲ ਕਰੀਏ ਤਾਂ ਇਹ ਦੇਖਣ ਵਿੱਚ ਆਉਂਦਾ ਹੈ ਕਿ ਉਸ ਵੇਲੇ ਵੀ ਲੋਕ ਅੰਗਰੇਜ਼ਾਂ ਦੇ ਖਿਲਾਫ ਨਹੀਂ ਸਨ, ਅਗਰ ਖਿਲਾਫ ਸਨ ਤਾਂ ਉਹ ਅੰਗਰੇਜ਼ਾਂ ਦੇ ਰਾਜ ਕਰਨ ਦੇ ਤਰੀਕੇ ਦੇ ਅਤੇ ਉਹਨਾਂ ਵਲੋਂ ਆਮ ਲੋਕਾਂ ਖਿਲਾਫ ਬਣਾਏ ਗਏ ਕਾਨੂੰਨ ਦੇ। ਅੱਜ ਦੇਸ਼ ਦੇ ਆਜ਼ਾਦ ਹੋਣ ਦੇ ਸਤੱਤਰ ਸਾਲ ਬਾਅਦ ਵੀ ਉਹੀ ਕਾਨੂੰਨ ਸਾਡੇ ਦੇਸ਼ ਅੰਦਰ ਚੱਲ ਰਹੇ ਹਨ। ਅੰਗਰੇਜ਼ੀ ਹਕੂਮਤ ਵੇਲੇ ਵੀ ਆਮ ਲੋਕਾਂ ਨੂੰ ਸਰਕਾਰਾਂ ਦੇ ਤਾਨਾਸ਼ਾਹੀ ਵਤੀਰੇ ਖਿਲਾਫ ਬੋਲਣ ਦੀ ਆਜ਼ਾਦੀ ਨਹੀਂ ਸੀ ਤੇ ਉਹ ਅਜ਼ਾਦੀ ਅੱਜ ਵੀ ਨਹੀਂ ਹੈ। ਸਰਕਾਰ ਦੇ ਖਿਲਾਫ ਖੁੱਲ੍ਹ ਕੇ ਬੋਲਣ ਦਾ ਅਰਥ ਹੈ ਆਪਣੇ ਉੱਪਰ ਦੇਸ਼ ਧ੍ਰੋਹ ਦਾ ਇਲਜ਼ਾਮ ਲਗਵਾ ਲੈਣਾ। 1947 ਤੋਂ ਬਾਅਦ ਇਹ ਗੁਲਾਮੀ ਹੋਰ ਵੀ ਸਖ਼ਤ ਹੋਈ ਹੈ। ਪਹਿਲਾਂ ਅੰਗਰੇਜ਼ੀ ਸਰਕਾਰਾਂ ਖਿਲਾਫ ਜਦੋਂ ਆਵਾਜ਼ ਉੱਠਦੀ ਸੀ ਤਾਂ ਭਾਰਤ ਦੇ ਹਰ ਕੋਨੇ ਵਿੱਚੋਂ ਲੋਕ ਉਸ ਆਵਾਜ਼ ਦੇ ਹੱਕ ਵਿੱਚ ਆਣ ਖੜ੍ਹਦੇ ਸਨ, ਚਾਹੇ ਉਹ ਕਿਸੇ ਵੀ ਧਰਮ, ਜਾਤ ਜਾਂ ਪ੍ਰਾਂਤ ਦਾ ਹੋਵੇ। ਪਰ ਹੁਣ ਦੀ ਗੁਲਾਮੀ ਪਹਿਲਾਂ ਨਾਲੋਂ ਵੱਖਰੀ ਹੈ। ਹੁਣ ਹੱਕ ਸੱਚ ਦੀ ਆਵਾਜ਼ ਚੁੱਕਣ ਵਾਲਿਆਂ ਨੂੰ ਦੇਸ਼ ਧ੍ਰੋਹੀ ਗਰਦਾਨਿਆਂ ਜਾਂਦਾ ਹੈ ਅਤੇ ਉਸ ਆਵਾਜ਼ ਨੂੰ ਕਿਸੇ ਖਾਸ ਫ਼ਿਰਕੇ ਦੀ ਆਵਾਜ਼ ਬਣਾ ਕੇ ਧਰਮ ਵਿਰੋਧੀ ਵੀ ਗਰਦਾਨਿਆ ਜਾਂਦਾ ਹੈ। ਮਾਨਸਿਕ ਤੌਰ 'ਤੇ ਗੁਲਾਮ ਹੋਏ ਲੋਕ ਆਪਣੀ ਸੋਚਣ ਸ਼ਕਤੀ ਇਸ ਕਦਰ ਗੁਆ ਚੁੱਕੇ ਹਨ ਕਿ ਉਹਨਾਂ ਨੂੰ ਇਸ ਗੱਲ ਦਾ ਵੀ ਇਲਮ ਨਹੀਂ ਹੁੰਦਾ ਕਿ ਇਹ ਆਵਾਜ਼ ਸਿਰਫ ਇੱਕ ਖ਼ਾਸ ਵਿਅਕਤੀ ਜਾਂ ਫਿਰਕੇ ਦੀ ਆਵਾਜ਼ ਨਹੀਂ, ਇਹ ਆਵਾਜ਼ ਸਰਬੱਤ ਦੇ ਭਲੇ ਲਈ ਹੈ। ਦੇਸ਼ ਦੇ ਚੁਣੇ ਹੋਏ ਨੇਤਾਵਾਂ ਨੇ ਸੱਤਾ ਸੁਖ ਭੋਗਣ ਲਈ ਉਹ ਰਾਜਨੀਤੀ ਅਪਣਾਈ ਹੈ ਜੋ ਕਿਸੇ ਵੇਲੇ ਅੰਗਰੇਜ਼ਾਂ ਨੇ ਅਪਣਾਈ ਸੀ, 'ਪਾੜੋ ਤੇ ਰਾਜ ਕਰੋ'। ਅੱਜ ਵੀ ਉਸੇ ਨੀਤੀ 'ਤੇ ਚੱਲਦਿਆਂ ਜਿੱਥੇ ਧਰਮ ਨੂੰ ਸੱਤਾ ਸੁਖ ਲਈ ਸਭ ਤੋਂ ਵੱਡਾ ਹਥਿਆਰ ਬਣਾਇਆ ਹੋਇਆ ਹੈ, ਉੱਥੇ ਹੀ ਆਮ ਲੋਕਾਂ ਨੂੰ ਸਿੱਖਿਆ ਤੋਂ ਵੀ ਵਾਂਝਾ ਰੱਖਿਆ ਜਾ ਰਿਹਾ ਹੈ। ਦੇਸ਼ ਵਿੱਚ ਹੱਦੋਂ ਵੱਧ ਪੈਦਾ ਹੋ ਰਹੇ ਪ੍ਰਾਈਵੇਟ ਸਿੱਖਿਆ ਅਦਾਰੇ ਇਸੇ ਦਾ ਹੀ ਹਿੱਸਾ ਹਨ। ਇਨ੍ਹਾਂ ਅਦਾਰਿਆਂ ਵਿੱਚ ਵਿਦਿਆਰਥੀਆਂ ਨੂੰ ਸਿੱਖਿਆ ਤੋਂ ਅਸਲ ਵਿੱਚ ਦੂਰ ਰੱਖਿਆ ਜਾਂਦਾ ਹੈ ਤੇ ਸਰਕਾਰੀ ਅਦਾਰਿਆਂ ਨੂੰ ਕਿਸੇ ਨਾ ਕਿਸੇ ਬਹਾਨੇ ਖਤਮ ਕੀਤਾ ਜਾ ਰਿਹਾ ਹੈ। ਸਿੱਖਿਅਤ ਵਰਗ ਸੋਚਣ ਸਮਝਣ ਦੀ ਤਾਕਤ ਰੱਖਦਾ ਹੈ ਤੇ ਆਪਣੇ ਆਪ ਨੂੰ ਮਾਨਸਿਕ ਗੁਲਾਮੀ ਤੋਂ ਆਜ਼ਾਦ ਕਰਵਾਉਣ ਦੀ ਤਾਕਤ ਰੱਖਦਾ ਹੈ। ਕਿਸੇ ਵੀ ਦੇਸ਼ ਦੀ ਜਨਤਾ ਨੂੰ ਗੁਲਾਮ ਬਣਾ ਕੇ ਰੱਖਣ ਦਾ ਸਭ ਤੋਂ ਸੌਖਾ ਤਰੀਕਾ ਹੁੰਦਾ ਹੈ ਕਿ ਲੋਕਾਂ ਨੂੰ ਧਾਰਮਿਕ ਅੰਧਵਿਸ਼ਵਾਸ ਵਿੱਚ ਜਕੜ ਦੇਵੋ। ਧਾਰਮਿਕ ਅੰਧਵਿਸ਼ਵਾਸ ਵਿੱਚ ਜਕੜ ਹੋਇਆ ਵਿਅਕਤੀ ਕਦੀ ਵੀ ਗੁਲਾਮੀ ਦੀਆਂ ਜ਼ੰਜੀਰਾਂ ਨਹੀਂ ਤੋੜ ਸਕਦਾ ਕਿਉਂਕਿ ਉਹ ਬੇਹੱਦ ਕਮਜ਼ੋਰ ਹੋ ਚੁੱਕਾ ਹੁੰਦਾ ਹੈ।

ਧਾਰਮਿਕ ਅੰਧਵਿਸ਼ਵਾਸ ਵਿੱਚ ਲੋਕਾਂ ਨੂੰ ਜਕੜਨ ਲਈ ਅੰਗਰੇਜ਼ਾਂ ਦੀ ਤਰ੍ਹਾਂ ਹੀ ਆਜ਼ਾਦ ਭਾਰਤ ਦੀ ਹਕੂਮਤ ਵੀ ਡੇਰਾਵਾਦ ਨੂੰ ਉਤਸ਼ਾਹਿਤ ਕਰਦੀ ਹੈ ਕਿਉਂਕਿ ਲੋਕਾਂ ਦੀ ਮਾਨਸਿਕਤਾ ਨੂੰ ਗੁਲਾਮ ਬਣਾਉਣ ਦਾ ਕੰਮ ਸਭ ਤੋਂ ਵੱਧ ਇਨ੍ਹਾਂ ਡੇਰਿਆ ਵਿੱਚ ਹੀ ਕੀਤਾ ਜਾਂਦਾ ਹੈ। ਜਿਨ੍ਹਾਂ ਡੇਰਿਆਂ ਨੂੰ ਸਰਕਾਰਾਂ ਵਲੋਂ ਕੰਟਰੋਲ ਕੀਤਾ ਜਾਣਾ ਚਾਹੀਦਾ ਸੀ, ਉਹ ਡੇਰੇ ਹੁਣ ਸਰਕਾਰ ਨੂੰ ਕੰਟਰੋਲ ਕਰ ਰਹੇ ਹਨ। ਕੋਈ ਵੀ ਰਾਜਨੀਤਿਕ ਆਗੂ ਇਨ੍ਹਾਂ ਖਿਲਾਫ ਖੁੱਲ੍ਹ ਕੇ ਨਹੀਂ ਬੋਲ ਸਕਦਾ ਕਿਉਂਕਿ ਇਹ ਡੇਰੇ ਇਨ੍ਹਾਂ ਆਗੂਆਂ ਲਈ ਵੋਟ ਬੈਂਕ ਦਾ ਕੰਮ ਕਰਦੇ ਹਨ। ਡੇਰੇ ਆਮ ਤੇ ਗਰੀਬ ਲੋਕਾਂ ਨੂੰ ਸਵਰਗ ਦੇ ਸੁਪਨੇ ਵਿਖਾ ਕੇ ਆਪਣੇ ਬੰਧੂਆ ਮਜ਼ਦੂਰਾਂ ਦੀ ਤਰ੍ਹਾਂ ਇਸਤੇਮਾਲ ਕਰਦੇ ਹਨ ਅਤੇ ਇਨ੍ਹਾਂ ਨੂੰ ਕਈ ਸਮਾਜ ਅਤੇ ਦੇਸ਼ ਵਿਰੋਧੀ ਕੰਮਾਂ ਲਈ ਇਸਤੇਮਾਲ ਕਰਦੇ ਹਨ ਪਰ ਫਿਰ ਵੀ ਰਾਜਨੀਤਿਕ ਆਗੂ ਚੁੱਪ ਧਾਰੀ ਬੈਠੇ ਹਨ ਤੇ ਦੇਸ਼ ਦਾ ਬੁੱਧੀਜੀਵੀ ਵਰਗ ਵੀ ਇਨ੍ਹਾਂ ਖਿਲਾਫ ਆਪਣੀ ਜ਼ਬਾਨ ਅਤੇ ਕਲਮ ਉੱਤੇ ਲਗਾਮ ਲਗਾਈ ਬੈਠਾ ਹੈ। ਇਹ ਸਭ ਇਹ ਦਰਸਾਉਂਦਾ ਹੈ ਕਿ ਬੁੱਧੀਜੀਵੀ ਵਰਗ ਵੀ ਆਜ਼ਾਦੀ ਦਾ ਨਿੱਘ ਮਹਿਸੂਸ ਨਹੀਂ ਕਰ ਰਿਹਾ। ਇਹੋ ਜਿਹਾ ਡਰ ਹੀ ਅੰਗਰੇਜ਼ੀ ਹਕੂਮਤ ਵਿੱਚ ਵੇਖਣ ਨੂੰ ਮਿਲਦਾ ਸੀ।

ਹਾਂ, ਅੰਗਰੇਜ਼ੀ ਹਕੂਮਤ ਤੇ ਹੁਣ ਦੀ ਹਕੂਮਤ ਵਿੱਚ ਫਰਕ ਸਿਰਫ ਇੰਨਾ ਹੈ ਕਿ ਉਦੋਂ ਮੀਡੀਆ ਇੱਕ ਆਜ਼ਾਦ ਸੋਚ ਰੱਖਦਾ ਸੀ ਤੇ ਸਰਕਾਰ ਦੀਆਂ ਗਲਤ ਨੀਤੀਆਂ 'ਤੇ ਸਵਾਲ ਉਠਾਉਂਦਾ ਸੀ ਪਰ ਅੱਜ ਦੇਸ਼ ਦੇ ਮੀਡੀਆ ਦਾ ਇੱਕ ਵੱਡਾ ਹਿੱਸਾ ਸਰਕਾਰ ਦੀਆਂ ਗਲਤ ਨੀਤੀਆਂ ਅਤੇ ਜਨਤਾ 'ਤੇ ਹੋ ਰਹੇ ਤਸ਼ੱਦਦ ਨੂੰ ਵੀ ਸਰਕਾਰ ਦੀਆਂ ਕਾਰਗੁਜ਼ਾਰੀਆਂ ਬਣਾ ਕੇ ਪੇਸ਼ ਕਰਦਾ ਹੈ ਤੇ ਸਰਕਾਰ ਦੇ ਗੁਣਗਾਣ ਕਰਦਾ ਹੈ। ਮੀਡੀਆ ਹੀ ਆਮ ਜਨਤਾ ਦੀ ਆਵਾਜ਼ ਮੰਨਿਆ ਜਾਂਦਾ ਰਿਹਾ ਹੈ ਪਰ ਉਹ ਇਹ ਆਵਾਜ਼ ਵੀ ਹੁਣ ਗੁਲਾਮ ਬਣਕੇ ਰਹਿ ਗਈ ਹੈ। ਸੱਚ ਲਿਖਣਾ ਅਤੇ ਸੱਚ ਬੋਲਣਾ ਹੁਣ ਗੁਨਾਹ ਬਣਦਾ ਜਾ ਰਿਹਾ ਹੈ। ਸਵਾਲ ਇਹ ਉੱਠਦਾ ਹੈ ਕਿ ਇਨ੍ਹਾਂ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਿਆ ਕਿਵੇਂ ਜਾਵੇ? ਗੁਲਾਮੀ ਦੀਆਂ ਜ਼ੰਜੀਰਾਂ ਸਿਰਫ ਲੋਕਾਂ ਦੇ ਸਿੱਖਿਅਤ ਹੋਣ ਨਾਲ ਹੀ ਟੁੱਟ ਸਕਦੀਆਂ ਹਨ। ਸਿੱਖਿਆ ਵੀ ਉਹ, ਜਿਸ ਰਾਹੀਂ ਵਿਦਿਆਥੀਆਂ ਵਿੱਚ ਵਿਗਿਆਨਕ ਸੋਚ ਪੈਦਾ ਕੀਤੀ ਜਾ ਸਕੇ। ਜਦ ਲੋਕ ਵਿਗਿਆਨਕ ਸੋਚ ਅਪਣਾਉਣ ਲੱਗ ਜਾਣਗੇ ਤਾਂ ਉਹ ਧਾਰਮਿਕ ਅੰਧਵਿਸ਼ਵਾਸ ਤੋਂ ਦੂਰ ਹੋ ਜਾਣਗੇ। ਵਿਗਿਆਨਕ ਸੋਚ ਲੋਕਾਂ ਨੂੰ ਆਪਣੇ ਬਾਰੇ ਚੰਗਾ ਸੋਚਣ ਲਈ ਮਜਬੂਰ ਕਰੇਗੀ। ਸਿੱਖਿਆ ਵਿੱਚ ਲੋਕਾਂ ਨੂੰ ਉਹਨਾਂ ਦੇ ਅਧਿਕਾਰਾਂ ਬਾਰੇ ਵੀ ਦੱਸਿਆ ਜਾਵੇ ਤਾਂ ਜੋ ਉਹ ਆਪਣੇ ਬਣਦੇ ਅਧਿਕਾਰ ਲੈਣ ਲਈ ਸੰਘਰਸ਼ ਕਰਨ ਲਈ ਤਿਆਰ ਹੋ ਸਕਣ। ਜਦੋਂ ਲੋਕਾਂ ਨੂੰ ਆਪਣੇ ਹੱਕ ਲੈਣ ਦੀ ਜਾਚ ਆ ਜਾਵੇਗੀ ਅਤੇ ਧਰਮ ਦੇ ਸਹੀ ਅਰਥ ਪਤਾ ਲੱਗ ਜਾਣਗੇ ਤਾਂ ਫਿਰ ਉਹ ਗੁਲਾਮੀ ਦੀਆਂ ਜ਼ੰਜੀਰਾਂ ਸੌਖਿਆਂ ਹੀ ਤੋੜ ਸਕਣਗੇ। ਸਰਕਾਰਾਂ ਇਹ ਨਾਅਰਾ ਦਿੰਦੀਆਂ ਹਨ ਕਿ ਹਰ ਨਾਗਰਿਕ ਸਿੱਖਿਅਤ ਹੋਵੇ ਪਰ ਧਰਾਤਲ 'ਤੇ ਉਹ ਕੰਮ ਨਹੀਂ ਕਰਦੀਆਂ। ਸੋ ਇਹ ਸਾਡਾ, ਹਰ ਇੱਕ ਮਾਂ ਬਾਪ ਦਾ ਫਰਜ਼ ਬਣਦਾ ਹੈ ਕਿ ਬੱਚੇ ਨੂੰ ਸਕੂਲ ਭੇਜਣ ਤੇ ਨਾਲ ਹੀ ਆਪ ਵੀ ਆਪਣੇ ਬੱਚਿਆਂ ਨੂੰ ਉਹਨਾਂ ਦੇ ਅਧਿਕਾਰਾਂ ਬਾਰੇ ਵੀ ਜਾਣਕਾਰੀ ਦੇਈਏ। ਜਿਹੜੇ ਕੰਮ ਸਰਕਾਰਾਂ ਨਹੀਂ ਕਰਦੀਆਂ, ਉਹ ਸਾਨੂੰ ਆਪ ਕਰਨੇ ਪੈਣਗੇ। ਆਪਣੇ ਆਪ ਨੂੰ ਤੇ ਆਪਣੇ ਬੱਚਿਆਂ ਨੂੰ ਧਰਮ ਦੀ ਸਹੀ ਵਿਆਖਿਆ ਕਰਦੇ ਹੋਏ ਡੇਰਿਆਂ ਤੋਂ ਦੂਰ ਰੱਖਣਾ ਪਵੇਗਾ ਤਾਂ ਹੀ ਅਸੀਂ ਗੁਲਾਮੀ ਦੀਆਂ ਜ਼ੰਜੀਰਾਂ ਤੋੜ ਕੇ ਇੱਕ ਚੰਗੇ ਸਮਾਜ ਅਤੇ ਇੱਕ ਚੰਗੇ ਦੇਸ਼ ਦੀ ਸਿਰਜਣਾ ਕਰ ਸਕਦੇ ਹਾਂ। ਜਿਸ ਦੇਸ਼ ਦੇ ਲੋਕ ਮਾਨਸਿਕ ਤੌਰ 'ਤੇ ਗੁਲਾਮ ਨਹੀਂ ਹੁੰਦੇ, ਉਹ ਦੇਸ਼ ਤਰੱਕੀ ਕਰਦੇ ਹਨ।

# ਵਕਤ

ਲਿਖਤ : ਦਰਸ਼ਨ ਸਿੰਘ, ਸੰਪਰਕ: 94667-37933



ਪਤਾ ਨਹੀਂ ਹੁੰਦਾ ਜ਼ਿੰਦਗੀ ਕਿੱਥੇ ਤੇ ਕਦੋਂ ਕੋਈ ਤਿੱਖਾ ਮੋੜ ਕੱਟ ਲਵੇ। ਦੁੱਖਾਂ-ਮੁਸੀਬਤਾਂ ਨਾਲ ਜੂਝਣਾ ਪਵੇ। ਪੈਰ ਪੈਰ 'ਤੇ ਵਲਗਣਾਂ ਹੋਣ। ਵਿੰਹਦੇ ਵਿੰਹਦੇ ਹੀ ਸੋਚਾਂ ਤੇ ਸੁਪਨਿਆਂ 'ਤੇ ਪਾਣੀ ਫਿਰ ਜਾਵੇ। ਨੱਚਣ, ਟੱਪਣ ਤੇ ਕੁੱਦਣ ਦੇ ਚਾਅ ਬੀਤੇ ਕੱਲ੍ਹ ਦੀਆਂ ਗੱਲਾਂ ਹੋ ਜਾਣ। ਬੇਖ਼ਬਰੇ ਹੀ ਇਉਂ ਸਭ ਅਚਨਚੇਤੀ ਹੋ ਜਾਂਦਾ ਹੈ...।

''ਚਲੋ, ਦੋਵੇਂ ਰੋਟੀ ਬਣਾਈਏ...'' ਢਿੱਲੀ-ਮੱਠੀ ਰਹਿੰਦੀ ਮੇਰੀ ਪਤਨੀ ਨੇ ਇੱਕ ਦਿਨ ਕਿਹਾ। ''ਕੀ ਗੱਲ?'' ਮੈਂ ਪੁੱਛਿਆ। ''ਸਿੱਖ ਲੈਣਾ ਚਾਹੀਦੈ। ਸਮੇਂ ਸਮੇਂ ਦੇ ਰੰਗ ਨੇ, ਕੀ ਪਤਾ ਕਿਹੜੇ ਵੇਲੇ ਬੇਰੰਗ ਹੋ ਜਾਣ।'' ਅਕਸਰ ਮੇਰਾ ਹੱਥ ਫੜ ਕੇ ਉਹ ਮੈਨੂੰ ਰਸੋਈ 'ਚ ਲੈ ਜਾਂਦੀ। ਆਟਾ ਗੁੰਨ੍ਹਣ ਤੋਂ ਰੋਟੀ ਪਕਾਉਣ ਤੱਕ ਦੀ ਹਰ ਕਿਰਿਆ ਮੈਨੂੰ ਸਮਝਾਉਂਦੀ। ਅੱਧਸੜੀ ਤੇ ਅੱਧਕੱਚੀ ਰੋਟੀ ਬਣਾਉਣ 'ਚ ਇਕ ਦਿਨ ਮੈਂ ਸਫ਼ਲ ਹੋ ਗਿਆ। ਅੱਧੀ ਉਸ ਨੇ ਖਾਧੀ, ਅੱਧੀ ਮੈਂ। ਉਸ ਦੀ ਅੱਖ ਦਾ ਹੰਝੂ ਮੇਰੀ ਸਮਝ ਤੋਂ ਬਾਹਰ ਸੀ ਪਰ ਉਹ ਪਲ ਬੜੇ ਮੋਹ ਵਾਲਾ ਸੀ।

ਕਦੇ ਕਦਾਈਂ ਜਦ ਦੋ-ਤਿੰਨ ਦਿਨ ਲਈ ਉਸ ਨੂੰ ਕਿਤੇ ਰਿਸ਼ਤੇਦਾਰੀ 'ਚ ਜਾਣਾ ਪੈਂਦਾ, ਆਖਦੀ, ''ਚੌਲ ਪਏ ਨੇ। ਆਟਾ ਵੀ। ਦੁੱਧ ਲੈ ਆਇਓ। ਕੱਲ੍ਹ ਪਰਸੋਂ ਨੂੰ ਮੈਂ ਮੁੜ ਈ ਆਉਣਾ...।'' ਦੂਰ ਦੀ ਸੋਚ ਰੱਖਣ ਵਾਲੀ ਸ਼ਾਇਦ ਨਹੀਂ ਸੀ ਚਾਹੁੰਦੀ ਕਿ ਮੈਂ ਕਿਸੇ ਦੇ ਹੱਥਾਂ ਦਾ ਮੁਥਾਜ ਹੋਵਾਂ। ਉਡੀਕਦਾ ਰਹਾਂ ਕਿ ਕਦੋਂ ਰੋਟੀ ਆਵੇ ਤੇ ਖਾਵਾਂ। ''ਪੱਕੀਆਂ ਪਕਾਈਆਂ ਸਾਰੀ ਉਮਰ ਨੀਂ ਮਿਲਦੀਆਂ... ਨਾ ਹੀ ਕਿਸੇ 'ਤੇ ਬਹੁਤੀਆਂ ਆਸਾਂ ਧਰੀਦੀਆਂ...। ਢੰਗ ਤਰੀਕਾ ਪਤਾ ਜ਼ਰੂਰ ਹੋਵੇ ਕਿ ਜ਼ਿੰਦਗੀ ਨੂੰ ਕਿਵੇਂ ਜਿਊਣਾ ਹੈ।'' ਉਸ ਦਾ ਇਹ ਅਹਿਸਾਸ ਮੈਨੂੰ ਟੁੰਬਦਾ ਸੀ ਪਰ ਸੋਚਦਾ ਜ਼ਰੂਰ ਕਿ ਕੀ ਉਸ ਦੀ ਸੋਚ ਵਿਚ ਆਪਣੇ ਰੋਗ ਨੂੰ ਲੈ ਕੇ ਮੇਰੇ ਭਵਿੱਖ ਪ੍ਰਤੀ ਕੋਈ ਚਿੰਤਾ ਸੀ? ਉਸ ਦੀਆਂ ਗੱਲਾਂ ਵਿੱਚ ਪਸਰਿਆ ਹੋਇਆ ਡਰ ਉਸ ਦੇ ਅੰਦਰ ਦੇ ਡਰ ਦਾ ਹੀ ਪ੍ਰਛਾਵਾਂ ਜਾਪਦਾ ਸੀ। ਮਨ ਦੀ ਕਿਸੇ ਝਿਜਕ ਕਾਰਨ ਨਾ ਕਦੇ ਇਸ ਬਾਰੇ ਮੈਂ ਪੁੱਛਿਆ ਤੇ ਨਾ ਹੀ ਕਦੇ ਉਸ ਨੇ ਖੁੱਲ੍ਹ ਕੇ ਗੱਲ ਕੀਤੀ। ਮੈਨੂੰ ਧੀਰਜ ਰੱਖਣਾ ਹੀ ਪੈਣਾ ਸੀ।

ਰਾਹ ਜਾਂਦੇ ਕਿਸੇ ਦੀ ਅਚੇਤ ਕਹੀ ਗੱਲ ਵੀ ਜ਼ਿੰਦਗੀ ਨੂੰ ਕਿਤੇ ਦੀ ਕਿਤੇ ਲੈ ਜਾਂਦੀ ਹੈ। ਆਪਣਿਆਂ ਦੀਆਂ ਗੱਲਾਂ ਤਾਂ ਹੋਰ ਵੀ ਡੂੰਘੀਆਂ ਹੁੰਦੀਆਂ ਹਨ। ਬੜੀ ਗਹਿਰੀ ਗੱਲ ਮੈਂ ਉਸ ਤੋਂ ਸੁਣੀ ਸੀ ਕਿ ਸਫ਼ਲਤਾ ਮਿਲਦੀ ਨਹੀਂ, ਹਾਸਲ ਕਰਨੀ ਪੈਂਦੀ ਹੈ। ਰਸੋਈ ਦਾ ਕਾਫ਼ੀ ਤਜਰਬਾ ਮੈਨੂੰ ਹੋ ਗਿਆ ਸੀ। ਲੂਣ, ਮਿਰਚ, ਮਸਾਲੇ ਸਭ ਪਤਾ ਸਨ। ...ਤੇ ਫਿਰ

ਮੇਰੇ ਚਾਨਣ 'ਚ ਅਚਾਨਕ ਹਨੇਰਾ ਘੁਲ ਗਿਆ। ਲੰਮਾ ਆਖ਼ਰੀ ਸਾਹ ਭਰਦੇ ਉਸ ਨੇ ਸਦੀਵੀ ਅੱਖਾਂ ਮੀਚ ਲਈਆਂ। ...ਚਾਅ ਨਾਲ ਰੰਗਾਈਆਂ ਉਸ ਦੀਆਂ ਚੁੰਨੀਆਂ ਨੂੰ ਦੇਖਦਾ ਤਾਂ ਸੋਚਦਾ ਕਿ ਵਕਤ ਦਾ ਇਕ ਰੰਗ-ਰੂਪ ਇਹ ਵੀ ਹੁੰਦਾ ਹੈ। ਕੰਧ 'ਤੇ ਟੰਗੇ ਬੇਜਾਨ ਸ਼ੀਸ਼ੇ ਦਾ ਵੀ ਕੰਧ ਨਾਲ ਕੋਈ ਰਿਸ਼ਤਾ ਹੁੰਦਾ ਹੈ। ਅਸੀਂ ਤਾਂ ਫਿਰ ਵੀ ਜੀਂਦੇ ਜਾਗਦੇ ਸਾਂ। ਪੌਣੇ ਉਨਤਾਲੀ ਵਰ੍ਹੇ ਤੋਂ ਸਾਡੇ ਸਾਂਝੇ ਹਾਸੇ ਰੋਣੇ ਸਨ।

''ਦਾਦੂ, ਭੁੱਖ ਲੱਗੀ ਐ,'' ਸੱਤ ਕੁ ਸਾਲ ਦੇ ਮੇਰੇ ਪੋਤੇ ਨੇ ਇਕ ਰਾਤ ਦਸ ਕੁ ਵਜੇ ਮੈਨੂੰ ਕਿਹਾ। ਨੂੰਹ-ਪੁੱਤ ਉਸ ਨੂੰ ਦਿਨ ਭਰ ਲਈ ਮੇਰੇ ਕੋਲ ਛੱਡ ਗਏ ਸਨ। ਸੋਚਿਆ, ਖਾਣ ਲਈ ਕੀ ਦਿਆਂ? ਮੇਰੇ ਕੋਲ ਉਸ ਵੇਲੇ ਸੇਬ ਕੇਲੇ ਹੀ ਸਨ ਜੋ ਖਾਣ ਲਈ ਉਹ ਰਾਜ਼ੀ ਨਹੀਂ ਸੀ। ''ਤੁਹਾਨੂੰ ਰੋਟੀ ਬਣਾਉਣੀ ਨਹੀਂ ਆਉਂਦੀ, ਦਾਦੂ?'' ਉਸ ਨੇ ਪੁੱਛਿਆ। ''ਤੂੰ ਬੈਠ। ਮੈਂ ਹੁਣੇ ਪਕਾ ਕੇ ਲਿਆਉਂਦਾ ਹਾਂ। ਤੇਰੀ ਦਾਦੀ ਮੈਨੂੰ ਸਿਖਾ ਗਈ ਸੀ।'' ਵਕਤ ਨੇ ਨਵੀਆਂ ਜ਼ਿੰਮੇਵਾਰੀਆਂ ਮੇਰੇ ਸਿਰ ਹੁਣ ਲੱਦ ਦਿੱਤੀਆਂ ਸਨ। ਸੋਚਾਂ ਭਰੇ ਮਨ ਨਾਲ ਮੈਂ ਪੈਰਾਂ ਨੂੰ ਰਸੋਈ ਵੱਲ ਵਧਾਇਆ। ਆਟਾ ਗੁੰਨ੍ਹਿਆ। ਰੋਟੀ ਪਕਾ ਕੇ ਥੋੜ੍ਹੇ ਜਿਹੇ ਆਚਾਰ ਨਾਲ ਪਲੇਟ ਉਸ ਅੱਗੇ ਰੱਖ ਦਿੱਤੀ। ''ਚੰਗੀ ਲੱਗੀ?'' ''ਬੜੀ ਵਧੀਆ, ਦਾਦੂ।'' ਉਸ ਦੇ ਨਿੱਕੇ ਜਿਹੇ ਜਵਾਬ ਨੇ ਮੈਨੂੰ ਬਹੁਤ ਵੱਡੀ ਤਸੱਲੀ ਨਾਲ ਭਰ ਦਿੱਤਾ। ਰੱਜ-ਪੁੱਜ ਕੇ ਉਹ ਗੂੜ੍ਹੀ ਨੀਂਦ ਸੌਂ ਗਿਆ। ਮੈਨੂੰ ਜਾਪਿਆ ਕਿ ਮਨ ਦੇ ਵਿਸ਼ੇਸ਼ ਅਹਿਸਾਸ ਜ਼ਿੰਦਗੀ ਨੂੰ ਸਲੀਕੇ ਨਾਲ ਅੱਗੇ ਤੋਰ ਸਕਦੇ ਹਨ। ਸੌਣ ਤੱਕ ਸੋਚਾਂ ਆਉਂਦੀਆਂ ਰਹੀਆਂ ਕਿ ਪਰਿਵਾਰ ਨੂੰ ਪਾਲਣ, ਸੰਵਾਰਨ ਤੇ ਮੋਹ-ਮੁਹੱਬਤਾਂ ਨਿਖਾਰਨ ਵਿਚ ਸੰਵੇਦਨਸ਼ੀਲ ਔਰਤ ਦੀ ਕਿੰਨਾ ਵੱਡੀ ਪ੍ਰੇਰਨਾ ਤੇ ਸਹਿਯੋਗ ਹੁੰਦਾ ਹੈ।

'ਜਵਾਨੀ ਨੂੰ ਬਚਪਨ ਨਹੀਂ ਲੱਭਦਾ, ਬੁਢਾਪੇ ਨੂੰ ਜਵਾਨੀ ਤੇ ਮੌਤ ਨੂੰ ਸਾਹ...।' ਮਨ 'ਚ ਕੁਝ ਵਲਵਲੇ ਬਚੇ ਸਨ ਤੇ ਦਿਮਾਗ਼ੀ ਪਰਤਾਂ 'ਚ ਕੁਝ ਯਾਦਾਂ। ''ਲੋੜ ਪਈ ਤਾਂ ਬੱਚਿਆਂ ਕੋਲ ਵੀ ਚਲੇ ਜਾਵਾਂਗੇ... ਬਦਲਦੇ ਵਕਤ ਦੇ ਹਾਲਾਤ ਅਨੁਸਾਰ ਕੁਝ ਸੋਚਾਂ ਬਦਲਾਂਗੇ, ਕੁਝ ਸੁਭਾਅ ਤੇ ਕੁਝ ਆਦਤਾਂ ਵੀ। ਇਕ ਉਮਰ ਨੂੰ ਛੂੰਹਦਿਆਂ ਮਨਮਰਜ਼ੀਆਂ ਨੂੰ ਮਾਰਨਾ ਤੇ ਦੱਬਣਾ ਪੈਣਾ ਵੀ ਹੈ।'' ਕਵਿਤਾ ਜਿਹੇ ਉਸ ਦੇ ਬੋਲੇ ਬੋਲ ਉੱਠਦਿਆਂ, ਬੈਠਦਿਆਂ, ਸੁੱਤਿਆਂ, ਜਾਗਦਿਆਂ ਜਿਵੇਂ ਹੁਣ ਵੀ ਮੇਰੇ ਨਾਲ ਨਾਲ ਚੱਲ ਰਹੇ ਸਨ। ਜੀਵ ਵਿਕਾਸ ਦੇ ਪੜ੍ਹੇ ਵਿਗਿਆਨਕ ਸਿਧਾਂਤ ਅਨੁਸਾਰ ਹਰ ਜੀਵ ਲਈ ਆਪਣੀ ਹੋਂਦ ਨੂੰ ਬਚਾਉਣ ਲਈ ਹਾਲਾਤ ਦੇ ਅਨੁਕੂਲ ਢਲਣਾ ਤੇ ਤੁਰਨਾ ਜ਼ਰੂਰੀ ਹੈ। ''ਤੁਸੀਂ ਸਾਡੇ ਕੋਲ ਕਦੋਂ ਆਉਗੇ, ਪਾਪਾ? ਅਸੀਂ ਰੋਜ਼ ਉਡੀਕਦੇ ਹਾਂ।'' ਨੂੰਹਾਂ ਪੁੱਤਾਂ ਦੇ ਸੁਨੇਹੇ ਮਨ ਨੂੰ ਸਕੂਨ ਦਿੰਦੇ। ਕੰਧ 'ਤੇ ਲਟਕਦੀ ਉਸ ਦੀ ਤਸਵੀਰ ਅੱਗੇ ਖੜ੍ਹਾ ਸੋਚਦਾ ਕਿ ਇਹ ਤਸਵੀਰ ਹੁਣ ਉਸ ਦੇ 'ਆਪਣੇ ਘਰ' ਤੋਂ ਉਸ ਦੀ ਕੁੱਖੋਂ ਜੰਮੇ ਪੁੱਤ ਦੇ ਘਰ ਦੀ ਕਿਸੇ ਕੰਧ 'ਤੇ ਟੰਗ ਦਿਆਂਗਾ। ਕੁਝ ਰੰਗ ਵਕਤ ਸਿਰਜ ਜਾਂਦਾ ਹੈ ਆਪਮੁਹਾਰਾ ਹੀ... ਤੇ ਕੁਝ ਮਨੁੱਖ ਨੇ ਆਪਣੀਆਂ ਕੋਸ਼ਿਸ਼ਾਂ ਨਾਲ ਆਪ ਵੀ ਸਿਰਜਣੇ ਹੁੰਦੇ ਹਨ। ਇਹੋ ਹੀ ਮਨੁੱਖ ਦੀ ਤਾਕਤ ਤੇ ਜ਼ਿੰਦਗੀ ਹੁੰਦੀ ਹੈ।



# ਸਿਹਤ ਸੰਸਾਰ


## ਕਿਓਂ ਨਹੀਂ ਯਾਦ ਆ ਰਿਹਾ ???

**ਲਿਖਤ : ਅਨਿਲ ਧੀਰ**
647.853.5800

"ਅਲਜ਼ਾਈਮਰ ਦੇ ਸ਼ਿਕਾਰ ਆਪਣਾ ਆਨਲਾਈਨ ਬੈਂਕ ਖਾਤਾ ਚੈੱਕ ਕਰਨ ਤੋਂ ਬਾਅਦ ਲਾਗ-ਆਉਟ ਕਰਨਾ ਭੁੱਲ ਜਾਣ ਕਰਕੇ ਸਕੈਮਰ ਅਤੇ ਹੈਕਰਾਂ ਦੇ ਹੱਥੇ ਚੜ ਜਾਣ ਨਾਲ ਜ਼ਿੰਦਗੀ ਦੀ ਜਮਾਂ-ਪੂੰਜੀ ਗੁਆ ਰਹੇ ਹਨ। ਯਾਦਾਸ਼ਤ ਨਾਲ ਜੁੜੀ ਆਮ ਸਮੱਸਿਆ ਅਲਜ਼ਾਈਮਰ ਦਾ ਵੱਧ ਰਿਹਾ ਅੰਕੜਾ ਵਿਸ਼ਵ ਲਈ ਅੱਜ ਇੱਕ ਚੁਣੋਤੀ ਬਣ ਗਿਆ ਹੈ। ਵਿਸ਼ਵ ਅਲਜ਼ਾਈਮਰ ਮਹੀਨਾ 2023 ਦਾ ਮਕਸਦ ਹੈ ਐਕਸ਼ਨ ਦੁਆਰਾ ਜਾਗਰੂਕਤਾ ਪੈਦਾ ਕਰਨਾ"- ਅਨਿਲ ਧੀਰ ਕਾਲਮਨਿਸਟ. ਥੈਰਾਪਿਸਟ. ਸੋਸ਼ਲ ਐਕਟੀਵਿਸਟ

ਜਨਵਰੀ, 2023 ਨੂੰ ਅਲਜ਼ਾਈਮਰ ਮਹੀਨੇ ਦੇ ਤੌਰ ਤੇ ਮਨਾਇਆ ਜਾ ਰਿਹਾ ਹੈ। ਜਿਸਦਾ ਉਦੇਸ਼ ਅਲਜ਼ਾਈਮਰ ਬਾਰੇ ਜਾਗਰੂਕਤਾ ਵਧਾਉਣਾ ਅਤੇ ਇਸ ਚੁਣੌਤੀ ਨੂੰ ਸਮਝ ਕੇ ਕੱਝ ਕਰਨਾ ਹੈ। ਅਲਜ਼ਾਈਮਰ ਰੋਗ ਦਿਮਾਗੀ ਕਮਜ਼ੋਰੀ ਦੀ ਇੱਕ ਕਿਸਮ ਹੈ ਜੋ ਯਾਦਾਸ਼ਤ, ਸੋਚ ਅਤੇ ਵਿਵਹਾਰ ਵਿੱਚ ਅੱਜ ਬੇਸ਼ੁਮਾਰ ਸਮੱਸਿਆਵਾਂ ਦਾ ਕਾਰਨ ਬਣ ਰਹੀ ਹੈ। ਇਨਸਾਨ ਦੀ ਕੋਈ ਬਿਮਾਰੀ ਅਤੇ ਵੱਧ ਰਹੀ ਉਮਰ ਦੇ ਨਾਲ-ਨਾਲ ਡੇਲੀ ਰੂਟੀਨ ਵਿਚ ਇਸਦੇ ਦਖਲ ਨਾਲ ਗੰਭੀਰ ਨਤੀਜੇ ਸਾਹਮਣੇ ਆ ਰਹੇ ਹਨ। ਵਿਸ਼ਵ ਭਰ ਵਿੱਚ ਇਹ ਦਿਮਾਗੀ ਕਮਜ਼ੋਰੀ ਦਾ ਅੰਕੜਾ 70-85% ਪਹੁੰਚ ਗਿਆ ਹੈ।

ਅਲਜ਼ਾਈਮਰ ਦੇ ਰੋਗੀ, ਜੋ 2030 ਤੱਕ 66 ਮਿਲੀਅਨ ਤੋਂ ਵੱਧ ਹੋਣ ਦਾ ਅਨੁਮਾਨ ਹੈ। ਸੰਯੁਕਤ ਰਾਜ ਮੌਤ ਦਾ ਛੇਵਾਂ ਕਾਰਨ ਅਤੇ ਪਛਿਲੇ 18 ਸਾਲ ਵਿਚ ਅਲਜ਼ਾਈਮਰ ਨਾਲ ਹੋਣ ਵਾਲੀਆਂ ਮੌਤਾਂ ਵਿਚ ਲਗਭਗ 146% ਵਾਧਾ ਹੋਇਆ ਹੈ।ਜਰੂਰੀ ਨਹੀਂ ਬਜ਼ੁਰਗ ਪੀੜਿਤ ਹਨ, ਲਗਭਗ 200,000 ਅਮਰੀਕੀ 65 ਸਾਲ ਤੋਂ ਘੱਟ ਉਮਰ ਵਿਅਕਤੀ ਸ਼ਿਕਾਰ ਹਨ। ਸ਼ੁਰੂਆਤੀ ਅਲਜ਼ਾਈਮਰ ਰੋਗ 30 ਤੋਂ 60 ਸਾਲ ਦੀ ਉਮਰ ਵਿਚ ਦੇਖਿਆ ਜਾ ਰਿਹਾ ਹੈ।ਅਲਜ਼ਾਈਮਰ ਦੀ ਆਮ ਹਾਲਤ ਵਿਚ ਵਿਅਕਤੀ ਰੋਜ਼ ਦੇ ਕੰਮ ਯਾਨਿ ਸਵਾਲ ਵਾਰ-ਵਾਰ ਕਰਨ ਤੋਂ ਲੈ ਕੇ ਗੱਲਾਂ ਨੂੰ ਛੇਤੀ ਭੁੱਲਣ ਲੱਗ ਪੈਂਦਾ ਹੈ। ਦੂਸਰੀ ਹਾਲਤ ਵਿਚ ਬਿਮਾਰੀ ਨਾਲ ਪੀੜਿਤਾਂ ਨੂੰ ਪਰਿਵਾਰ ਦੇ ਮੈਂਬਰ ਅਤੇ ਦੋਸਤਾਂ ਦੀ ਪਛਾਣ ਕਰਨ ਵਿਚ ਮੁਸ਼ਕਲ ਆਉਣੀ ਸ਼ੁਰੂ ਹੋ ਜਾਂਦੀ ਹੈ। ਯਾਦਾਸ਼ਤ ਘਟਣ ਨਾਲ ਰੋਗੀ ਕਨਫਿਊਜ਼



ਰਹਿੰਦਾ ਹੈ। ਇਸ ਹਾਲਤ ਵਿਚ ਪਰਸਨਲ ਕੰਮ ਜਿਵੇਂ ਮੂੰਹ ਧੋਣਾ, ਟੂਥ-ਬ੍ਰਸ਼ ਕਰਨਾ, ਖਾਣਾ-ਪੀਣਾ, ਅਤੇ ਕਪੜੇ ਬਦਲਣ ਵਗੈਰਾ ਵਿਚ ਵੀ ਮੁਸ਼ਕਲ ਆ ਸਕਦੀ ਹੈ।ਗੰਭੀਰ ਅਲਜ਼ਾਈਮਰ ਰੋਗ ਦੀ ਅਗਲੀ ਹਾਲਤ ਵਿਚ ਦਿਮਾਗੀ-ਸਿਸਟਮ ਜ਼ਿਆਦਾ ਕਮਜੋਰ ਹੋ ਜਾਣ ਕਰਕੇ ਦਿਮਾਗ ਦੇ ਟਿਸ਼ੂ, ਸੈਲਜ਼ ਸੁੰਗੜ ਜਾਂਦੇ ਹਨ। ਬ੍ਰੇਨ-ਸਰਕੁਲੇਸ਼ਨ ਘੱਟ ਜਾਂ ਖਤਮ ਦੀ ਹਾਲਤ ਰੋਗੀ ਬੈਡ ਰਿਡਨ ਹੋ ਜਾਂਦਾ ਹੈ। ਆਪਣੇ-ਆਪ ਕੁੱਝ ਕਰਕੇ ਰੋਗੀ ਦੀ ਨਿਰਭਰਤਾ ਵੱਧ ਜਾਂਦੀ ਹੈ।

ਅਲਜ਼ਾਈਮਰ ਬਿਮਾਰੀ ਦਾ ਅਸਲ ਕਾਰਨ ਵਿਗਿਆਨੀ ਅਜੇ ਤੱਕ ਸਮਝ ਨਹੀਂ ਪਾ ਰਹੇ ਹਨ। ਅਲਜ਼ਾਈਮਰ ਦੀ ਸ਼ੁਰੂਆਤ ਵਿਚ ਜੈਨੇਟਿਕ ਬਦਲਾਅ ਵੀ ਕਾਰਨ ਹੋ ਸਕਦਾ ਹੈ।ਅਲਜ਼ਾਈਮਰ ਦੀ ਅਗਲੀ ਸਟੇਜ਼ ਵਿਚ ਦਿਮਾਗ ਅੰਦਰ ਹੋਣ ਵਾਲੇ ਗੁੰਝਲਦਾਰ ਪਰਿਵਰਤਨ ਅਤੇ ਲਗਾਤਾਰ ਬਦਲ ਰਿਹਾ ਲਾਈਫਸਟਾਈਲ ਮਨਿਆ ਜਾ ਰਿਹਾ ਹੈ। ਅਲਜ਼ਾਈਮਰ ਦੇ ਵਿਕਾਸ ਦੇ ਖਤਰੇ ਨੂੰ ਵਧਾਉਣ ਵਿਚ ਬ੍ਰੇਨ ਸੈਲਜ਼, ਟਿਸ਼ੂ ਦੀ ਵੱਖ-ਵੱਖ ਤਰੀਕੇ ਨਾਲ ਬਦਲਦੀ ਹੋਈ ਕ੍ਰਿਆ ਹੋ ਸਕਦੀ ਹੈ। ਵਿਗਿਆਨੀ ਦਿਮਾਗ ਅਤੇ ਸਰੀਰ ਦੇ ਤਰਲ ਪਦਾਰਥਾਂ ਵਿਚ ਤਬਦੀਲੀਆਂ ਬਾਰੇ ਸਟਡੀ ਦੁਆਰਾ ਅਲਜ਼ਾਈਮਰ ਦੇ ਪੈਦਾ ਹੋਣ ਵਾਲੇ ਲਛਣਾਂ ਨੂੰ ਪਹਿਲਾਂ ਹੀ ਪਤਾ ਲਗਾਇਆ ਜਾ ਸਕਦਾ ਹੈ।ਔਪਲੀਪੋਪ੍ਰੋਟੀਨ ਈ ਜੀਨ ਦਾ ਇੱਕ ਰੂਪ ਹੋਣਾ ਸਰੀਰ ਅੰਦਰ ਖਤਰੇ ਨੂੰ ਵਧਾ ਰਹੀ ਹੈ।ਉਮਰ ਨਾਲ ਜੁੜੀਆਂ ਤਬਦੀਲੀਆਂ ਵਿਚ ਦਿਮਾਗ ਦੇ ਕੁੱਝ ਹਿੱਸੇ ਸਿੰਗੁੜ (ਐਟਰੋਫੀ) ਜਾਣ ਨਾਲ, ਨਾੜੀਆਂ ਦੀ ਕ੍ਰਿਆ ਬਿਗੜ ਜਾਂਦੀ ਹੈ।ਪੂਰਾ ਡੀਐਏ ਗਰੁੱਪ ਜੋ ਕਿਸੇ ਵਿਅਕਤੀ ਦੇ ਦੇਰ ਨਾਲ ਹੋਣ ਵਾਲੇ ਅਲਜ਼ਾਈਮਰ ਦੇ ਖਤਰੇ ਨੂੰ ਵੱਖ-ਵੱਖ ਡਿਗਰੀਆਂ ਵਿਚ ਵਧਾ ਜਾਂ ਘਟਾ ਸਕਦਾ ਹੈ।ਵੱਧ ਰਹੀ ਅਲਜ਼ਾਈਮਰ ਦੀ ਸਮੱਸਿਆ ਅੱਜ ਬੋਧਿਕ ਗਿਰਾਵਟ ਨਾਲ ਜੁੜੇ ਰੋਗ-ਸਟ੍ਰੋਕ, ਹਾਈ-ਬਲੱਡ ਪ੍ਰੈਸ਼ਰ, ਮੋਟਾਪਾ ਅਤੇ ਡਾਇਬੀਟੀਜ਼ ਵੀ ਜਿਮੇਵਾਰ ਹੋ ਸਕਦੇ ਹਨ। ਦਿਮਾਗ ਦੀ ਵੱਧ ਰਹੀ ਉਮਰ ਅਤੇ ਬਿਮਾਰੀ ਦੇ ਅਸਲ ਕਾਰਨ ਲਈ ਰਿਸਰਚ ਜ਼ਾਰੀ ਹੈ।

- ਅਲਜ਼ਾਈਮਰ ਤੋਂ ਬਚਾਅ ਲਈ ਗਲੋਬਲ ਐਕਸ਼ਨ ਦੀ ਮੰਗ ਕੀਤੀ ਜਾ ਰਹੀ ਹੈ। ਜੰਕ-ਫੂਡ ਨੂੰ ਕਿੱਕ, ਹੈਲਦੀ ਲਾਈਫਸਟਾਈਲ, ਵਾਤਾਵਰਣ ਅਤੇ ਬਿਮਾਰੀਆਂ ਤੋਂ ਬਚਾਅ ਦੇ ਤਰੀਕੇ ਅਲਜ਼ਾਈਮਰ ਦੇ ਵਿਕਾਸ ਨੂੰ ਘਟਾਉਣ ਵਿਚ ਭੂਮਿਕਾ ਨਿਭਾ ਸਕਦੇ ਹਨ।
- ਬਾਰ-ਬਾਰ ਅਤੇ ਛੇਤੀ ਭੁੱਲ ਜਾਣ ਦੀ ਸਮੱਸਿਆ ਲਈ ਸਰੀਰਕ-ਮਾਨਸਿਕ ਅਕੇਸਰਸਾਈਜ਼, ਪੌਸ਼ਟਿਕ ਖੁਰਾਕ, ਸੋਸ਼ਲ ਗਤੀਵਿਧੀਆਂ, ਆਤਮ ਵਿਸ਼ਵਾਸ, ਸਮੇਂ-ਸਮੇਂ ਤੇ ਮੈਡੀਕਲ ਚੈਕਅਪ ਅਤੇ ਬਿਮਾਰੀਆਂ ਦੇ ਪ੍ਰੋਪਰ ਇਲਾਜ਼ ਨਾਲ ਅਲਜ਼ਾਈਮਰ ਦੇ ਖਤਰੇ ਨੂੰ ਘਟਾਇਆ ਜਾ ਸਕਦਾ ਹੈ।
- ਅਲਜ਼ਾਈਮਰ ਦੀ ਜਾਂਚ ਲਈ ਕਲੀਨਿਕ ਟਰਾਇਲ ਦੁਆਰਾ "ਸੰਭਾਵਤ ਅਲਜ਼ਾਈਮਰ ਡਿਮੇਨਸ਼ੀਆ," ਰੋਗੀ ਅਤੇ ਪੂਰੇ ਪਰਿਵਾਰ ਦੀ ਸਮੁੱਚੀ ਸਿਹਤ, ਵਧੇਰੇ ਦਵਾਈਆਂ ਦੀ ਵਰਤੋਂ, ਖੁਰਾਕ, ਪਿਛਲੇ ਮੈਡੀਕਲ ਸਮੱਸਿਆਵਾਂ, ਡੇਲੀ ਗਤੀਵਿਧੀਆਂ ਕਰਨ ਦੀ ਯੋਗਤਾ, ਪੋਜ਼ੀਟਿਵ ਸੋਚ, ਮਾਨਸਿਕ ਵਿਵਹਾਰ ਵਿਚ ਤਬਦੀਲੀ ਬਾਰੇ ਜਾਂਚ, ਮੈਡੀਕਲ ਟੈਸਟ-ਐਮਆਰਆਈ, ਸੀਟੀਸੀ, ਪੀਈਟੀ, ਵਗੈਰਾ ਨਾਲ ਕਿਸੇ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ।
- ਅੰਤਰਰਾਸ਼ਟਰੀ ਪੱਧਰ ਤੰਦਰੁਸਤੀ ਲਈ 'ਤੇ ਅਲਜ਼ਾਈਮਰ ਦੀ ਕਲੀਨਿਕਲ ਖੋਜ, ਇਲਾਜ਼, ਰੋਕਥਾਮ, ਅਤੇ ਸਮਝਣ ਲਈ ਵਲੰਟੀਅਰਾਂ ਦੇ ਸਹਿਯੋਗ ਦੀ ਲੋੜ ਹੈ।
- ਸਿਗਰੇਟ ਜਾਂ ਤਮਾਕੂਨੋਸ਼ੀ ਅਤੇ ਜ਼ਿਆਦਾ ਅਲਕੋਹਲ ਇਸਤੇਮਾਲ ਕਰਨ ਵਾਲੇ ਦਿਮਾਗੀ ਕਮਜੋਰੀ, ਸ਼ੂਗਰ, ਸਟ੍ਰੋਕ ਅਤੇ ਕੈਂਸਰ ਵਰਗੀਆਂ ਖਤਰਨਾਕ ਬਿਮਾਰੀਆਂ ਦੇ ਨਾਲ ਅਲਜ਼ਾਈਮਰ ਦਾ ਵੀ ਖਤਰਾ ਵਧਾ ਰਹੇ ਹਨ। ਤੰਦਰੁਸਤੀ ਲਈ ਜੰਕ ਫੂਡ, ਜ਼ਿਆਦਾ ਸ਼ੂਗਰ, ਅਲਕੋਹਲ, ਅਤੇ ਨਸ਼ਿਆਂ ਦੀ ਆਦਤ ਕੰਟ੍ਰੋਲ ਕਰਨ ਦੀ ਲੋੜ ਹੈ।
- ਰੂਟੀਨ ਦੀ ਖੁਰਾਕ ਵਿਚ ਹਰੀਆਂ ਪੱਤੇਦਾਰ ਸਬਜ਼ੀਆਂ, ਓਮੇਗਾ ਸਪਲੀਮੈਂਟਸ, ਬਦਾਮ ਗਿਰੀ, ਦੁੱਧ, ਪਨੀਰ, ਦਹੀਂ, ਘਰੇਲੂ ਮਿਕਸ ਵੇਜ਼ੀਟੇਬਲ ਸੂਪ, ਤਾਜ਼ੇ ਫਲਾਂ ਦਾ ਰੱਸ, ਦਾਲਾਂ, ਬੀਨਜ਼, ਓਲਿਵ ਆਇਲ ਵਗੈਰਾ ਨੂੰ ਸ਼ਾਮਿਲ ਕਰੋ।

ਨੋਟ: ਆਨਲਾਈਨ ਆਪਣਾ ਬੈਂਕ ਖਾਤਾ ਚੈੱਕ ਕਰਨ ਤੋਂ ਬਾਅਦ ਲਾਗ-ਆਉਟ ਹੋਣਾ ਭੁੱਲ ਜਾਣਾ, ਆਪਣੇ ਗਲੇ ਵਿਚ ਲਟਕੀ ਹੋਈ ਐਨਕ ਲੱਭਣਾ, ਕਾਰ ਪਾਰਕ ਕਰਕੇ ਅਤੇ ਕਾਰ ਦੀ ਅਤੇ ਬਾਹਰੋਂ ਆਕੇ ਘਰ ਦੀ ਚਾਬੀ ਰੱਖ ਕੇ ਭੱਲ ਜਾਣਾ, ਦੋਸਤ-ਰਿਸ਼ਤੇਦਾਰਾਂ ਦੇ ਨਾਂ, ਰੋਜ ਦੇ ਜਰੂਰੀ ਕੰਮ, ਬਿੱਲਾਂ ਦਾ ਸਮੇਂ 'ਤੇ ਭੁਗਤਾਨ, ਕੰਮ ਕਰਨ ਦੀ ਯੋਗਤਾ ਘੱਟ ਜਾਣਾ, ਅਤੇ ਛੇਤੀ ਮੂਡ ਬਦਲ ਜਾਣ ਦੀ ਹਾਲਤ ਨੂੰ ਗੰਭੀਰਤਾ ਨਾਲ ਲੈ ਕੇ ਆਪਣੇ ਫੈਮਿਲੀ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਹਾਈ ਬਲੱਡ-ਪ੍ਰੈਸ਼ਰ, ਡਿਪ੍ਰੈਸ਼ਨ ਅਤੇ ਸ਼ੂਗਰ ਦੇ ਰੋਗੀਆਂ ਨੂੰ ਖਾਸ ਧਿਆਨ ਦੇਣ ਦੀ ਲੋੜ ਹੈ।

## ਰੀੜ ਦੀ ਹੱਡੀ ਦੇ ਦਰਦ ਅਤੇ ਘਰੇਲੂ ਇਲਾਜ



**ਲਿਖਤ**
ਵੈਦ ਅਮਨਦੀਪ ਸਿੰਘ ਬਾਪਲਾ
99146-11496

ਰੀੜ ਦੀ ਹੱਡੀ ਦਾ ਦਰਦ ਹੋਣਾ ਅੱਜਕਲ ਆਮ ਸੁਣਨ ਨੂੰ ਮਿਲਦਾ ਹੈ। ਕਈ ਵਾਰ ਇਸ ਨੂੰ ਮਾਮੂਲੀ ਸਮਝ ਕੇ ਇਗਨੋਰ ਕਰ ਦਿੱਤਾ ਜਾਂਦਾ ਹੈ ਪਰ ਰੀੜ੍ਹ ਦੀ ਹੱਡੀ 'ਤੇ ਹੋਣ ਵਾਲੇ ਰੋਗ ਨੂੰ ਅਨਦੇਖਿਆ ਕਰਨਾ ਪ੍ਰੇਸ਼ਾਨੀ ਦਾ ਕਾਰਨ ਬਣ ਸਕਦਾ ਹੈ, ਜਿਸ ਨੂੰ ਸਲੀਪ ਡਿਸਕ ਵੀ ਕਹਿੰਦੇ ਹਨ, ਇਹ ਦਰਦ ਕਮਰ ਦਰਦ ਵਰਗਾ ਹੀ ਹੁੰਦਾ ਹੈ ਪਰ ਜੇ ਇਸ ਦਾ ਸਹੀ ਸਮੇਂ 'ਤੇ ਇਲਾਜ ਨਾ ਕੀਤਾ ਜਾਵੇ ਤਾਂ ਇਸ ਨੂੰ ਜਲਦੀ ਠੀਕ ਕਰਨਾ ਮੁਸ਼ਕਿਲ ਹੋ ਜਾਂਦਾ ਹੈ।

ਸਾਡੀ ਰੀੜ੍ਹ ਦੀ ਹੱਡੀ ਕੁੱਲ 33 ਮਣਕਿਆਂ ਦੀ ਬਣੀ ਹੁੰਦੀ ਹੈ। ਇਨ੍ਹਾਂ ਵਿੱਚ ਸੱਤ ਸਰਵਾਈਕਲ (ਗਰਦਨ ਦੇ ਮਣਕੇ), 12 ਥੈਰੋਸਿਕ (ਪਿੱਠ ਦਾ ਭਾਗ), ਪੰਜ ਲੁੰਬਰ (ਕਮਰ) ਅਤੇ ਪੰਜ ਫਿਊਜ ਹੋ ਕੇ ਇੱਕ ਸੈਕਲਰ ਭਾਗ ਬਣਾਉਂਦੇ ਹਨ ਅਤੇ ਚਾਰ ਫਿਊਜ ਹੋ ਕੇ ਕੋਕਿਸੀ ਭਾਗ ਨੂੰ ਬਣਾਉਂਦੇ ਹਨ, ਜਿਸ ਨੂੰ ਪੂਛ ਵਾਲੀ (ਟੇਲ ਬੋਨ) ਹੱਡੀ ਕਿਹਾ ਜਾਂਦਾ ਹੈ। ਰੀੜ੍ਹ ਦੀ ਹੱਡੀ ਦੇ ਮਣਕਿਆਂ ਦੇ ਜੋੜਾਂ ਵਿੱਚ ਇੱਕ ਤਰਲ ਪਦਾਰਥ ਅਤੇ ਗੱਦੀਦਾਰ ਝਿੱਲੀਆਂ ਹੁੰਦੀਆਂ ਹਨ

ਹੌਲੀ-ਹੌਲੀ ਇਹ ਦਰਦ ਵਧ ਕੇ ਪੈਰਾਂ ਤਕ ਵੀ ਆਉਣ ਲੱਗਦਾ ਹੈ।ਅਤੇ ਸਰੀਰ ਦੇ ਹੋਰ ਅੰਗਾ ਤੇ ਵੀ ਅਸਰ ਪੈ ਸਕਦਾ ਹੈ ਕਿਉਂਕਿ ਆਪਣਾ ਸਰੀਰ ਰੀੜ ਦੀ ਹੱਡੀ ਤੇ ਟਿਕਿਆ ਹੁੰਦਾ ਹੈ,



### ਰੀੜ੍ਹ ਦੀ ਹੱਡੀ 'ਚ ਦਰਦ ਦੇ ਲੱਛਣ

- ਉੱਠਣ-ਬੈਠਣ ਅਤੇ ਚਲਣ-ਫਿਰਨ 'ਚ ਦਿੱਕਤ ਹੋਣਾ
- ਕਦੇ ਦਰਦ ਦਾ ਬਹੁਤ ਜਲਦੀ ਠੀਕ ਹੋ ਜਾਣਾ ਅਤੇ ਕਈ ਵਾਰ ਜ਼ਿਆਦਾ ਦੇਰ ਰਹਿਣਾ
- ਰੀੜ੍ਹ ਦੀ ਹੱਡੀ 'ਤੇ ਦਬਾਅ ਪੈਣਾ
- ਕਮਰ ਦੀਆਂ ਮਾਸਪੇਸ਼ੀਆਂ ਕਮਜ਼ੋਰ ਹੋਣਾ
- ਪੈਰਾਂ ਦੀ ਉਂਗਲੀਆਂ ਦਾ ਸੁੰਨ ਪੈਣਾ

### ਰੀੜ੍ਹ ਦੀ ਹੱਡੀ 'ਚ ਦਰਦ ਦੇ ਕਾਰਨ

- ਕਮਰ ਨੂੰ ਝਟਕਾ ਲੱਗਣਾ
- ਭਾਰੀ ਚੀਜ਼ ਉਠਾ ਕੇ ਚਲਣਾ
- ਕੰਮ ਕਰਦੇ ਹੋਏ ਅਚਾਨਕ ਝੁਕ ਜਾਣਾ
- ਹੱਡੀਆਂ ਕਮਜ਼ੋਰ ਹੋਣਾ
- ਗਲਤ ਤਰੀਕਿਆਂ ਨਾਲ ਉੱਠਣਾ-ਬੈਠਣਾ

### ਰੀੜ੍ਹ ਦੀ ਹੱਡੀ ਦੇ ਦਰਦ ਨੂੰ ਦੂਰ ਕਰਨ ਦੇ ਉਪਾਅ

ਰੀੜ ਦੀ ਹੱਡੀ ਦਾ ਇਲਾਜ ਨੈਰੋਥੈਰਪੀ ਰਾਹੀ ਬਹੁਤ ਵਧੀਆ ਤਰੀਕੇ ਨਾਲ ਕਰਵਾਇਆ ਜਾ ਸਕਦਾ ਹੈ।

ਮਰੀਜ ਨੂੰ ਐਕਸਰਸਾਇਜ ਵੀ ਜਰੂਰੀ ਕਰਨੀ ਚਾਹੀਦੀ ਹੈ।

### 1 . ਨਾਰੀਅਲ ਤੇਲ ਨਾਲ ਮਸਾਜ

ਰੀੜ ਦੀ ਹੱਡੀ 'ਚ ਦਰਦ ਹੋਣ 'ਤੇ ਨਾਰੀਅਲ ਤੇਲ ਨਾਲ ਮਸਾਜ ਕਰੋ। ਇਸ 'ਚ ਵਿਟਾਮਿਨ ਡੀ ਅਤੇ ਕੈਲਸ਼ੀਅਮ ਹੱਡੀਆਂ ਨੂੰ ਮਜ਼ਬੂਤ ਕਰਨ 'ਚ ਮਦਦ ਕਰਦੇ ਹਨ। ਨਾਰੀਅਲ ਦੇ ਤੇਲ 'ਚ ਸਰੋਂ ਦਾ ਤੇਲ ਮਿਲਾ ਕੇ ਇਸ 'ਚ 1-2 ਚੱਮਚ ਲਸਣ ਦੀਆਂ ਕਲੀਆਂ ਪਾ ਕੇ ਚੰਗੀ ਤਰ੍ਹਾਂ ਨਾਲ ਗਰਮ ਕਰ ਲਓ। ਇਸ ਦੇ ਕੋਸਾ ਹੋ ਜਾਣ ਦੇ ਬਾਅਦ ਇਸ ਨਾਲ ਮਸਾਜ ਕਰੋ।

### 2. ਦਾਲਚੀਨੀ ਪਾਊਡਰ

ਰੀੜ੍ਹ ਦੀ ਹੱਡੀ 'ਚ ਦਰਦ ਹੈ ਤਾਂ ਇਸ ਨੂੰ ਦੂਰ ਕਰਨ ਲਈ ਦਾਲਚੀਨੀ ਪਾਊਡਰ ਨੂੰ ਸ਼ਹਿਦ ਨਾਲ ਦਿਨ 'ਚ 2 ਵਾਰ ਲਓ। ਹੌਲੀ-ਹੌਲੀ ਦਰਦ ਠੀਕ ਹੋਣ ਲੱਗੇਗਾ।

### 3. ਬਿੱਲ ਗੁਦ

ਬਿਲ ਗੁਦ ਦਾ ਚੂਰਨ ਬਣਾ ਕੇ ਸਵੇਰੇ ਸਾਮ ਦੁੱਧ ਨਾਲ ਲੈਣਾ ਚਾਹੀਦਾ ਹੈ.

# ਸਮਾਜਿਕ-ਆਰਥਿਕ ਵਿਕਾਸ ਅਤੇ ਪਰਿਵਾਰ ਦਾ ਆਕਾਰ

ਲਿਖਤ : ਕੰਵਲਜੀਤ ਕੌਰ ਗਿੱਲ
ਸੰਪਰਕ : 98551-22857



ਆਰਥਿਕ ਵਿਕਾਸ ਅਤੇ ਵਸੋਂ ਦਾ ਵਾਧਾ ਲਮੇਂ ਸਮੇਂ ਤੋਂ ਬਹਿਸ ਦਾ ਵਿਸ਼ਾ ਰਿਹਾ ਹੈ। ਜਨ ਸੰਖਿਅਕ ਵਿਗਿਆਨੀਆਂ ਦੀ ਧਾਰਨਾ ਹੈ ਕਿ ਜਦੋਂ ਵਿਕਾਸ ਨਾਲ ਲੋੜੀਂਦੇ ਤੇ ਮੁੱਢਲੇ ਸੰਰਚਨਾਤਮਕ ਢਾਂਚੇ ਵਿੱਚ ਸੁਧਾਰ ਹੁੰਦੇ ਹਨ ਤਾਂ ਸਿਹਤ ਸੇਵਾਵਾਂ, ਸਿੱਖਿਆ, ਰੁਜ਼ਗਾਰ ਦੇ ਮੌਕੇ ਆਮ ਜੀਵਨ ਪੱਧਰ ਦੇ ਮਿਆਰ ਨੂੰ ਉੱਚਾ ਚੁੱਕਦੇ ਹਨ। ਜਿਉਂ-ਜਿਉਂ ਆਰਥਿਕ ਵਿਕਾਸ ਹੁੰਦਾ ਹੈ, ਇਸ ਦਾ ਸਕਾਰਾਤਮਕ ਪ੍ਰਭਾਵ ਸਮੁੱਚੇ ਸਮਾਜ ਅਤੇ ਸਮਾਜਿਕ ਕਦਰਾਂ-ਕੀਮਤਾਂ ਦੇ ਰੂਪ ਵਿੱਚ ਸਪਸ਼ਟ ਦਿਖਾਈ ਦਿੰਦਾ ਹੈ। ਵਸੋਂ ਦੇ ਵਾਧੇ ਨੂੰ ਪ੍ਰਭਾਵਿਤ ਕਰਦੇ ਮੁੱਖ ਕਾਰਕ ਜਨਮ ਦਰ, ਮੌਤ ਦਰ, ਕੁੱਲ ਜਨਣ ਸਮਰੱਥਾ ਆਦਿ ਘਟਣ ਲਗਦੇ ਹਨ ਅਤੇ ਅੰਤ ਵਿੱਚ ਕੁਦਰਤੀ ਨਿਊਨਤਮ ਪੱਧਰ 'ਤੇ ਆ ਜਾਂਦੇ ਹਨ। ਇਸ ਨੂੰ ਵਸੋਂ ਦੇ ਵਾਧੇ ਦਾ ਅੰਤਿਮ ਪੜਾਅ ਕਿਹਾ ਜਾਂਦਾ ਹੈ। ਇਸ ਪੜਾਅ 'ਤੇ ਵਸੋਂ ਦੇ ਵਾਧੇ ਦੀ ਦਰ ਘਟਣੀ ਸ਼ੁਰੂ ਹੋ ਜਾਂਦੀ ਹੈ। ਜੁਲਾਈ 2024 ਤੋਂ ਬਾਅਦ ਭਾਰਤ ਭਾਵੇਂ ਦੁਨੀਆ ਵਿੱਚ ਸਭ ਤੋਂ ਵਧੇਰੇ ਵਸੋਂ (142 ਕਰੋੜ) ਵਾਲਾ ਦੇਸ਼ ਬਣ ਗਿਆ ਪਰ ਅੰਕੜੇ ਇਹ ਵੀ ਦੱਸਦੇ ਹਨ ਕਿ 1991-2001 ਦੇ ਦਹਾਕੇ ਦੌਰਾਨ ਵਸੋਂ ਦੇ ਵਾਧੇ ਦੀ ਦਰ ਵਿੱਚ ਗਿਰਾਵਟ ਦਰਜ ਕੀਤੀ ਗਈ ਸੀ। ਇਸ ਤੋਂ ਬਾਅਦ ਭਾਰਤ ਵਿੱਚ ਵਸੋਂ ਦਾ ਵਾਧਾ ਘਟਦੀ ਹੋਈ ਦਰ ਨਾਲ ਹੀ ਹੋ ਰਿਹਾ ਹੈ।

ਵਸੋਂ ਦੇ ਵਾਧੇ ਅਤੇ ਪਰਿਵਾਰ ਦੇ ਆਕਾਰ ਦਾ ਸਿੱਧਾ ਸਬੰਧ ਹੈ। ਆਜ਼ਾਦੀ ਤੋਂ ਬਾਅਦ 1961-1981 ਦੇ ਸਮੇਂ ਦੌਰਾਨ ਵਸੋਂ ਦਾ ਵਾਧਾ ਵਿਸਫੋਟਕ ਸੀ। ਇਸ ਨੂੰ ਕੰਟਰੋਲ ਕਰਨ ਵਾਸਤੇ ਜਿਹੜੀਆਂ ਨੀਤੀਆਂ ਬਣਾਈਆਂ, ਉਹ ਕੇਰਲਾ ਤੇ ਪੰਜਾਬ ਦੇ ਸਮਾਜਿਕ ਆਰਥਿਕ ਵਿਕਾਸ ਮਾਡਲ ਤੋਂ ਪ੍ਰਭਾਵਿਤ ਸਨ। ਕੇਰਲਾ ਵਿੱਚ ਸਿੱਖਿਆ, ਖਾਸਕਰ ਔਰਤਾਂ ਦੀ ਵਧ ਰਹੀ ਸਾਖਰਤਾ ਦਰ ਅਤੇ ਸਿਹਤ ਸਹੂਲਤਾਂ ਕਾਰਨ ਉੱਥੇ ਪਰਿਵਾਰ ਦੇ ਆਕਾਰ ਛੋਟੇ ਬਣ ਗਏ। ਪੰਜਾਬ ਪ੍ਰਤੀ ਵਿਅਕਤੀ ਆਮਦਨ ਦੇ ਪੱਖ ਤੋਂ ਨੰਬਰ ਇੱਕ ਹੋਣ ਕਾਰਨ ਸਭ ਤੋਂ ਵੱਧ ਵਿਕਸਤ ਰਾਜਾਂ ਦੀ ਸ਼੍ਰੇਣੀ ਵਿੱਚ ਸੀ। ਇਥੇ ਵੀ ਪਰਿਵਾਰਾਂ ਦੇ ਆਕਾਰ ਛੋਟੇ ਹੋਣੇ ਸ਼ੁਰੂ ਹੋ ਗਏ। ਇਨ੍ਹਾਂ ਮਾਡਲਾਂ ਨੂੰ ਧਿਆਨ ਵਿੱਚ ਰੱਖਦਿਆਂ 1976 ਵਿੱਚ ਭਾਰਤ ਦੀ ਵਸੋਂ ਨੀਤੀ ਬਣਾਈ ਗਈ ਜਿਸ ਵਿੱਚ ਪਰਿਵਾਰ ਨਿਯੋਜਨ ਉੱਪਰ ਜ਼ੋਰ ਦਿੰਦਿਆਂ ਪ੍ਰਤੀ ਪਰਿਵਾਰ ਦੋ-ਤਿੰਨ ਬੱਚਿਆਂ ਦੀ ਅਪੀਲ ਕੀਤੀ ਗਈ। 2002 ਦੀ ਵਸੋਂ ਨੀਤੀ ਵਿੱਚ ਕੁਝ ਹੋਰ ਸੁਧਾਰਾਂ ਦੇ ਨਾਲ-ਨਾਲ ਪ੍ਰਤੀ ਪਰਿਵਾਰ 'ਹਮ ਦੋ, ਹਮਾਰੇ ਦੋ' ਦਾ ਨਾਅਰਾ ਦਿੱਤਾ ਗਿਆ। ਲਗਾਤਾਰ ਸਮਾਜਿਕ ਆਰਥਿਕ ਵਿਕਾਸ ਅਤੇ ਵਸੋਂ ਨਾਲ ਸਬੰਧਿਤ ਨੀਤੀਆਂ ਸਦਕਾ ਮੌਜੂਦਾ ਪਰਿਵਾਰ ਦਾ ਔਸਤਨ ਆਕਾਰ ਚਾਰ-ਪੰਜ ਜੀਆਂ ਦਾ ਹੈ। ਸਾਂਝੇ ਪਰਿਵਾਰ ਹੁਣ ਵਿਰਲੇ ਹੀ ਮਿਲਦੇ ਹਨ ਜਿੱਥੇ ਪਰਿਵਾਰ ਵਿੱਚ ਬਜ਼ੁਰਗ ਮਾਪੇ ਵੀ ਨਾਲ ਰਹਿੰਦੇ ਹੋਣ। ਆਧੁਨਿਕ ਤਕਨੀਕ ਜ਼ਿੰਦਗੀ ਦੇ ਹਰ ਖੇਤਰ ਨੂੰ ਇਸ ਹੱਦ ਤੱਕ ਪ੍ਰਭਾਵਿਤ ਕਰ ਰਹੀ ਹੈ ਕਿ ਸਮਾਜਿਕ ਕਦਰਾਂ-ਕੀਮਤਾਂ, ਰਿਸ਼ਤੇ-ਨਾਤੇ, ਪਰਿਵਾਰਕ ਸਬੰਧ ਸਭ ਉਥਲ-ਪੁਥਲ ਹੋ ਰਹੇ ਹਨ। ਨਿੱਜਵਾਦ ਅਤੇ ਵਿਅਕਤੀਵਾਦ ਆਮ ਜੀਵਨ ਸ਼ੈਲੀ ਉੱਪਰ ਭਾਰੂ ਹੋ ਰਿਹਾ ਹੈ। ਇਸ ਵਰਤਾਰੇ ਦੌਰਾਨ ਕੁਝ ਸਿਆਸੀ ਧਿਰਾਂ ਅਤੇ ਧਾਰਮਿਕ ਸ਼ਖ਼ਸੀਅਤਾਂ ਦੇ ਸਮੇਂ-ਸਮੇਂ ਬਿਆਨ ਦੇਣੇ ਕਿ ਖਾਸ ਭਾਈਚਾਰੇ ਵਿੱਚ ਬੱਚੇ ਜ਼ਿਆਦਾ ਹਨ, ਉਹ ਤੁਹਾਡੇ ਹਰ ਪ੍ਰਕਾਰ ਦੇ ਵਿਤੀ ਤੇ ਕੁਦਰਤੀ ਸਾਧਨਾਂ ਅਤੇ ਸੱਭਿਆਚਾਰ ਉੱਪਰ ਭਾਰੂ ਹੋ ਜਾਣਗੇ; ਇਸ ਵਾਸਤੇ ਤੁਸੀਂ ਵੀ ਵਧੇਰੇ ਬੱਚੇ ਪੈਦਾ ਕਰੋ; ਇਹ ਸਮਾਜਿਕ-ਆਰਥਿਕ ਵਿਕਾਸ ਅਤੇ ਪਰਿਵਾਰ ਦੇ ਆਕਾਰ ਦੇ ਸਿਧਾਂਤ ਤੋਂ ਹਟ ਕੇ ਹੈ। ਪਰਿਵਾਰ ਦੇ ਆਕਾਰ ਦੇ ਸਿਧਾਂਤ ਅਤੇ ਇਸ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਇਹੋ ਜਿਹੀ ਬਿਆਨਬਾਜ਼ੀ ਨੂੰ ਨਕਾਰਦੇ ਹਨ।

ਨੈਸ਼ਨਲ ਫੈਮਿਲੀ ਹੈਲਥ ਸਰਵੇ-5 ਅਨੁਸਾਰ, ਕੁੱਲ ਜਨਣ ਸਮਰੱਥਾ ਪੇਂਡੂ ਤੇ ਸ਼ਹਿਰੀ, 1992-93 ਦੌਰਾਨ 3.4 ਸੀ ਜੋ 2019-22 ਦੌਰਾਨ 2.0 ਹੋ ਗਈ; ਭਾਵ, ਪ੍ਰਤੀ ਪਰਿਵਾਰ 2-3 ਬੱਚੇ ਪੈਦਾ ਹੋ ਰਹੇ ਸਨ। ਸ਼ਹਿਰੀਕਰਨ ਅਤੇ ਆਧੁਨਿਕਤਾ ਇਸ ਰੁਝਾਨ ਨੂੰ ਅਤਿ ਚਿੰਤਾਜਨਕ ਸਥਿਤੀ ਵੱਲ ਧੱਕ ਰਹੇ ਹਨ। ਸ਼ਹਿਰੀ ਇਲਾਕਿਆਂ ਵਿੱਚ ਜਨਣ ਸਮਰੱਥਾ 1.6 ਹੈ; ਭਾਵ, ਪ੍ਰਤੀ ਜੋੜਾ ਦੋ ਬੱਚਿਆਂ ਤੋਂ ਘੱਟ ਬੱਚੇ ਪੈਦਾ ਕਰ ਰਿਹਾ ਹੈ। ਇਹ ਅੰਕੜੇ ਸਮੁੱਚੇ ਭਾਰਤ ਦੀ ਵਸੋਂ ਦੇ ਹਨ; ਕਿਸੇ ਖਾਸ ਧਰਮ, ਜਾਤ, ਨਸਲ ਜਾਂ ਭਾਈਚਾਰੇ ਦੇ ਨਹੀਂ। ਨਾ ਹੀ ਇਨ੍ਹਾਂ ਦਾ ਸਬੰਧ ਸਿੱਧੇ ਤੌਰ 'ਤੇ ਕਿਸੇ ਸਿਆਸੀ ਪਾਰਟੀ ਨਾਲ ਹੈ। ਪਰਿਵਾਰ ਦਾ ਆਕਾਰ, ਸਿੱਖਿਆ ਪੱਧਰ/ਮਿਆਰ, ਸਿਹਤ ਸਹੂਲਤਾਂ, ਰੁਜ਼ਗਾਰ ਦੇ ਮੌਕੇ ਅਤੇ ਸ਼ਹਿਰੀਕਰਨ ਤੋਂ ਇਲਾਵਾ ਆਮਦਨ ਪੱਧਰ ਉੱਪਰ ਵਧੇਰੇ ਨਿਰਭਰ ਕਰਦਾ ਹੈ। ਇਸ ਲਈ ਸਮਾਜ ਭਲਾਈ ਵਾਸਤੇ ਪ੍ਰੋਗਰਾਮ ਜਾਂ ਨੀਤੀਆਂ ਘੜਨ ਵੇਲੇ ਵਿਅਕਤੀਆਂ ਦੀ ਗਿਣਤੀ ਕਰਨ ਦੇ ਪੈਮਾਨੇ ਧਰਮ ਨਿਰਪੱਖ ਅਤੇ ਰਾਜਨੀਤੀ ਤੋਂ ਦੂਰ ਰੱਖਣ ਦੀ ਜ਼ਰੂਰਤ ਹੈ। ਸਮਾਜ ਜਾਂ ਕਿਸੇ ਇਲਾਕੇ ਵਿੱਚ ਕਿੰਨੇ ਵਿਅਕਤੀ ਹਿੰਦੂ, ਮੁਸਲਮਾਨ, ਸਿੱਖ, ਇਸਾਈ, ਬੋਧੀ ਜਾਂ ਕਿਸੇ ਹੋਰ ਧਰਮ ਦੇ ਹਨ, ਦੀ ਥਾਂ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਉਥੇ ਕਿੰਨੇ ਵਿਅਕਤੀ ਅਤਿ ਅਮੀਰ ਹਨ, ਵਧੇਰੇ ਅਮੀਰ ਹਨ ਜਾਂ ਅਮੀਰ ਹਨ, ਉੱਪਰਲੇ ਮੱਧ ਵਰਗ ਦੀ ਆਮਦਨ, ਮਧ ਵਰਗ ਦੀ ਆਮਦਨ ਜਾਂ ਹੇਠਲੇ ਮਧ ਵਰਗ ਦੀ ਆਮਦਨ ਦੀ ਸ਼੍ਰੇਣੀ ਦੇ ਹਨ। ਇਸ ਤੋਂ ਬਾਅਦ ਕਿੰਨੇ ਗਰੀਬ, ਬਹੁਤ ਗਰੀਬ ਅਤੇ ਅਤਿ ਦੇ ਗਰੀਬ ਹਨ; ਭਾਵ, ਧਰਮ ਦੀ ਸਿਆਸਤ ਦੀ ਥਾਂ ਜੇ ਆਮਦਨ ਪੱਧਰ ਨੂੰ ਪੈਮਾਨਾ ਬਣਾਇਆ ਜਾਵੇ ਤਾਂ ਅਸੀਂ ਆਟਾ-ਦਾਲ ਸਕੀਮ, ਸ਼ਗਨ ਸਕੀਮ, ਮੁਫਤ ਬਿਜਲੀ, ਪਾਣੀ ਜਾਂ ਸਿੱਖਿਆ, ਸਿਹਤ ਸਹੂਲਤਾਂ ਪ੍ਰਾਪਤ ਕਰਨ ਵਾਲੇ ਲਾਭਪਾਤਰੀਆਂ ਦੀ ਸਹੀ ਸ਼ਨਾਖ਼ਤ ਕਰ ਸਕਦੇ ਹਾਂ।

> *"ਨੈਸ਼ਨਲ ਫੈਮਿਲੀ ਹੈਲਥ ਸਰਵੇ (2019-22) ਦੇ ਤਾਜ਼ਾ ਅੰਕੜਿਆਂ ਅਨੁਸਾਰ, ਭਾਰਤ ਦੀ ਕੁੱਲ ਵਸੋਂ ਵਿੱਚ 79.8% ਹਿੰਦੂ, 14.2% ਮੁਸਲਮਾਨ, 2.3% ਇਸਾਈ, 1.7%ਸਿੱਖ ਅਤੇ ਬਾਕੀ ਬੋਧੀ, ਜੈਨੀ ਜਾਂ ਹੋਰ ਧਰਮਾਂ ਦੇ ਲੋਕ ਹਨ। 1951 ਵਿੱਚ ਕੁੱਲ ਵਸੋਂ ਵਿੱਚ ਹਿੰਦੂ ਧਰਮ ਨਾਲ ਸਬੰਧਿਤ ਲੋਕ 84.1% ਅਤੇ ਮੁਸਲਮਾਨ 14.2% ਸਨ; ਭਾਵ, ਦੋਵੇਂ ਮੁੱਖ ਧਰਮਾਂ ਦੇ ਲੋਕਾਂ ਦੇ ਵਾਧੇ ਦੀ ਦਰ ਵਿੱਚ 1951 ਤੋਂ 2011 ਦੌਰਾਨ ਗਿਰਾਵਟ ਆਈ ਹੈ। ਕੁੱਲ ਜਨਣ ਸਮਰੱਥਾ ਦਰ ਹਿੰਦੂਆਂ ਵਿੱਚ 3.3 ਤੋਂ ਘਟ ਕੇ 2.1 ਹੋ ਗਈ ਹੈ ਤੇ ਮੁਸਲਮਾਨਾਂ ਵਿੱਚ 4.4 ਤੋਂ ਘਟ ਕੇ 2.6 ਹੋ ਗਈ ਹੈ। ਇਸ ਤੋਂ ਭਾਵ ਹੈ ਕਿ ਦੋਵੇਂ ਧਰਮਾਂ ਵਿਚਾਲੇ ਪਰਿਵਾਰ ਦੇ ਆਕਾਰ ਵਿੱਚ ਅੰਤਰ 0.5 ਦਾ ਹੈ, ਜਾਂ ਇਉਂ ਕਹਿ ਲਓ, ਹਿੰਦੂ ਧਰਮ 'ਚ 2 ਜਾਂ 3 ਬੱਚੇ ਅਤੇ ਮੁਸਲਮਾਨਾਂ ਦੇ ਕਈ ਪਰਿਵਾਰਾਂ 'ਚ ਔਸਤਨ 3 ਬੱਚੇ ਹਨ। ਇਸੇ ਸਰਵੇਖਣ ਵਿੱਚ ਦਰਜ ਹੈ ਕਿ ਇੱਕ ਤੋਂ ਵੱਧ ਪਤਨੀਆਂ ਦਾ ਰੁਝਾਨ ਮੁਸਲਮਾਨਾਂ ਵਿੱਚ ਹੀ ਨਹੀਂ, ਹਿੰਦੂਆਂ ਵਿੱਚ ਵੀ ਹੈ। 1.3% ਹਿੰਦੂ ਅਤੇ 1.9% ਮੁਸਲਮਾਨ ਪਰਿਵਾਰਾਂ ਵਿੱਚ ਇੱਕ ਤੋਂ ਵੱਧ ਪਤਨੀਆਂ ਹਨ।"*

ਵਿਕਾਸ ਦੇ ਨਾਲ-ਨਾਲ ਸਮਾਜਿਕ ਅਤੇ ਸਭਿਆਚਾਰਕ ਤਬਦੀਲੀਆਂ ਵੀ ਤੇਜ਼ੀ ਨਾਲ ਵਾਪਰਦੀਆਂ ਹਨ। ਇਨ੍ਹਾਂ ਨਾਲ ਪਰਿਵਾਰ ਦੇ ਆਕਾਰ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਵੀ ਬਦਲਦੇ ਰਹਿੰਦੇ ਹਨ। ਮਰਦ ਔਰਤ ਵਿਚਾਲੇ ਸਾਖਰਤਾ ਦਰ ਦਾ ਪਾੜਾ ਘਟ ਰਿਹਾ ਹੈ। ਔਰਤ ਰੁਜ਼ਗਾਰ ਦੇ ਹਰ ਖਿੱਤੇ ਵਿੱਚ ਮਰਦ ਦੇ ਬਰਾਬਰ ਕੰਮ ਕਰਨ ਲੱਗੀ ਹੈ। ਘਰ ਤੋਂ ਬਾਹਰਲੇ ਕੰਮਾਂ ਵਿੱਚ ਬਰਾਬਰ ਦੀ ਕਾਰਜ ਕੁਸ਼ਲਤਾ ਅਤੇ ਕਾਰਗੁਜ਼ਾਰੀ ਸਿੱਧ ਕਰਨ ਵਾਸਤੇ ਭਾਵੇਂ ਉਸ ਨੂੰ ਅਨੇਕ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਫਿਰ ਵੀ ਉਹ ਪਰਿਵਾਰਕ ਜ਼ਿੰਮੇਵਾਰੀਆਂ ਅਤੇ ਕੰਮਕਾਜੀ ਡਿਊਟੀ ਵਿੱਚ ਤਾਲਮੇਲ ਰੱਖਣ ਵਾਸਤੇ ਯਤਨਸ਼ੀਲ ਰਹਿੰਦੀ ਹੈ। ਛੋਟਾ ਪਰਿਵਾਰ ਕੰਮਕਾਜੀ ਔਰਤ ਦੀ ਚੋਣ ਹੀ ਨਹੀਂ, ਜ਼ਰੂਰਤ ਵੀ ਹੈ। ਵਸੋਂ ਦੇ ਵਾਧੇ ਦੀ ਦਰ ਵਿੱਚ ਗਿਰਾਵਟ ਦੇ ਨਾਲ-ਨਾਲ ਇਸ ਦੀ ਬਣਤਰ ਅਤੇ ਉਮਰ ਵਰਗ ਵਿੱਚ ਵੀ ਤਬਦੀਲੀ ਆ ਰਹੀ ਹੈ।

ਜਨਮ ਦਰ ਵਿੱਚ ਗਿਰਾਵਟ ਆਉਣ ਨਾਲ ਭਾਰਤ ਵਿੱਚ ਨੌਜਵਾਨ ਉਮਰ ਵਰਗ ਦੀ ਗਿਣਤੀ ਵਧੀ ਹੈ, ਨਾਲ ਹੀ 60 ਸਾਲ ਤੋਂ ਉੱਪਰ ਦੇ ਵਡੇਰੀ ਉਮਰ ਦੇ ਵਿਅਕਤੀਆਂ ਦੇ ਅਨੁਪਾਤ ਵਿੱਚ ਵੀ ਵਾਧਾ ਹੋਇਆ ਹੈ। ਅਨੁਮਾਨ ਹਨ ਕਿ ਆਉਂਦੇ ਦਹਾਕਿਆਂ ਦੌਰਾਨ ਵਸੋਂ ਨਾਲ ਸਬੰਧਿਤ ਸਮਾਜਿਕ ਵਰਤਾਰਿਆਂ ਵਿੱਚ ਹੋਰ ਤਬਦੀਲੀਆਂ ਹੋਣਗੀਆਂ। ਇਕ ਪਾਸੇ ਸਾਖਰਤਾ ਦਰ ਵਿੱਚ ਵਾਧਾ, ਘਟ ਰਿਹਾ ਲਿੰਗ ਅਨੁਪਾਤ, ਵਧ ਰਹੀ ਬੇਰੁਜ਼ਗਾਰੀ ਅਤੇ ਸ਼ਹਿਰੀਕਰਨ; ਦੂਜੇ ਪਾਸੇ ਵਧ ਰਿਹਾ ਨਿੱਜਵਾਦ, ਵਿਅਕਤੀਵਾਦ ਆਦਿ ਸਮਾਜਿਕ ਸਬੰਧਾਂ ਤੇ ਪਰਿਵਾਰਕ ਰਿਸ਼ਤਿਆਂ ਨੂੰ ਨਵੇਂ ਢੰਗ ਨਾਲ ਪ੍ਰਭਾਵਿਤ ਕਰ ਰਹੇ ਹਨ। ਨੌਜਵਾਨ ਪੀੜ੍ਹੀ ਆਪਣੇ ਕਰੀਅਰ ਬਾਰੇ ਫ਼ਿਕਰਮੰਦ ਹੈ, ਵਿਆਹ ਢੁੱਕਵੀਂ ਉਮਰ ਤੋਂ ਵਧੇਰੇ ਦੇਰੀ ਨਾਲ ਹੋ ਰਹੇ ਹਨ। ਕੁਝ ਲੋਕ ਵਿਆਹ ਨੂੰ ਨਕਾਰਦੇ ਹੋਏ ਇਕੱਠੇ ਰਹਿਣ (ਲਿਵ ਇਨ ਸਬੰਧ) ਨੂੰ ਤਰਜੀਹ ਦੇਣ ਲੱਗੇ ਹਨ। ਬਹੁਤੇ ਨੌਜਵਾਨ ਜੋੜੇ ਪਰਿਵਾਰ ਦੀ ਨੈਤਿਕ ਜ਼ਿੰਮੇਵਾਰੀ ਦਾ ਬੋਝ ਚੁੱਕਣ ਤੋਂ ਝਿਜਕਦੇ, ਬਿਨਾਂ ਬੱਚਿਆਂ ਦੇ ਪਰਿਵਾਰ ਨੂੰ ਹੀ ਸਹੀ ਠਹਿਰਾਉਣ ਲੱਗੇ ਹਨ। ਇਹ ਸਾਰਾ ਰੁਝਾਨ ਭਾਰਤੀ ਸਮਾਜਿਕ ਸੰਸਕ੍ਰਿਤੀ ਤੋਂ ਉਲਟ ਪਾਸੇ ਜਾ ਰਿਹਾ ਹੈ। ਅਜਿਹੇ ਆਧੁਨਿਕ ਵਰਤਾਰੇ ਵਿੱਚ ਪਰਿਵਾਰ ਦੇ ਆਕਾਰ ਨੂੰ ਧਰਮ, ਜਾਤ ਜਾਂ ਕਿਸੇ ਖਾਸ ਭਾਈਚਾਰੇ ਨਾਲ ਜੋੜ ਕੇ ਦੇਖਣਾ ਸਹੀ ਨਹੀਂ ਲੱਗਦਾ।

ਨੈਸ਼ਨਲ ਫੈਮਿਲੀ ਹੈਲਥ ਸਰਵੇ (2019-22) ਦੇ ਤਾਜ਼ਾ ਅੰਕੜਿਆਂ ਅਨੁਸਾਰ, ਭਾਰਤ ਦੀ ਕੁੱਲ ਵਸੋਂ ਵਿੱਚ 79.8% ਹਿੰਦੂ, 14.2% ਮੁਸਲਮਾਨ, 2.3% ਇਸਾਈ, 1.7%ਸਿੱਖ ਅਤੇ ਬਾਕੀ ਬੋਧੀ, ਜੈਨੀ ਜਾਂ ਹੋਰ ਧਰਮਾਂ ਦੇ ਲੋਕ ਹਨ। 1951 ਵਿੱਚ ਕੁੱਲ ਵਸੋਂ ਵਿੱਚ ਹਿੰਦੂ ਧਰਮ ਨਾਲ ਸਬੰਧਿਤ ਲੋਕ 84.1% ਅਤੇ ਮੁਸਲਮਾਨ 14.2% ਸਨ; ਭਾਵ, ਦੋਵੇਂ ਮੁੱਖ ਧਰਮਾਂ ਦੇ ਲੋਕਾਂ ਦੇ ਵਾਧੇ ਦੀ ਦਰ ਵਿੱਚ 1951 ਤੋਂ 2011 ਦੌਰਾਨ ਗਿਰਾਵਟ ਆਈ ਹੈ। ਕੁੱਲ ਜਨਣ ਸਮਰੱਥਾ ਦਰ ਹਿੰਦੂਆਂ ਵਿੱਚ 3.3 ਤੋਂ ਘਟ ਕੇ 2.1 ਹੋ ਗਈ ਹੈ ਤੇ ਮੁਸਲਮਾਨਾਂ ਵਿੱਚ 4.4 ਤੋਂ ਘਟ ਕੇ 2.6 ਹੋ ਗਈ ਹੈ। ਇਸ ਤੋਂ ਭਾਵ ਹੈ ਕਿ ਦੋਵੇਂ ਧਰਮਾਂ ਵਿਚਾਲੇ ਪਰਿਵਾਰ ਦੇ ਆਕਾਰ ਵਿੱਚ ਅੰਤਰ 0.5 ਦਾ ਹੈ, ਜਾਂ ਇਉਂ ਕਹਿ ਲਓ, ਹਿੰਦੂ ਧਰਮ 'ਚ 2 ਜਾਂ 3 ਬੱਚੇ ਅਤੇ ਮੁਸਲਮਾਨਾਂ ਦੇ ਕਈ ਪਰਿਵਾਰਾਂ 'ਚ ਔਸਤਨ 3 ਬੱਚੇ ਹਨ। ਇਸੇ ਸਰਵੇਖਣ ਵਿੱਚ ਦਰਜ ਹੈ ਕਿ ਇੱਕ ਤੋਂ ਵੱਧ ਪਤਨੀਆਂ ਦਾ ਰੁਝਾਨ ਮੁਸਲਮਾਨਾਂ ਵਿੱਚ ਹੀ ਨਹੀਂ, ਹਿੰਦੂਆਂ ਵਿੱਚ ਵੀ ਹੈ। 1.3% ਹਿੰਦੂ ਅਤੇ 1.9% ਮੁਸਲਮਾਨ ਪਰਿਵਾਰਾਂ ਵਿੱਚ ਇੱਕ ਤੋਂ ਵੱਧ ਪਤਨੀਆਂ ਹਨ।

ਇੰਸਟੀਚਿਊਟ ਆਫ ਪਾਪੂਲੇਸ਼ਨ ਸਟਡੀਜ਼ ਮੁੰਬਈ ਦੀ 2009 ਤੋਂ 2024 ਤੱਕ ਦੇ 15 ਸਾਲਾਂ ਦੀ ਖੋਜ ਰਿਪੋਰਟ ਅਨੁਸਾਰ, ਲਗਭਗ ਇੱਕ ਕਰੋੜ ਹਿੰਦੂ ਪਰਿਵਾਰਾਂ ਵਿੱਚ ਇੱਕ ਤੋਂ ਵੱਧ ਪਤਨੀਆਂ ਸਨ; ਮੁਸਲਮਾਨਾਂ ਵਿੱਚ ਇਹੋ ਜਿਹੇ ਪਰਿਵਾਰਾਂ ਦੀ ਗਿਣਤੀ 12 ਲੱਖ ਦੇ ਲਗਭਗ ਸੀ। ਭਾਰਤ ਦੇ 35 ਰਾਜਾਂ ਵਿੱਚੋਂ 28 ਰਾਜਾਂ ਵਿੱਚ ਹਿੰਦੂਆਂ ਦੀ ਵਸੋਂ ਜ਼ਿਆਦਾ ਹੈ। ਇਸ ਪ੍ਰਕਾਰ ਕਿਸੇ ਵੀ ਹਾਲਤ ਵਿੱਚ 2047 ਤੱਕ ਮੁਸਲਮਾਨਾਂ ਦੀ ਗਿਣਤੀ ਹਿੰਦੂਆਂ ਦੀ ਵਸੋਂ ਦੇ ਨੇੜੇ-ਤੇੜੇ ਵੀ ਨਹੀਂ ਪਹੁੰਚ ਸਕਦੀ ਅਤੇ ਨਾ ਹੀ ਉਹ ਸੱਭਿਆਚਾਰ ਜਾਂ ਰੀਤੀ ਰਿਵਾਜ ਉੱਪਰ ਕਾਬਜ਼ ਹੋਣ ਦੀ ਸਥਿਤੀ ਵਿੱਚ ਹੋ ਸਕਣਗੇ। ਇਸ ਵਾਸਤੇ ਇੱਕ ਪਾਸੜ ਜਾਂ ਭਾਵਨਾਤਮਕ ਮਾਨਸਿਕਤਾ ਦੇ ਪ੍ਰਭਾਵ ਅਧੀਨ ਸਿਆਸੀ ਜਾਂ ਧਾਰਮਿਕ ਸਭਾਵਾਂ ਵਿੱਚ ਲੋਕਾਂ ਨੂੰ ਬਹੁਤੇ ਬੱਚੇ ਪੈਦਾ ਕਰਨ ਦੀ ਅਪੀਲ ਕਰਨਾ ਗ਼ੈਰ-ਪ੍ਰਸੰਗਕ ਤੇ ਜਮਹੂਰੀਅਤ ਦੇ ਖਿਲਾਫ ਹੈ। ਇਹ ਬਿਆਨਬਾਜ਼ੀ ਸਪਸ਼ਟ ਰੂਪ ਵਿੱਚ ਔਰਤਾਂ ਦੇ ਸ਼ਕਤੀਕਰਨ ਉਪਰ ਵੀ ਗਲਤ ਪ੍ਰਭਾਵ ਪਾਉਂਦੀ ਹੈ। ਬੱਚੇ ਨੂੰ ਪੈਦਾ ਕਰਨ ਅਤੇ ਉਸ ਦੇ ਪਾਲਣ-ਪੋਸ਼ਣ ਦੌਰਾਨ ਔਰਤ ਰੁਜ਼ਗਾਰ ਦੇ ਪੱਖ ਤੋਂ ਤਿੰਨ-ਚਾਰ ਸਾਲ ਮਰਦ ਤੋਂ ਪੱਛੜ ਜਾਂਦੀ ਹੈ। ਉਸ ਦੀ ਆਮਦਨ ਵੀ ਪ੍ਰਭਾਵਿਤ ਹੁੰਦੀ ਹੈ ਅਤੇ ਉਹ ਆਰਥਿਕ ਤੌਰ 'ਤੇ ਵੀ ਪਿੱਛੇ ਰਹਿ ਜਾਂਦੀ ਹੈ।

ਸੋ, ਕਿਸੇ ਵੀ ਸਮਾਜਿਕ-ਆਰਥਿਕ ਸਮੱਸਿਆ ਦਾ ਹੱਲ ਧਰਮ ਵਿੱਚੋਂ ਲੱਭਣਾ ਨਾਜਾਇਜ਼ ਹੀ ਨਹੀਂ, ਗੈਰ-ਪ੍ਰਸੰਗਕ ਵੀ ਹੈ। ਵਸੋਂ ਦੇ ਵਾਧੇ ਦਾ ਸਬੰਧ ਪਰਿਵਾਰ ਦੇ ਆਕਾਰ ਨਾਲ ਹੈ। ਪਰਿਵਾਰ ਦਾ ਆਕਾਰ ਸਿਹਤ ਸੇਵਾਵਾਂ ਦੀ ਉਪਲਬਧਤਾ, ਸਾਖਰਤਾ ਦਰ, ਆਮਦਨ ਪੱਧਰ, ਰੁਜ਼ਗਾਰ, ਸ਼ਹਿਰੀਕਰਨ ਆਦਿ ਤੋਂ ਪ੍ਰਭਾਵਿਤ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਇਨ੍ਹਾਂ ਮੁਢਲੀਆਂ ਸੰਰਚਨਾਤਮਕ ਸਹੂਲਤਾਂ ਅਤੇ ਸੇਵਾਵਾਂ ਦੇ ਮੁੱਢਲੇ ਅਧਿਕਾਰਾਂ ਪ੍ਰਤੀ ਹਰ ਨਾਗਰਿਕ ਦੀ ਪਹੁੰਚ ਨੂੰ ਯਕੀਨੀ ਬਣਾਇਆ ਜਾਵੇ। ਸੰਵਿਧਾਨਕ ਤੌਰ 'ਤੇ ਭਾਰਤ ਧਰਮ ਨਿਰਪੱਖ ਦੇਸ਼ ਹੈ। ਇਸ ਦੀ ਸਿਆਸੀ ਮਰਿਆਦਾ ਅਤੇ ਸਭਿਆਚਾਰ ਨੂੰ ਕਾਇਮ ਰੱਖਣਾ ਸਮੇਂ ਦੀਆਂ ਸਰਕਾਰਾਂ ਦੀ ਨੈਤਿਕ ਜ਼ਿੰਮੇਵਾਰੀ ਹੈ। ਇਹੀ ਦੇਸ਼ ਦੇ ਨਾਗਰਿਕਾਂ ਦੇ ਹਿੱਤ 'ਚ ਹੈ। ਵਸੋਂ ਦੇ ਬਦਲਦੇ ਰੁਝਾਨ ਅਤੇ ਪਰਿਵਾਰ ਦੇ ਆਕਾਰ ਨੂੰ ਇਸ ਪ੍ਰਸੰਗ 'ਚ ਦੇਖਣ ਦੀ ਲੋੜ ਹੈ।



# ਮਿਹਨਤ ਸਫਲਤਾ ਦੀ ਕੁੰਜੀ

ਬਾਲ ਕਹਾਣੀ

ਲਿਖਤ : ਸ਼ਮਸ਼ੇਰ ਸਿੰਘ ਸੋਹੀ
ਮੋਬਾ: 9876474671

ਪਿਆਰੇ ਬੱਚਿਓ, ਇਕ ਪਿੰਡ ਵਿਚ ਇਕ ਲੜਕਾ ਰਾਜੂ ਰਹਿੰਦਾ ਸੀ, ਜੋ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਸੀ। ਰੋਜ਼ ਸਕੂਲ ਜਾਣਾ ਤੇ ਵਾਪਸ ਘਰ ਆ ਕੇ ਪੜ੍ਹਾਈ ਵਿਚ ਲੱਗ ਜਾਣਾ ਉਸ ਦੀ ਰੋਜ਼ ਦੀ ਆਦਤ ਸੀ। ਜਿੱਥੇ ਰਾਜੂ ਹਰ ਸਾਲ ਚੰਗੇ ਨੰਬਰ ਲੈ ਕੇ ਪਾਸ ਹੋ ਜਾਂਦਾ ਸੀ, ਉੱਥੇ ਪਿੰਡ ਦੇ ਬਾਕੀ ਲੜਕੇ ਮਸਾਂ ਹੀ ਪਾਸ ਹੁੰਦੇ ਸਨ। ਰਾਜੂ ਦੇ ਪਿੰਡ ਦਾ ਲੜਕਾ ਰਿੰਕੂ ਉਸ ਦੀ ਤਰੱਕੀ ਤੋਂ ਬਹੁਤ ਸੜਦਾ ਸੀ। ਦਸਵੀਂ ਫਸਟ ਡਵੀਜ਼ਨ ਵਿਚ ਪਾਸ ਕਰਨ ਉਪਰੰਤ ਰਾਜੂ ਉੱਚ ਵਿੱਦਿਆ ਹਾਸਲ ਕਰਨ ਲਈ ਕਾਲਜ ਵਿਚ ਦਾਖ਼ਲ ਹੋ ਗਿਆ। ਰਾਜੂ ਪੜ੍ਹਾਈ ਦੇ ਨਾਲ-ਨਾਲ ਇਮਤਿਹਾਨਾਂ ਦੀ ਵੀ ਤਿਆਰੀ ਕਰਦਾ ਰਹਿੰਦਾ ਸੀ। ਦਸਵੀਂ ਤੱਕ ਰਾਜੂ ਨਾਲ ਪੜ੍ਹਦੇ ਸਾਰੇ ਲੜਕੇ ਉਸ ਤੋਂ ਕਾਫੀ ਪਿੱਛੇ ਰਹਿ ਗਏ ਸਨ। ਰਿੰਕੂ ਤਾਂ ਇਸ ਵਾਰ ਇਮਤਿਹਾਨ ਵਿਚੋਂ ਫੇਲ੍ਹ ਹੀ ਹੋ ਗਿਆ ਸੀ। ਗ੍ਰੈਜੂਏਸ਼ਨ ਕਰਨ ਉਪਰੰਤ ਰਾਜੂ ਨੇ ਅਧਿਆਪਕ ਬਣਨ ਲਈ ਕੋਰਸ ਵੀ ਕਰ ਲਿਆ ਤੇ ਇਕ ਦਿਨ ਅਧਿਆਪਕਾਂ ਲਈ ਹੋਈ ਭਰਤੀ ਵਿਚੋਂ ਰਾਜੂ ਨੇ ਟੌਪ ਕੀਤਾ ਤੇ ਆਪਣੇ ਹੀ ਪਿੰਡ ਵਿਚ ਅਧਿਆਪਕ ਲੱਗ ਗਿਆ। ਰਾਜੂ ਨੂੰ ਨੌਕਰੀ




ਜਾਂਦਾ ਦੇਖ ਰਿੰਕੂ ਹੁਣ ਹੋਰ ਸੜਨ ਲੱਗਾ ਤੇ ਉਸ ਨੂੰ ਬੁਲਾਉਣੋਂ ਵੀ ਹਟ ਗਿਆ। ਰਾਜੂ ਦੇ ਗੁਆਂਢੀ ਵੀ ਉਸ ਦੀ ਤਰੱਕੀ ਜਰ ਨਹੀਂ ਸਕੇ ਤੇ ਉਸ ਦੀ ਲੱਗੀ ਨੌਕਰੀ 'ਤੇ ਵਧਾਈ ਦੇਣ ਤੱਕ ਨਹੀਂ ਆਏ।

ਸਮਾਂ ਬੀਤਦਾ ਗਿਆ। ਇਕ ਦਿਨ ਰਾਜੂ ਜਦੋਂ ਸਕੂਲ ਪੜ੍ਹਾਉਣ ਜਾ ਰਿਹਾ ਸੀ ਤਾਂ ਉਸ ਨੇ ਰਸਤੇ 'ਚ ਦੇਖਿਆ ਕਿ ਰਿੰਕੂ ਹੁਣ ਵਿਹਲਾ ਹੋਣ ਕਰਕੇ ਗਲਤ ਕੰਮਾਂ 'ਚ ਪੈ ਗਿਆ ਹੈ। ਰਾਜੂ ਇਹ ਸਭ ਕੁਝ ਦੇਖ ਕੇ ਰਿੰਕੂ ਕੋਲ ਗਿਆ ਤੇ ਸਮਝਾਇਆ ਕਿ ਇਹ ਕੰਮ ਛੱਡ, ਹਾਲੇ ਵੀ ਕੁਝ ਨਹੀਂ ਵਿਗੜਿਆ, ਤੂੰ ਮਿਹਨਤ ਕਰ ਕੇ ਨੌਕਰੀ ਹਾਸਲ ਕਰ ਸਕਦਾ ਹੈਂ।

ਰਾਜੂ ਦੇ ਸਮਝਾਉਣ 'ਤੇ ਰਿੰਕੂ ਵੀ ਉਸ ਦਿਨ ਤੋਂ ਮਿਹਨਤ ਕਰਨ ਲੱਗ ਪਿਆ। ਕੁਝ ਸਮੇਂ ਬਾਅਦ ਰਿੰਕੂ ਵੀ ਅਧਿਆਪਕਾਂ ਲਈ ਹੋਈ ਭਰਤੀ ਦਾ ਇਮਤਿਹਾਨ ਪਾਸ ਕਰ ਕੇ ਅਧਿਆਪਕ ਲੱਗ ਗਿਆ। ਰਿੰਕੂ ਦੀ ਸਫਲਤਾ ਤੋਂ ਬਾਅਦ ਪਿੰਡ ਦੇ ਹੋਰਨਾਂ ਲੋਕਾਂ ਨੇ ਵੀ ਆਪਣੇ ਬੱਚਿਆਂ ਨੂੰ ਸਮਝਾਇਆ ਕਿ ਮਿਹਨਤ ਨਾਲ ਹੀ ਸਭ ਕੁਝ ਹਾਸਲ ਹੋ ਸਕਦਾ ਹੈ, ਕਿਸੇ ਦੀ ਤਰੱਕੀ ਦੇਖ ਸੜਨ ਨਾਲ ਕੁਝ ਹਾਸਲ ਨਹੀਂ ਹੋਣ ਵਾਲਾ। ਆਓ, ਅਸੀਂ ਵੀ ਅੱਜ ਤੋਂ ਇਹ ਪ੍ਰਣ ਕਰੀਏ ਕਿ ਅਸੀਂ ਵੀ ਕਿਸੇ ਦੀ ਤਰੱਕੀ ਦੇਖ ਕੇ ਨਹੀਂ ਸੜਨਾ, ਸਗੋਂ ਰੱਜ ਕੇ ਮਿਹਨਤ ਕਰ ਕੇ ਉਸ ਤੋਂ ਅੱਗੇ ਲੰਘਣਾ ਹੈ।


## ਰਸਤਾ ਲੱਭੋ



## ਬਿੰਦੂ ਮਿਲਾਓ





## ਚੁੱਟਕਲੇ




- ਇਕ ਵਾਰ ਇਕ ਆਦਮੀ ਡਾਕਟਰ ਕੋਲ ਗਿਆ ਅਤੇ ਕਿਹਾ, 'ਡਾਕਟਰ ਸਾਹਿਬ, ਮੈਂ ਸੁਣਿਆ ਹੈ ਕਿ ਤੁਸੀਂ ਮਰੀਜ਼ ਲਿਆਉਣ ਵਾਲੇ ਨੂੰ ਕਮਿਸ਼ਨ ਦਿੰਦੇ ਹੋ?'
  ਡਾਕਟਰ ਨੇ ਪੁੱਛਿਆ, 'ਕਿੱਥੇ ਹੈ ਮਰੀਜ਼?'
  ਆਦਮੀ ਨੇ ਜਵਾਬ ਦਿੱਤਾ, 'ਜੀ, ਮੈਂ ਹੀ ਹਾਂ।'
- ਜੈਪਾਲ (ਡਾਕਟਰ ਨੂੰ )-ਮੈਨੂੰ ਕੌੜੀ ਦਵਾਈ ਕਦੋਂ ਤੱਕ ਖਾਣੀ ਪਵੇਗੀ?
  ਡਾਕਟਰ-ਜਦੋਂ ਤੱਕ ਮੇਰਾ ਬਿੱਲ ਨਾ ਦਿਓਗੇ।
- ਪਿਤਾ (ਬੰਟੀ ਨੂੰ )-ਬੇਟਾ, ਤੁਸੀਂ ਜੇਬ ਵਿਚ ਨਿੰਬੂ ਕਿਉਂ ਰੱਖੇ ਹੋਏ ਹਨ?
  ਬੰਟੀ-ਜੀ, ਦੁਸ਼ਮਣਾਂ ਦੇ ਦੰਦ ਖੱਟੇ ਕਰਨ ਲਈ ।

*ਪਿਆਰੇ ਬੱਚਿਓ ! ਹੇਠਾਂ ਦਿੱਤੇ ਗਏ ਦੋਹਾਂ ਚਿੱਤਰਾਂ 'ਚ ਘੱਟੋ-ਘੱਟ 6 ਅੰਤਰ ਹਨ। ਕੀ ਤੁਸੀਂ ਇਨ੍ਹਾਂ ਦਾ ਪਤਾ ਲੱਗਾ ਸਕਦੇ ਹੋ...?*




# ਅਲੋਪ ਹੋਈਆਂ ਲੋਕ ਖੇਡਾਂ

'ਨੇਰ੍ਹਾ ਹੋ ਗਿਆ ਵੇ ਪੁੱਤ ਘਰ ਆ ਜੇ, ਨਾਹ-ਧੋ ਲਵੇਂ, ਸਵੇਰੇ ਸਕੂਲ ਨੀਂ ਜਾਣਾ?' ਅੱਜਕਲ੍ਹ ਮਾਵਾਂ ਦੇ ਇਹ ਬੋਲ ਸੁਣਨ ਨੂੰ ਕੰਨ ਤਰਸ ਗਏ ਹਨ, ਕਿਉਂਕਿ ਸਾਡੇ ਸੱਭਿਆਚਾਰ 'ਚੋਂ ਬੱਚਿਆਂ ਦੀਆਂ ਰਲ-ਮਿਲ ਕੇ ਖੇਡੀਆਂ ਜਾਣ ਵਾਲੀਆਂ ਉਹ ਖੇਡਾਂ, ਜਿਨ੍ਹਾਂ ਨੂੰ ਸਾਡੀਆਂ ਲੋਕ ਖੇਡਾਂ ਹੋਣ ਦਾ ਮਾਣ ਹਾਸਲ ਹੈ, ਕਿਧਰੇ ਅਲੋਪ ਹੋ ਗਈਆਂ ਹਨ। ਇਸ ਲਈ ਇਨ੍ਹਾਂ ਬੋਲਾਂ ਦਾ ਗੁਆਚਣਾ ਵੀ ਲਾਜ਼ਮੀ ਸੀ, ਇਨ੍ਹਾਂ ਖੇਡਾਂ ਦੇ ਨਾਲ-ਨਾਲ। ਵਿਗਿਆਨਕ ਤਰੱਕੀ ਦੇ ਭੁਚਾਲ ਨੇ ਲੋਕ-ਖੇਡਾਂ ਨੂੰ ਆਪਣੇ ਥੱਲੇ ਦੱਬ ਲਿਆ ਹੈ। ਕੁਝ ਕੁ ਤਾਂ ਅਜੇ ਸਹਿਕਦੀਆਂ ਨੇ ਅਤੇ ਜ਼ਿਆਦਾਤਰ ਖੇਡਾਂ ਮਰ-ਮੁੱਕ ਗਈਆਂ ਹਨ। ਲੋਕ-ਖੇਡਾਂ ਜ਼ਿਆਦਾਤਰ ਮੁੰਡੇ-ਕੁੜੀਆਂ ਦੀਆਂ ਸਾਂਝੀਆਂ ਹੀ ਸਨ, ਜਿਨ੍ਹਾਂ ਨਾਲ ਸਾਡਾ ਭਾਈਚਾਰਾ ਵੀ ਕਾਇਮ ਸੀ, ਜੋ ਕਿ ਅੱਜਕਲ੍ਹ ਦੇਖਣ ਨੂੰ ਬਹੁਤ ਘਟ ਗਿਆ ਹੈ। ਅੱਜਕਲ੍ਹ ਤਾਂ ਗੁਆਂਢੀ ਨੂੰ ਗੁਆਂਢੀ ਨਹੀਂ ਜਾਣਦਾ। ਲੋਕ-ਖੇਡਾਂ ਸਰੀਰਕ ਤੇ ਮਾਨਸਿਕ ਵਿਕਾਸ ਵਿਚ ਅਹਿਮ ਰੋਲ ਅਦਾ ਕਰਦੀਆਂ ਸਨ।

ਲੋਕ ਖੇਡਾਂ ਵਿਚੋਂ ਜਿਵੇਂ ਕੋਟਲਾ-ਛਪਾਕੀ, ਸ਼ੱਕਰ-ਭਿੱਜੀ, ਖਿੱਦੋ-ਖੂੰਡੀ, ਗੋਲੀਆਂ ਜਾਂ ਬੰਟੇ, ਭੰਡਾ-ਭੰਡਾਰੀਆ, ਡੰਡਾ-ਡੁੱਕ, ਬਾਂਦਰ-ਕਿੱਲਾ, ਬਾਰਾਂ ਟਾਹਣੀ, ਕਿੱਕਲੀ ਕਲੀਰ ਦੀ, ਖੋ-ਖੋ, ਪਿੱਠੂ, ਲੁਕਣਮੀਚੀ, ਗੁੱਲੀ-ਡੰਡਾ, ਮੁੰਗਲੀਆਂ ਫੇਰਨਾ, ਬੋਰੀ ਜਾਂ ਮੁਗਦਰ ਚੁੱਕਣੇ, ਛਾਲਾਂ ਮਾਰਨੀਆਂ ਆਦਿ ਖੇਡਾਂ ਹੁਣ ਪੰਜਾਬ ਦੇ ਲੋਕ ਜੀਵਨ ਵਿਚੋਂ ਤਕਰੀਬਨ ਅਲੋਪ ਹੀ ਹੋ ਗਈਆਂ ਅਤੇ ਕਦੇ-ਕਦਾਈਂ ਹੀ ਮੇਲਿਆਂ-ਟੂਰਨਾਮੈਂਟਾਂ ਜਾਂ ਸਕੂਲਾਂ ਵਿਚ ਦੇਖਣ ਜੋਗੀਆਂ ਰਹਿ ਗਈਆਂ।



ਪਹਿਲਾਂ ਇਹ ਪਿੰਡਾਂ ਦੀਆਂ ਖੁੱਲ੍ਹੀਆਂ ਥਾਵਾਂ ਵਿਚ, ਸੱਥਾਂ ਵਿਚ ਰੋਜ਼ਾਨਾ ਹੀ ਖੇਡੀਆਂ ਜਾਂਦੀਆਂ ਸਨ। ਇਨ੍ਹਾਂ ਵਿਚ ਜ਼ਿਆਦਾਤਰ ਖੇਡਾਂ ਮੁੰਡੇ ਅਤੇ ਕੁੜੀਆਂ ਦੀਆਂ ਸਾਂਝੀਆਂ ਹੀ ਸਨ ਜੋ ਕਿ ਆਪਸੀ ਭਾਈਚਾਰੇ ਦਾ ਪ੍ਰਤੀਕ ਸਨ। ਜਿਵੇਂ ਕਿ ਸਿਆਣੇ ਵੀ ਕਹਿ ਗਏ ਹਨ ਕਿ : 'ਸਾਂਝੀਆਂ ਸੀ ਈਦਾਂ, ਦੀਵਾਲੀਆਂ ਤੇ ਹੋਲੀਆਂ, ਤਾਸ਼ ਦੀਆਂ ਬਾਜ਼ੀਆਂ ਤੇ ਕੱਚ ਦੀਆਂ ਗੋਲੀਆਂ।'

ਬਦਲੇ ਸਮੇਂ ਨੇ ਅਜਿਹੇ ਰੰਗ ਵਿਖਾਏ ਕਿ ਜੰਮਦੇ ਬੱਚਿਆਂ ਦੇ ਐਨਕਾਂ ਲੱਗ ਗਈਆਂ, ਮੋਟਾਪਾ ਵਧ ਗਿਆ, ਹਾਰਮੋਨਜ਼ ਤਬਦੀਲੀ ਆ ਗਈ। ਸਸਤੀਆਂ ਲੋਕ-ਖੇਡਾਂ ਦੀ ਥਾਂ ਮਹਿੰਗੀਆਂ ਖੇਡਾਂ ਨੇ ਲੈ ਲਈ, ਜਿਵੇਂ ਕਿ ਕਾਰਟੂਨ, ਵੀਡੀਓ ਗੇਮ, ਇੰਟਰਨੈੱਟ ਅਤੇ ਟੈਲੀਵੀਜ਼ਨ, ਜਿਸ ਕਾਰਨ ਬੱਚਿਆਂ ਦੇ ਸੁਭਾਅ ਵਿਚ ਵੀ ਚਿੜਚਿੜਾਪਨ ਵਧ ਗਿਆ ਹੈ। ਸਕੂਲ ਦੇ ਕਮਰਿਆਂ ਵਿਚ ਬੈਠ ਪੜ੍ਹਾਈ ਦਾ ਬੋਝ, ਬਸਤੇ ਦਾ ਬੋਝ, ਹੋਮਵਰਕ ਦਾ ਬੋਝ ਅਤੇ ਬਾਕੀ ਕਸਰ ਇਨ੍ਹਾਂ ਵਿਗਿਆਨਕ ਖੇਡਾਂ ਨੇ ਪੂਰੀ ਕਰ ਦਿੱਤੀ। ਅੱਜ ਦੇ ਬੱਚੇ ਅੰਦਰੋ-ਅੰਦਰੀ ਹੀ ਘੁੱਟ ਕੇ ਰਹਿ ਗਏ। ਬੱਚੇ ਦੇਸ਼ ਦਾ ਭਵਿੱਖ ਹਨ ਅਤੇ ਡਰ ਲਗਦਾ ਹੈ ਕਿ ਕਿਤੇ ਇਹ ਭਵਿੱਖ ਲੋਕ-ਖੇਡਾਂ ਵਾਂਗ ਗਵਾਚ ਹੀ ਨਾ ਜਾਵੇ।

# ਕਾਵਿ-ਲਹਿਰਾਂ

## ਅੰਨਦਾਤਾ

ਝੱਲ ਕੇ ਔਕੜਾਂ ਭਾਰੀਆਂ..
ਹੈ ਅੰਨ ਉਗਾਉਂਦਾ..
ਖੁੱਦ ਖੇਤਾਂ ਵਿੱਚ ਰਹਿ ਕੇ ਭੁੱਖਾ..
ਹੈ ਦੂਜਿਆਂ ਨੂੰ ਰੱਜ਼ ਖਵਾਉਂਦਾ..
ਮਿਹਰਾਂ ਤੇਰੀਆਂ ਦਾਤਿਆ..
ਹੈ ਅੰਨਦਾਤਾ ਅਖਵਾਉਂਦਾ..
ਨਿਸਰੀਆਂ ਦੇਖਕੇ ਕਣਕਾਂ..
ਹੈ ਭੰਗੜੇ ਪਾਉਂਦਾ..
ਹੋਵੇ ਜੇ ਕੁਦਰਤ ਦੀ ਮਾਰ..
ਹੈ ਤੇਰੀ ਰਜ਼ਾ ਵਿੱਚ ਗਾਉਂਦਾ..
ਮਿਹਰਾਂ ਤੇਰੀਆਂ ਦਾਤਿਆ..
ਹੈ ਅੰਨਦਾਤਾ ਅਖਵਾਉਂਦਾ..
ਇੱਕ ਪੁੱਤਰ ਖੇਤਾਂ ਵਿੱਚ ਦੂਜਾ..
ਹੈ ਬਾਡਰ ਤੇ ਬਿਠਾਉਂਦਾ..
ਦੇਸ਼ ਦੀ ਖ਼ਾਤਰ ਲੜਦਾ..
ਹੈ ਛਾਤੀ ਵਿੱਚ ਗੋਲੀਆਂ ਖਾਉਂਦਾ..
ਹੋ ਕੇ ਸ਼ਹੀਦ ਫਿਰ ਘਰ ਨੂੰ..
ਹੈ ਤਿਰੰਗੇ ਵਿੱਚ ਲਿਪਟ ਕੇ ਆਉਂਦਾ..
ਮਿਹਰਾਂ ਤੇਰੀਆਂ ਦਾਤਿਆ..
ਹੈ ਸ਼ਹੀਦ ਅਖਵਾਉਂਦਾ..
ਰੱਖ ਕੇ ਪੱਥਰ ਦਿਲ ਤੇ..
ਹੈ ਪੁੱਤਰ ਦੀਆਂ ਘੋੜੀਆਂ ਗਾਉਂਦਾ..
ਕਿਸਾਨ ਜਵਾਨ ਦਾ ਮਿਲ਼ ਕੇ..
ਹੈ ਨਾਹਰਾ ਲਾਉਂਦਾ..
ਮਿਹਰਾਂ ਤੇਰੀਆਂ ਦਾਤਿਆ..
ਹੈ ਅੰਨਦਾਤਾ ਅਖਵਾਉਂਦਾ..
ਮਿਹਰਾਂ ਤੇਰੀਆਂ ਦਾਤਿਆ..
ਹੈ ਸ਼ਹੀਦ ਅਖਵਾਉਂਦਾ..

**ਲਿਖਤ : ਨਿਰਮਲ ਸਿੰਘ ਨਿੰਮਾ (ਸਮਾਜ ਸੇਵੀ)**
**ਸੰਪਰਕ :** 99147-21831

## ਧਰਤੀ ਦੇ ਬੋਲ

ਦੋ ਪਲ ਕੋਲ ਖਲੋ
ਵੇ ਰਾਹੀਆ
ਦੋ ਪਲ ਹੋਰ ਖਲੋ
ਪੂੰਝ ਦਿਆਂ ਤੇਰੇ ਮੱਥੇ ਉਤੋਂ
ਮੁੜਕਾ ਰਿਹਾ ਏ ਚੋ
ਦੋ ਪਲ ਹੋਰ ਖਲੋ
ਦੱਸ ਖਾਂ ਬੀਬਾ ਕਾਹਦੀ ਜਲਦੀ
ਖਿੱਚ ਹੈ ਤੈਨੂੰ ਕਿਸ ਮੰਜ਼ਿਲ ਦੀ
ਕਿਸ ਵਾਅਦੇ ਤੋਂ ਡਰਦਾ ਏਂ ਤੂੰ
ਦੇਰ ਨਾ ਜਾਵੇ ਹੋ
ਦੋ ਪਲ ਹੋਰ ਖਲੋ
ਦੱਸ ਜਾ ਆਪਣਾ ਥੌਹ ਟਿਕਾਣਾ
ਕਿੱਥੋਂ ਤੁਰਿਆ ਕਿੱਥੇ ਜਾਣਾ
ਕਿਸ ਪੈਂਡੇ ਦੀ ਭਟਕਣ
ਤੇਰੇ ਪੈਰੀਂ ਗਈ ਸਮੋ
ਦੋ ਪਲ ਹੋਰ ਖਲੋ
ਤੱਕ ਲੈ ਮਹਿਕਦੀਆਂ ਗੁਲਜ਼ਾਰਾਂ
ਮਾਣ ਲੈ ਕੁਝ ਚਿਰ ਮੌਜ ਬਹਾਰਾਂ
ਜਾਂਦਾ ਪੱਲੇ ਬੰਨ ਲੈ ਜਾਵੀਂ
ਫੁੱਲਾਂ ਦੀ ਖ਼ੁਸ਼ਬੋ
ਦੋ ਪਲ ਹੋਰ ਖਲੋ
ਪੂੰਝ ਦਿਆਂ ਤੇਰੇ ਮੱਥੇ ਉਤੋਂ
ਮੁੜਕਾ ਰਿਹਾ ਏ ਚੋ
ਦੋ ਪਲ ਹੋਰ ਖਲੋ

**ਲਿਖਤ : ਸੋਹਣ ਸਿੰਘ ਮੀਸ਼ਾ**

## ਕੀ ਕਰ ਬੈਠੇ ਹਾਂ

ਏ.ਬੀ.ਸੀ. ਕੀ ਪੜ੍ਹ ਬੈਠੇ ਹਾਂ
ਆਪਣੀ ਮਾਂ 'ਨਾ ਲੜ ਬੈਠੇ ਹਾਂ

ਅਸੀਂ ਵੀ ਘਣੀਆਂ ਛਾਵਾਂ ਕਰਦੇ
ਉਗਣੋਂ ਪਹਿਲਾਂ ਝੜ ਬੈਠੇ ਹਾਂ

ਡੁੱਬਣ ਨੂੰ ਤਾਂ ਜੀ ਕਰਦਾ ਸੀ
ਸੁੱਕੀ ਨਦੀ 'ਚ ਵੜ ਬੈਠੇ ਹਾਂ

ਉਸ ਦਾ ਪੰਨਾ ਪੜ੍ਹ ਨ੍ਹੀਂ ਹੋਇਆ
ਉਂਝ ਕਿੰਨਾ ਕੁਝ ਪੜ੍ਹ ਬੈਠੇ ਹਾਂ

ਅੱਗਾਂ ਤੋਂ ਹੁਣ ਡਰ ਨ੍ਹੀਂ ਲਗਦਾ
ਅੰਦਰ ਤੀਕਰ ਸੜ ਬੈਠੇ ਹਾਂ

ਸ਼ਹਿਰ 'ਚ ਵੱਡੀ ਕੋਠੀ ਪਾ ਕੇ
ਘਰ ਨੂੰ ਤਾਲਾ ਜੜ ਬੈਠੇ ਹਾਂ

ਜ਼ਹਿਰਾਂ ਨੇ ਤਾਂ ਚੜ੍ਹਨਾ ਹੀ ਸੀ
ਜਿਉਂਦੇ ਸੱਪ ਨੂੰ ਲੜ ਬੈਠੇ ਹਾਂ

**ਲਿਖਤ : ਗੁਰਸੇਵਕ ਲੰਬੀ,**
**ਪੰਜਾਬੀ ਯੂਨੀਵਰਸਿਟੀ ਪਟਿਆਲਾ**

## ਔਰਤ

ਔਰਤ, ਔਰਤ ਤੋਂ ਸੜਦੀ ਵੇਖੀ,
ਵੈਰ ਔਰਤ ਨਾਲ ਕਰਦੀ ਵੇਖੀ।

ਸੱਸ ਵੀ ਔਰਤ ਨੂੰਹ ਵੀ ਔਰਤ,
ਇੱਕ ਦੂਜੀ ਨਾਲ ਲੜਦੀ ਵੇਖੀ।

ਔਰਤ ਦੇ ਹੱਕ ਵਿੱਚ ਨਾ ਔਰਤ,
ਤਾਂ ਮਰਦਾਂ ਤੋਂ ਡਰਦੀ ਵੇਖੀ।

ਔਰਤ ਬਾਰੇ ਇੱਕ ਔਰਤ ਹੀ,
ਕੰਨ ਔਰਤ ਦੇ ਭਰਦੀ ਵੇਖੀ।

ਮਰਦਾਂ ਤੋਂ ਨਾ ਹਾਰੇ ਨਾਰੀ,
ਔਰਤਾਂ ਕੋਲੋਂ ਹਰਦੀ ਵੇਖੀ।

ਇੱਕ ਮਾਂ ਹੀ ਉਹ ਔਰਤ ਹੈ ਜੋ,
ਪੀੜ ਧੀਆਂ ਦੀ ਜਰਦੀ ਵੇਖੀ।

ਔਰਤ ਦੀ ਲਾਈ ਅੱਗ ਅੰਦਰ,
ਪੱਲ-ਪੱਲ ਔਰਤ ਮਰਦੀ ਵੇਖੀ।

'ਸਾਹਿਬ' ਤਾਹੀਓਂ ਅੱਗ ਦਾ ਸਾਗਰ,
ਹਰ ਇੱਕ ਔਰਤ ਤਰਦੀ ਵੇਖੀ।

**ਲਿਖਤ : ਸਾਹਿਬ ਸੁਰਿੰਦਰ**

## ਅਟੱਲ ਸਚਾਈ

ਛੱਡ ਮਨ ਮਰਜ਼ੀਆਂ ਕਰਨੀਆਂ ਮਨਾਂ ਕੋਹੜੀਆ ਵੇ
ਤੂੰ ਵੀ ਨਾਲ ਸਰੀਰ ਦੇ ਮੱਚਣਾਂ ਏਂ

ਲੈਣੇਂ ਪੈਣੇ ਮੁੱਲ ਮੋਢਾ ਲਾਉਣ ਵਾਲੇ
ਤੇਰਾ ਆਪਣਾ ਕੋਈ ਨਾ ਲੱਭਣਾ ਏਂ

ਜਾਣ ਵਾਲਾ ਤਾਂ ਗਿਆ ਜਹਾਨ ਉੱਤੋਂ
ਛੱਡ ਮਨਾਂ! ਆਪਾਂ ਕਾਹਨੂੰ ਕੰਮ ਕਾਜ ਛੱਡਣਾ ਏਂ

ਕਹਿ ਕੇ ਆਪਣਿਆਂ ਨੇਂ ਨਾ ਸਾਥ ਦੇਣਾਂ
ਫਾਹਾ ਰਸਮਾਂ ਦਾ ਚਾਰ ਦਿਨਾਂ ਚ ਵੱਢਣਾ ਏਂ

ਜੀਹਨੂੰ ਤੋਰਿਆ ਵਿਦੇਸ਼ਾਂ ਵਿੱਚ ਨਾਲ ਚਾਵਾਂ
"ਟਿੰਮ ਹੋਟਨ"ਓਹਨੇ ਨਾਂ ਛੱਡਣਾ ਏਂ

ਇੱਕ ਵੀਕ ਬੱਸ! ਮਿਲੀ ਨਾਂ ਹੋਰ ਛੁੱਟੀ
ਪਾਅੜਾ ਨੱਕ ਨਮੂਜ ਨੂੰ ਕੱਢਣਾ ਏਂ

ਜੇ ਨਾਂ ਰੁੱਕੀ ਵਿਦੇਸ਼ ਜਵਾਨੀ ਜਾਣੋਂ
ਨਾਂ ਵੋਟਾਂ ਪਾਉਣ ਵਾਲਾ ਵੀ ਕੋਈ ਲੱਭਣਾ ਏਂ

ਸੱਚ ਲਿਖਿਆ 'ਸਰਬ ਬਰਾੜ' ਤੂੰ ਤਾਂ
ਪਰ ਕਈਆਂ ਤੀਰ ਵਾਂਗੂ ਹਿੱਕ ਵਿੱਚ ਵੱਜਣਾ ਏਂ

ਕੀ ਫੂਕਣਾ ਈਦ ਦੇ ਪਿੱਛੋਂ ਟੰਬਾ
ਕਦੋਂ ਹਾਕਮਾਂ ਸੁਰਤ ਨਾਲ ਗੱਜਣਾਂ ਏਂ

ਕਦੋਂ ਆਊਗੀ ਉਡੀਕਾਂ ਓ ਰੁੱਤ ਬੈਠੀ
ਪੰਜਾਬ ਸੋਨੇ ਦੀ ਚਿੜੀ ਜਦ ਵੱਜਣਾਂ ਏ

**ਲਿਖਤ : ਡਾ.ਸਰਬਜੀਤ ਕੌਰ ਬਰਾੜ ਮੋਗਾ**
**ਸੰਪਰਕ :** 79866-52927

## ਗ਼ਜ਼ਲ

ਸਰੋਂ ਦੇ ਖੇਤ ਮਹਿਕਣ,
ਤਿਤਲੀਆਂ ਨੇ ਗੀਤ ਗਾਏ।
ਬਸੰਤੀ ਰੁੱਤ ਹੈ ਫਿਰ ਵੀ ਤੇਰੇ ਬਾਝੋਂ ਨਾ ਭਾਏ।

ਕਦੇ ਹੀਰਾ ਜਿਹਾ ਸੀ,ਬਿਨ ਉਦ੍ਹੇ ਹਾਂ ਕੱਚ ਵਰਗਾ,
ਸੁਨੇਹਾ ਓਸ ਨੂੰ ਦੇਵੀਂ, ਪੁਰੇ ਦੇ ਐ ਹਵਾਏ।

ਉਨ੍ਹਾਂ ਜਦ ਰੌਸ਼ਨੀ ਚਾਹੀ,ਮੈਂ ਅਪਣਾ ਘਰ ਜਲਾਇਆ,
ਉਹ ਹੁਣ ਆਖਣ,
'ਕਿ ਇਸ ਪਾਗ਼ਲ ਤੋਂ ਰੱਬ ਸਾਨੂੰ ਬਚਾਏ '।

ਉਸੇ ਥਾਂ ਤੇ ਮੁਹੱਬਤ ਦੀ ਹੈ ਮੈਂ ਬਰਸੀ ਮਨਾਈ,
ਅਸੀਂ ਜਿੱਥੇ ਮੁਹੱਬਤ ਦੇ ਕਦੀ ਸਨ ਗੀਤ ਗਾਏ।

ਜਦੋਂ ਬੇਮੌਸਮੀ ਬਰਸਾਤ ਹੁੰਦੀ ਹੈ ਓ ਸਾਜਨ,
ਤੇਰਾ ਮਿਲਣਾ,ਜੁਦਾ ਹੋਣਾ,ਬੜਾ ਹੀ ਯਾਦ ਆਏ।

ਸਮੁੰਦਰ ਸਾਮ੍ਹਣੇ ਹੋਵੇ, ਮਰੇ ਫਿਰ ਵੀ ਉਹ ਪਿਆਸਾ,
ਕਿਸੇ ਨੂੰ ਵੀ ਸਮਾਂ ਨਾ ਇਸ ਤਰ੍ਹਾਂ ਦੇ ਦਿਨ ਦਿਖਾਏ।

ਕਿਵੇਂ ਖ਼ੁਸ਼ੀਆਂ ਦੇ ਫੁੱਲ ਪੈਂਦੇ ਤੇ ਫ਼ਲ ਲਗਦੇ ਇਨ੍ਹਾਂ ਨੂੰ,
ਅਸੀਂ ਬੂਟੇ ਗ਼ਮਾਂ ਦੇ ਜ਼ਿੰਦਗੀ ਵਿੱਚ ਖ਼ੁਦ ਲਗਾਏ।

ਅਜੇ ਤਕ ਵੀ ਕੁਆਰੀ ਰੀਝ ਹੀ ਉਸ ਦੇ ਮਿਲਨ ਦੀ,
ਕਦੇ ਬਣ ਕੇ ਪ੍ਰਾਹੁਣਾ ਉਹ ਮੇਰੇ ਘਰ ਪੈਰ ਪਾਏ।

ਸਮੁੰਦਰ ਪਾਰ ਜਾ ਬੈਠਾ,
ਭੁਲਾ ਕੇ ਮੀਤ ਮਨ ਦਾ,
ਨਹੀਂ ਉਸ ਨੂੰ ਖ਼ਬਰ ਰਾਣੇ ਨੇ ਕਿੱਦਾਂ ਦਿਨ ਬਿਤਾਏ।

**ਲਿਖਤ : ਜਗਦੀਸ਼ ਰਾਣਾ, ਸੰਪਰਕ -** 9872630635

## ਮੁਸਾਫ਼ਰ

ਅੱਜ ਮੂੰਹੋਂ ਕੁੱਝ ਬੋਲ ਵੇ ਮੁਸਾਫ਼ਰਾ,
ਦਿਲ ਦੀ ਘੁੰਡੀ ਖੋਲ੍ਹ ਵੇ ਮੁਸਾਫ਼ਰਾ।
ਸੱਚੋਂ-ਸੱਚੀ ਦੱਸੀਂ, ਪਹਿਲਾਂ ਵਾਂਗੂੰ,
ਗੱਲ ਕਰੀਂ ਨਾ ਹੁਣ ਗੋ.ਲ ਵੇ ਮੁਸਾਫ਼ਰਾ।
ਅੱਜ ਮੂੰਹੋਂ.....
ਤੇਰੇ ਪਿੱਛੇ ਹਾਰਿਆ ਸੀ ਦਿਲ,
ਤੇ ਤੂੰ ਲੈ ਕੇ ਤੁਰ ਚੱਲਿਆ।
ਜੇ ਇੰਝ ਛੱਡ ਜਾਣਾ ਸੀ,ਕਿਉਂ,
ਸਾਂਝੇ ਕੀਤੇ ਸੁਰ ਬੱਲਿਆ।
ਅਸਾਂ ਵੀ ਮੋੜਨਾ ਨੀਂ ਦਿਲ ਤੇਰਾ,
ਜਿੱਥੇ ਮਰਜ਼ੀ ਜਾਹ ਟੋ.ਲ ਵੇ ਮੁਸਾਫ਼ਰਾ।
ਅੱਜ ਮੂੰਹੋਂ.....
ਸੱਚ ਆਖ ਗਏ ਸਿਆਣੇ ਕਿ,
ਰਾਹੀਆਂ ਨਾ.ਲ ਵਾਹ ਨਹੀਂ ਪਾਈਦਾ।
ਜਿਹੜੇ ਰਾਹ ਦਾ ਪਤਾ ਨਾ ਹੋਵੇ,
ਓਸ ਰਾਹ ਨਹੀਂ ਜਾਈਦਾ।
ਪਰੀਆਂ ਵਾਂਗ ਪਾ.ਲੀ ਮਾਪਿਆਂ,
ਨਾ ਇੰਝ ਪੈਰੀਂ ਰੋ.ਲ ਵੇ ਮੁਸਾਫ਼ਰਾ।
ਅੱਜ ਮੂੰਹੋਂ.....
ਵਾਅਦਿਆਂ ਦਾ ਢੇਰ ਦੱਸ,
ਚੁੱਲ੍ਹੇ ਵਿੱਚ ਲਾਉਣਾ ਅਸਾਂ।
ਮੁਸਾਫ਼ਰਾਂ ਦਾ ਹੁੰਦਾ ਬੱਸ,
ਇੱਕੋ ਵਾਰ ਆਉਣਾ ਮਸਾਂ।
ਪਿਆਰ ਵਾ.ਲੇ ਜਜ਼ਬਾਤਾਂ ਨੂੰ,
ਨਾ ਗਹਿਣਿਆਂ ਨਾ ਤੋਲ ਵੇ ਮੁਸਾਫ਼ਰਾ।
ਅੱਜ ਮੂੰਹੋਂ....

**ਲਿਖਤ : ਮਨਜੀਤ ਕੌਰ ਧੀਮਾਨ,**
**ਸੰਪਰਕ :** 9464633059

## ਲਾ ਦਿਉ ਇਕ ਪਾਸੇ !

ਚਮਚਾਗਿਰੀ ਇਕ ਟੱਬਰ ਦੀ ਕਰੀ ਜਾਂਦੇ
ਹਾਮੀ 'ਵਿਰਸੇ ਰਵਾਇਤਾਂ' ਦੇ ਇਕ ਪਾਸੇ।

'ਆਕੀ' ਹਾਰੀ ਲੜਾਈ ਹੀ ਲੜ ਰਹੇ ਐ
ਸ਼ਾਨੇ-ਤਖਤ ਲਈ ਲੜਦੇ ਨੇ ਇਕ ਪਾਸੇ।

'ਆਈ.ਟੀ ਸੈੱਲ' ਵਾ.ਲੇ ਪੱਖ ਪੂਰ ਰਹੇ ਨੇ
ਸੱਚੀ ਧਿਰ ਲਈ ਪੰਥਕ ਹਨ ਇਕ ਪਾਸੇ।

ਕਿਹੜੇ ਸਾਂਭਣੇ 'ਸੁੱਟ ਦੇਣੇ' ਢੇਰ ਕਿਹੜੇ
ਕਰ ਹੀ ਦੇਣੇ 'ਇਤਿਹਾਸ' ਨੇ ਇਕ ਪਾਸੇ।

ਕਰਿਆ ਦਲ ਦਾ ਬੜਾ ਨੁਕਸਾਨ ਜਿਸਨੇ
ਕਰ ਦਿਉ ਉਹਨੂੰ 'ਨਿਖੇੜ' ਕੇ ਇਕ ਪਾਸੇ।

ਕਿਉਂ 'ਪਾਣੀ ਵਿਚ ਪਾਈ ਮਧਾਣੀ' ਹੋਈ ਐ
ਸਿੰਘ ਜੀ 'ਗੱਲ ਨਿਬੇੜੋ' ਹੁਣ ਇਕ ਪਾਸੇ !

**ਤਰਲੋਚਨ ਸਿੰਘ ਦੁਪਾਲ ਪੁਰ**
001-408-915-1268

## ਧਾਮੀ ਸਾਹਿਬ ਫੁੰਕਾਰਾ ਮਾਰੋ ਫੁੰਕਾਰਾ !!

ਸੰਨ 1999 ਤੋਂ ਬਾਅਦ ਦੀ ਗੱਲ ਹੈ ਇਕ ਵਾਰ ਮੈਂ ਦਲ ਖਾਲਸਾ ਵਾ.ਲੇ ਭਾਈ ਹਰਚਰਨਜੀਤ ਸਿੰਘ ਧਾਮੀ ਹੁਣਾ ਦੇ ਸੱਦੇ ਉੱਤੇ ਇਕ ਰਾਤ ਦੇ ਦੀਵਾਨ ਵਿਚ ਹਾਜਰੀ ਭਰਨ ਲਈ ਹੁਸ਼ਿਆਰ ਪੁਰ ਗਿਆ ਸਾਂ ਤੇ ਉਨ੍ਹਾਂ ਦੇ ਘਰੇ ਹੀ ਰਾਤ ਰਿਹਾ ਸਾਂ।

ਦੀਵਾਨ ਵਾਲਾ ਪਿੰਡ ਮੌਜੂਦਾ ਪ੍ਰਧਾਨ ਸ਼੍ਰੋਮਣੀ ਕਮੇਟੀ ਜਥੇਦਾਰ ਧਾਮੀ ਸਾਹਬ ਦੇ ਹਲਕੇ ਵਿਚ ਵਾਕਿਆ ਸੀ,ਇਸ ਕਰਕੇ ਦੋਵੇਂ ਧਾਮੀ ਅਤੇ ਮੈਂ ਇੱਕੋ ਗੱਡੀ 'ਚ ਸਮਾਗਮ ਵਾ.ਲੇ ਪਿੰਡ ਗਏ ਅਤੇ ਵਾਪਸ ਆਏ ਸਾਂ।

ਰਾਹ ਵਿਚ ਗੱਲਾਂ ਬਾਤਾਂ ਕਰਦਿਆਂ ਹੁਣ ਵਾ.ਲੇ ਪ੍ਰਧਾਨ ਧਾਮੀ ਸਾਹਬ ਨੇ ਮੇਰੇ ਇਕ ਮੈਂਬਰ ਮਿੱਤਰ ਦਾ ਨਾਂ ਲੈ ਕੇ ਟਿੱਚਰ ਜਿਹੀ ਕੀਤੀ ਅਖੇ ਦੁਪਾਲ ਪੁਰੀ ਜੀ ਤੁਹਾਡਾ ਮਿੱਤਰ ਫਲਾਣੀ ਰੈਲੀ ਵਿਚ ਨਾਹਰੇ ਮਾਰਦਾ ਸੀ-

'ਬਾਦਲ ਸਾਬ੍ਹ ਤੇਰੀ ਸੋਚ 'ਤੇ ਪਹਿਰਾ ਦਿਆਂ ਗੇ ਠੋਕ ਕੇ !'

'ਹਾ...ਹਾ...ਹਾ...ਹਾ' ਧਾਮੀ ਜੀ ਹੱਸਦਿਆਂ ਕਹਿੰਦੇ-

"ਮੈਂਖਿਆਂ ਫਲਾਣਾ ਸਿਆਂ,ਤੂੰ ਹੀ ਬਾਦਲ ਮਗਰ 'ਪਹਿਰਾ' ਦੇਈ ਜਾਹ ਭਰਾਵਾ,ਆਪਾਂ ਤਾਂ ਨੀ ਉਹਦਾ ਪ੍ਰਛਾਵਾਂ ਵੀ ਲੈਂਦੇ !"

...ਹੁਣ ਪਿਛਲੇ ਕਈ ਦਿਨਾਂ ਤੋਂ ਉਹ ਕੁੱਟੇ-ਮਿੱਧੇ ਪਏ ਸੱਪ ਵਾਂਗ ਅੰਦਰੋ ਅੰਦਰ ਵਿਸ ਜਿਹੀ ਘੋ.ਲੀ ਜਾ ਰਹੇ ਹਨ ! ਸੋ ਮੈਂ ਸੋਚਿਆ ਕਿ ਦੁਚਿੱਤੀ 'ਚ ਫਸੇ ਹੋਏ ਮਾਨਯੋਗ ਧਾਮੀ ਜੀ ਨੂੰ ਉਨ੍ਹਾਂ ਦਾ ਪੁਰਾਣਾ ਬਚਨ ਚੇਤੇ ਕਰਾ ਕੇ ਸਲਾਹ ਦਿਆਂ ਕਿ ਭਰਾ ਜੀ ਵਿਸ ਘੋਲਣੀ ਛੱਡ ਕੇ ਫੁੰਕਾਰਾ ਮਾਰੋ ਫੁੰਕਾਰਾ !ਨਹੀਂ ਤਾਂ ਤੁਸੀਂ ਕੌਮੀ ਇਤਹਾਸ ਵਿੱਚ 'ਮੱਕੜ' 'ਚੀਮੇ' ਅਤੇ 'ਗੁਰਬਚਨ ਸਿੰਘ' ਵਾਂਗ ਹੀ ਅੰਕਿਤ ਕੀਤੇ ਜਾਉ ਗੇ ਐਡਵੋਕੇਟ ਸਾਹਬ ਜੀ!!

**ਤੁਹਾਡਾ ਸ਼ੁੱਭਚਿੰਤਕ ਤੇ ਪੁਰਾਣਾ ਮਿੱਤਰ**



**-ਤਰਲੋਚਨ ਸਿੰਘ ਦੁਪਾਲ ਪੁਰ**
**ਸਾਬਕਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਹਾਲ ਵਾਸੀ ਕੈਲੇਫੋਰਨੀਆਂ,ਯੂ.ਐੱਸ.ਏ)**
001-408-915-1268
**tsdupalpuir@yahoo.com**



# ਨਾਰੀ ਸੰਸਾਰ







## ਸਮੇਂ ਦੇ ਨਾਲ ਬਦਲੋ ਆਪਣੀ ਸੋਚ

ਤੁਸੀਂ ਆਪਣੀ ਜ਼ਿੰਦਗੀ ਵਿਚ ਕਿੰਨੀ ਰਫ਼ਤਾਰ ਨਾਲ ਜਾ ਰਹੇ ਹੋ, ਇਸ ਨਾਲੋਂ ਇਹ ਜ਼ਿਆਦਾ ਮਹੱਤਵਪੂਰਨ ਹੈ ਕਿ ਤੁਸੀਂ ਕਿਸ ਦਿਸ਼ਾ ਵੱਲ ਜਾ ਰਹੇ ਹੋ। ਸਫਲਤਾ ਅਤੇ ਅਸਫਲਤਾ ਵਿਚ ਫਰਕ ਸਿਰਫ ਤੁਹਾਡੀ ਸੋਚ ਦਾ ਹੁੰਦਾ ਹੈ। ਇਹ ਸਹੀ ਹੈ ਕਿ ਅੱਜ ਸਮਾਜ ਵਿਚ ਔਰਤ ਨੇ ਆਪਣੀ ਸਫਲਤਾ ਦੀ ਕਹਾਣੀ ਖੁਦ ਸਿਰਜਣੀ ਸ਼ੁਰੂ ਕਰ ਦਿੱਤੀ ਹੈ। ਉਸ ਨੇ ਗੈਰਾਂ ਦੇ ਸਹਾਰੇ ਚੱਲਣ ਦੀ ਬਜਾਏ ਆਪਣੇ ਪੈਰਾਂ 'ਤੇ ਚੱਲਣਾ ਸ਼ੁਰੂ ਕਰ ਦਿੱਤਾ ਹੈ ਪਰ ਬਹੁਤ ਕੁਝ ਅਜੇ ਕੀਤਾ ਜਾਣਾ ਬਾਕੀ ਹੈ। ਔਰਤ ਲਈ ਸਮੇਂ ਦੇ ਸੱਚ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਉਸ ਨੂੰ ਆਪਣੀ ਸੋਚ ਨੂੰ ਸਮੇਂ ਦੇ ਹਾਣ ਦੀ ਬਣਾਉਣਾ ਹੀ ਪਵੇਗਾ। ਜੇਕਰ ਸਾਡੀ ਸੋਚ ਦੇ ਭਾਂਡੇ ਵਿਚ ਨਾਂਹ-ਪੱਖੀ ਵਿਚਾਰ ਹੋਣਗੇ ਤਾਂ ਸਮਝੋ ਅਸੀਂ ਆਪਣੀ ਜ਼ਿੰਦਗੀ ਦੀ ਸਫਲਤਾ ਤੋਂ ਉਲਟ ਦਿਸ਼ਾ ਵੱਲ ਜਾ ਰਹੇ ਹਾਂ। ਆਪਣੀ ਸੋਚ ਵਿਚ ਤੁਸੀਂ ਚੰਗੇ ਵਿਚਾਰਾਂ ਦੇ ਬੀਜ ਬੀਜੋ, ਸਮਾਂ ਪਾ ਕੇ ਤੁਹਾਨੂੰ ਇਸ ਦਾ ਫਲ ਜ਼ਰੂਰ ਮਿਲੇਗਾ। ਖੁਦ ਸੁਖੀ ਹੋਣ ਦੇ ਚੱਕਰ ਵਿਚ ਦੂਜਿਆਂ ਨੂੰ ਦੁਖੀ ਕਰੋਗੇ ਤਾਂ ਤੁਹਾਡੇ ਸੁਖ ਦੀ ਉਮਰ ਲੰਮੀ ਨਹੀਂ ਹੋਵੇਗੀ। ਸਫਲਤਾ ਵੱਡੀ ਨਹੀਂ ਹੁੰਦੀ ਪਰ ਸਫਲਤਾ ਪ੍ਰਾਪਤ ਕਰਨ ਵਾਲੇ ਲੋਕ ਸੱਚਮੁੱਚ ਵੱਡੇ ਹੁੰਦੇ ਹਨ। ਆਪਣੀ ਕਿਸੇ ਕਮੀ ਨੂੰ ਪੂਰਾ ਕਰਨ ਦਾ ਯਤਨ ਨਾ ਕਰਨਾ ਹੀ ਸਾਡੀ ਸਭ ਤੋਂ ਵੱਡੀ ਕਮੀ ਹੈ। ਹਿੰਮਤ ਬਣਾਉਂਦੀ ਹੈ ਅਤੇ ਸੋਚ ਨਿਭਾਉਂਦੀ ਹੈ। ਚੰਗੇ ਵਕਤ ਵਿਚ ਚੰਗੇ ਕੰਮ ਕਰੋਗੇ ਤਾਂ ਬੁਰੇ ਵਕਤ ਵਿਚ ਲੋਕ ਤੁਹਾਡਾ ਸਾਥ ਜ਼ਰੂਰ ਦੇਣਗੇ।

ਸਾਡੇ ਮਕਾਨ ਬਦਲ ਜਾਂਦੇ ਹਨ, ਸਾਡਾ ਪਹਿਰਾਵਾ ਬਦਲ ਜਾਂਦਾ ਹੈ, ਦੋਸਤ ਅਤੇ ਰਿਸ਼ਤੇਦਾਰ ਬਦਲ ਜਾਂਦੇ ਹਨ ਪਰ ਫਿਰ ਵੀ ਵਿਅਕਤੀ ਪ੍ਰੇਸ਼ਾਨ ਰਹਿੰਦਾ ਹੈ, ਜਿਸ ਦਾ ਕਾਰਨ ਇਹ ਕਿ ਉਹ ਸਮੇਂ ਦੇ ਨਾਲ ਆਪਣੀ ਸੋਚ ਨਹੀਂ ਬਦਲਦਾ। ਸਮਾਜ ਵਿਚ ਔਰਤ ਦੀ ਪ੍ਰੇਸ਼ਾਨੀ ਦਾ ਸਭ ਤੋਂ ਵੱਡਾ ਕਾਰਨ ਹੀ ਇਹ ਹੈ ਕਿ ਸਮੇਂ ਦੇ ਹਾਣ ਦਾ ਹੋ ਕੇ ਤੁਰਨਾ ਨਹੀਂ ਸਿੱਖੀ। ਖੁਸ਼ੀ ਸਫਲਤਾ ਨਾਲੋਂ ਵੱਡੀ ਹੁੰਦੀ ਹੈ ਪਰ ਇਹ ਮਿਲਦੀ ਉਨ੍ਹਾਂ ਨੂੰ ਹੈ ਜੋ ਦੂਜਿਆਂ ਦੀਆਂ ਖੁਸ਼ੀਆਂ ਵਿਚ ਵਾਧਾ ਕਰਨ ਲਈ ਯੋਗਦਾਨ ਪਾਉਂਦੇ ਹਨ। ਦੂਜਿਆਂ ਦਾ ਸਤਿਕਾਰ ਕਰਨ ਵਾਲੇ ਹੀ ਖੁਦ ਸਤਿਕਾਰੇ ਜਾਂਦੇ ਹਨ। ਧੋਖਾ ਬਹੁਤ ਹੀ ਮਹਿੰਗਾ ਅਤੇ ਭਰੋਸਾ ਬਹੁਤ ਕੀਮਤੀ ਹੁੰਦਾ ਹੈ। ਕਿਸੇ ਨਾਲ ਬੇਕਾਰ ਬਹਿਸ ਕਰਨਾ ਚਿੱਕੜ ਵਿਚ ਰੋੜਾ ਮਾਰਨ ਵਾਂਗ ਹੈ। ਤੁਹਾਡੀ ਸੋਚ ਵਿਚ ਹੀ ਤੁਹਾਡੀ ਜ਼ਿੰਦਗੀ ਦੀ ਸੱਚੀ ਮੁਸਕਰਾਹਟ ਹੈ। ਤੁਹਾਡੀ ਸੋਚ ਵਿਚ ਹੀ ਤੁਹਾਡੀ ਜ਼ਿੰਦਗੀ ਦਾ ਸਵਰਗ ਹੈ। ਪਿਛਾਂਹਖਿੱਚੂ ਅਤੇ ਰੂੜੀਵਾਦੀ ਵਿਚਾਰ ਸਾਡੀ ਚਿੰਤਾ ਦਾ ਕਾਰਨ ਬਣਦੇ ਹਨ, ਕਿਉਂਕਿ ਇਹ ਵਿਚਾਰ ਸਾਨੂੰ ਚਿੰਤਨ ਕਰਨ ਤੋਂ ਰੋਕਦੇ ਹਨ। ਜੋ ਦੂਜਿਆਂ ਲਈ ਰੁਕਾਵਟ ਬਣਦੇ ਹਨ, ਉਹ ਕਦੇ ਵੀ ਅੱਗੇ ਨਹੀਂ ਜਾ ਸਕਦੇ ਅਤੇ ਜੋ ਅੱਗੇ ਵਧਦੇ ਹਨ, ਉਹ ਕਿਸੇ ਲਈ ਵੀ ਰੁਕਾਵਟ ਨਹੀਂ ਬਣਦੇ। ਜ਼ਿੰਦਗੀ ਜਿਊਣਾ, ਹਾਰਨਾ, ਜਿੱਤਣਾ ਤੇ ਪਿਆਰ ਕਰਨਾ ਸਭ ਸਰਲ ਹੈ, ਸਾਦਾ ਹੈ ਪਰ ਸਰਲ ਹੋਣਾ ਬਹੁਤ ਮੁਸ਼ਕਿਲ ਹੈ। ਉਸਾਰੂ ਸੋਚ ਵਿਚ ਹੀ ਸਾਦਗੀ ਹੁੰਦੀ ਹੈ, ਮੌਕੇ ਯਤਨਾਂ ਵਿਚੋਂ ਪੈਦਾ ਹੁੰਦੇ ਹਨ। ਸਮਾਂ ਅਤੇ ਮੌਕਾ ਕਿਸੇ ਦੀ ਉਡੀਕ ਨਹੀਂ ਕਰਦੇ। ਸੋਚ ਪੱਖੋਂ ਸਾਡੀਆਂ ਬੇਟੀਆਂ ਨੂੰ ਆਤਮਨਿਰਭਰ ਹੋਣਾ ਜ਼ਰੂਰੀ ਹੈ। ਮਾਪਿਆਂ ਦੁਆਰਾ ਉਨ੍ਹਾਂ ਦੇ ਹਰ ਫ਼ੈਸਲੇ ਨੂੰ ਸ਼ੱਕ ਦੀਆਂ ਨਜ਼ਰਾਂ ਨਾਲ ਦੇਖਣਾ ਠੀਕ ਨਹੀਂ ਹੈ।

ਪਿਛਲੇ ਸਮੇਂ ਦੇ ਕਈ ਸੱਚ ਵਰਤਮਾਨ ਸਮੇਂ ਵਿਚ ਬਹੁਤਾ ਮਹੱਤਵ ਨਹੀਂ ਰੱਖਦੇ। ਜੇਕਰ ਖ਼ੁਸ਼ੀ ਚਾਹੁੰਦੇ ਹੋ ਤਾਂ ਕੁਝ ਸਵੀਕਾਰ ਕਰਨਾ ਅਤੇ ਬਰਦਾਸ਼ਤ ਕਰਨਾ ਵੀ ਸਿੱਖੋ। ਜ਼ਿਆਦਾ ਲੋਕਾਂ ਤੋਂ ਰਸਤਾ ਪੁੱਛੋਗੇ ਤਾਂ ਤੁਸੀਂ ਆਪਣੀ ਮੰਜ਼ਿਲ ਤੱਕ ਨਹੀਂ ਪਹੁੰਚ ਸਕਦੇ। ਜੇਕਰ ਤੁਹਾਨੂੰ ਆਪਣੀ ਅਸਲ ਕੀਮਤ ਦਾ ਗਿਆਨ ਨਹੀਂ ਤਾਂ ਤੁਸੀਂ ਧੋਖਿਆਂ ਤੋਂ ਨਹੀਂ ਬਚ ਸਕਦੇ। ਤੁਸੀਂ ਆਪਣਾ ਰਾਹ ਖੁਦ ਚੁਣੋ, ਕਿਉਂਕਿ ਭੀੜਾਂ ਅਕਸਰ ਅਸਾਨ ਰਸਤਿਆਂ 'ਤੇ ਹੀ ਚੱਲਦੀਆਂ ਹਨ। ਦੂਰ ਤੋਂ ਅਤੇ ਗਰੂਰ ਤੋਂ ਦੇਖਣ ਨਾਲ ਹਰ ਚੀਜ਼ ਛੋਟੀ ਹੀ ਨਜ਼ਰ ਆਉਂਦੀ ਹੈ। ਹੁਸ਼ਿਆਰ ਹੋਣਾ ਚੰਗੀ ਗੱਲ ਹੈ ਪਰ ਸਮਝਦਾਰ ਹੋਣਾ ਉਸ ਤੋਂ ਵੀ ਚੰਗੀ ਗੱਲ। ਆਪਣੀਆਂ ਗਲਤੀਆਂ ਤੋਂ ਸਬਕ ਨਹੀਂ ਸਿੱਖੋਗੇ ਤਾਂ ਤੁਸੀਂ ਵਕਤ ਦੀ ਸਜ਼ਾ ਤੋਂ ਬਚ ਨਹੀਂ ਸਕਦੇ। ਖੁਸ਼ੀ ਕਦੇ ਵੀ ਐਨੀ ਮਹਿੰਗੀ ਨਹੀਂ ਹੁੰਦੀ ਕਿ ਜਿੰਨਾ ਅਸੀਂ ਉਸ ਨੂੰ ਮਹਿੰਗਾ ਬਣਾ ਦਿੰਦੇ ਹਾਂ। ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਹੈ। ਆਪਣੀ ਉਮਰ ਹੰਢਾਅ ਚੁੱਕੇ ਰੂੜੀਵਾਦੀ ਵਿਚਾਰਾਂ ਨੂੰ ਤਿਆਗੋ ਅਤੇ ਜ਼ਿੰਦਗੀ ਦੀਆਂ ਨਵੀਆਂ ਚੁਣੌਤੀਆਂ ਨੂੰ ਸਮਝਣ ਦਾ ਯਤਨ ਕਰੋ। ਚੰਗੀਆਂ ਅਤੇ ਉਸਾਰੂ ਆਦਤਾਂ ਨੂੰ ਅਪਣਾਉਣਾ ਔਖਾ ਹੁੰਦਾ ਹੈ ਪਰ ਇਸ ਨਾਲ ਸਾਰੀ ਜ਼ਿੰਦਗੀ ਸੌਖੀ ਹੋ ਜਾਂਦੀ ਹੈ। ਬੁਰੀਆਂ ਆਦਤਾਂ ਆਰੰਭ ਵਿਚ ਚੰਗੀਆਂ ਲੱਗਦੀਆਂ ਹਨ ਪਰ ਇਹ ਬਾਕੀ ਸਾਰੀ ਜ਼ਿੰਦਗੀ ਨੂੰ ਔਖਾ ਕਰ ਦਿੰਦੀਆਂ ਹਨ।

## ਇਨ੍ਹਾਂ ਨੂੰ ਫਰਿੱਜ ਵਿਚ ਨਾ ਰੱਖੋ



**ਟਮਾਟਰ :** ਫਰਿੱਜ ਦਾ ਤਾਪਮਾਨ ਟਮਾਟਰ ਦੇ ਰੰਗ ਅਤੇ ਸਵਾਦ ਨੂੰ ਨੁਕਸਾਨ ਪਹੁੰਚਾਉਂਦਾ ਹੈ। ਟਮਾਟਰ ਨੂੰ ਕਾਗਜ਼ ਦੇ ਬਣੇ ਬੈਗ ਵਿਚ ਆਮ ਕਮਰੇ ਦੇ ਤਾਪਮਾਨ ਵਿਚ ਦੋ ਦਿਨ ਤੱਕ ਸੁਰੱਖਿਅਤ ਰੱਖ ਸਕਦੇ ਹਾਂ। ਜ਼ਿਆਦਾ ਢਿੱਲੇ ਟਮਾਟਰ ਫਰਿੱਜ ਵਿਚ ਰੱਖ ਕੇ ਦੋ ਦਿਨ ਦੇ ਅੰਦਰ ਵਰਤੋਂ ਵਿਚ ਲਿਆਓ। ਇਸ ਲਈ ਟਮਾਟਰ ਲੋੜ ਅਨੁਸਾਰ ਖ਼ਰੀਦੋ। ਜ਼ਿਆਦਾ ਟਮਾਟਰ ਨਾ ਖਰੀਦੋ।

**ਲਸਣ :** ਸਾਬਤ ਜਾਂ ਅਲੱਗ ਕੀਤੀਆਂ ਹੋਈਆਂ ਕਲੀਆਂ ਵਾਲਾ ਲਸਣ ਫਰਿੱਜ ਵਿਚ ਨਾ ਰੱਖੋ, ਕਿਉਂਕਿ ਫਰਿੱਜ ਦੀ ਨਮੀ ਨਾਲ ਲਸਣ ਨਰਮ ਹੋ ਕੇ ਪੁੰਗਰਨ ਲਗਦਾ ਹੈ। ਛੀਲਿਆ ਲਸਣ ਵੀ ਹਵਾਬੰਦ ਡੱਬੇ ਵਿਚ ਦੋ ਦਿਨ ਤੋਂ ਜ਼ਿਆਦਾ ਫਰਿੱਜ ਵਿਚ ਨਾ ਰੱਖੋ। ਪੁੰਗਰਨ ਨਾਲ ਲਸਣ ਦਾ ਸਵਾਦ ਵਿਗੜ ਜਾਂਦਾ ਹੈ। ਲਸਣ ਨੂੰ ਕਮਰੇ ਦੇ ਤਾਪਮਾਨ ਵਿਚ ਸੂਰਜ ਦੀ ਰੌਸ਼ਨੀ ਤੋਂ ਦੂਰ ਠੰਢੀ ਜਗ੍ਹਾ 'ਤੇ ਰੱਖੋ, ਤਾਂ ਕਿ ਜ਼ਿਆਦਾ ਦਿਨ ਤੱਕ ਉਸ ਦੀ ਵਰਤੋਂ ਕੀਤੀ ਜਾ ਸਕੇ। ਪਲਾਸਟਿਕ ਬੈਗ ਵਿਚ ਵੀ ਨਾ ਰੱਖੋ, ਖੁੱਲ੍ਹਾ ਰੱਖੋ।

**ਪਿਆਜ਼ :** ਪਿਆਜ਼ ਨੂੰ ਠੰਢੀ ਹਵਾਦਾਰ ਜਗ੍ਹਾ 'ਤੇ ਖੁੱਲ੍ਹਾ ਰੱਖਣਾ ਚਾਹੀਦਾ ਹੈ। ਫਰਿੱਜ ਦੀ ਨਮੀ ਵਿਚ ਪਿਆਜ਼ ਮੁਲਾਇਮ ਹੋ ਕੇ ਬੇਕਾਰ ਹੋ ਜਾਂਦਾ ਹੈ। ਪਿਆਜ਼ ਨੂੰ ਪਲਾਸਟਿਕ ਬੈਗ ਵਿਚ ਨਹੀਂ ਰੱਖਣਾ ਚਾਹੀਦਾ ਅਤੇ ਆਲੂ ਤੋਂ ਪਿਆਜ਼ ਨੂੰ ਦੂਰ ਰੱਖਣਾ ਚਾਹੀਦਾ ਹੈ, ਕਿਉਂਕਿ ਉਨ੍ਹਾਂ ਵਿਚੋਂ ਨਿਕਲਣ ਵਾਲੀ ਗੈਸ ਅਤੇ ਨਮੀ ਨਾਲ ਆਲੂ-ਪਿਆਜ਼ ਦੋਵੇਂ ਖਰਾਬ ਹੋ ਜਾਂਦੇ ਹਨ।

**ਆਲੂ :** ਆਲੂ ਨੂੰ ਫਰਿੱਜ ਵਿਚ ਰੱਖਣ ਨਾਲ ਆਲੂ ਨੂੰ ਪਕਾਉਣ 'ਤੇ ਇਕ੍ਰਾਇਲਾ-ਮਾਈਟ ਨਾਮਕ ਹਾਨੀਕਾਰਕ ਰਸਾਇਣ ਰਿਲੀਜ਼ ਹੁੰਦਾ ਹੈ, ਜੋ ਸਿਹਤ ਨੂੰ ਨੁਕਸਾਨ ਪਹੁੰਚਾਉਂਦਾ ਹੈ। ਇਸ ਨਾਲ ਕੈਂਸਰ ਤੱਕ ਦਾ ਖ਼ਤਰਾ ਵਧਦਾ ਹੈ। ਆਲੂ ਨੂੰ ਬਾਹਰ ਠੰਢੀ ਜਗ੍ਹਾ 'ਤੇ ਰੱਖੋ। ਬਹੁਤ ਜ਼ਿਆਦਾ ਆਲੂ ਸਟੋਰ ਕਰ ਕੇ ਨਾ ਰੱਖੋ। ਫਰਿੱਜ ਦਾ ਤਾਪਮਾਨ ਆਲੂ ਦਾ ਸਟਾਰਚ ਬ੍ਰੇਕ ਕਰ ਦਿੰਦਾ ਹੈ, ਜਿਸ ਨਾਲ ਆਲੂ ਹੋਰ ਮਿੱਠਾ ਹੋ ਜਾਂਦਾ ਹੈ। ਇਸ ਲਈ ਆਲੂ ਫਰਿੱਜ ਵਿਚ ਨਾ ਰੱਖੋ।

**ਫਲ :** ਫਲਾਂ ਨੂੰ ਫਰਿੱਜ ਵਿਚ ਰੱਖਣ ਨਾਲ ਇਨ੍ਹਾਂ ਦਾ ਸਵਾਦ ਅਤੇ ਟੈਕਸਚਰ ਵਿਗੜ ਜਾਂਦਾ ਹੈ। ਸੇਬ, ਕੇਲਾ, ਸੰਤਰਾ, ਆੜੂ, ਮੌਸੰਮੀ, ਇਨ੍ਹਾਂ ਸਾਰਿਆਂ ਨੂੰ ਆਮ ਕਮਰੇ ਦੇ ਤਾਪਮਾਨ ਵਿਚ ਰੱਖਣਾ ਠੀਕ ਹੈ। ਇਸ ਲਈ ਜ਼ਿਆਦਾ ਫਲ ਇਕੱਠੇ ਲਿਆ ਕੇ ਨਾ ਰੱਖੋ। ਲੋੜ ਅਨੁਸਾਰ ਥੋੜ੍ਹਾ ਲਿਆਓ। ਗਰਮੀਆਂ ਵਿਚ ਠੰਢਾ ਫਲ ਖਾਣ ਨੂੰ ਜੀਅ ਕਰੇ ਤਾਂ ਖਾਣੇ ਤੋਂ ਅੱਧਾ ਘੰਟਾ ਪਹਿਲਾਂ ਉਸ ਨੂੰ ਫਰਿੱਜ ਵਿਚ ਰੱਖ ਕੇ ਠੰਢਾ ਕਰ ਕੇ ਖਾਓ।

**ਸੋਇਆ ਸਾਸ, ਟਮਾਟਰ ਸਾਸ :** ਕੋਈ ਵੀ ਸਾਸ ਹੋਵੇ, ਉਨ੍ਹਾਂ ਵਿਚ ਪ੍ਰਿਜ਼ਰਵੇਟਿਵਸ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਲਈ ਉਨ੍ਹਾਂ ਨੂੰ ਖੁੱਲ੍ਹਣ ਤੋਂ ਬਾਅਦ ਵੀ ਫਰਿੱਜ ਤੋਂ ਬਾਹਰ ਰੱਖਣਾ ਚਾਹੀਦਾ ਹੈ। ਇਸੇ ਤਰ੍ਹਾਂ ਜੈਮ ਅਤੇ ਜੈਲੀ ਨੂੰ ਵੀ ਫਰਿੱਜ ਤੋਂ ਬਾਹਰ ਰੱਖਣਾ ਚਾਹੀਦਾ ਹੈ।

## ਸੁੰਦਰਤਾ ਵਧਾਉਣ ਦੇ ਕਾਰਗਰ ਨੁਸਖੇ



- ਇਕ ਪੱਕੇ ਹੋਏ ਟਮਾਟਰ ਦੇ ਰਸ ਵਿਚ ਅੱਧਾ ਨਿੰਬੂ ਦਾ ਰਸ ਮਿਲਾ ਲਓ। ਫਿਰ ਇਸ ਮਿਸ਼ਰਣ ਨੂੰ ਚਿਹਰੇ 'ਤੇ ਲਗਾ ਕੇ ਇਕ ਘੰਟੇ ਬਾਅਦ ਧੋ ਲਓ। ਇਸ ਦੀ ਨਿਯਮਤ ਵਰਤੋਂ ਨਾਲ ਚਿਹਰੇ 'ਤੇ ਨਿਖਾਰ ਆਉਂਦਾ ਹੈ।
- ਇਕ ਚਮਚ ਸ਼ਹਿਦ ਵਿਚ ਥੋੜ੍ਹਾ ਜਿਹਾ ਨਿੰਬੂ ਦਾ ਰਸ ਮਿਲਾ ਲਓ। ਫਿਰ ਇਸ ਨਾਲ ਚਿਹਰੇ 'ਤੇ ਥੋੜ੍ਹੀ ਦੇਰ ਮਾਲਿਸ਼ ਕਰੋ। ਅਜਿਹਾ ਕਰਨ ਨਾਲ ਝੁਰੜੀਆਂ ਨਹੀਂ ਪੈਂਦੀਆਂ ਅਤੇ ਚਮੜੀ ਵਿਚ ਨਵਾਂ ਨਿਖਾਰ ਆ ਜਾਂਦਾ ਹੈ।
- ਤਾਜ਼ੇ ਦਹੀਂ ਵਿਚ ਨਿੰਬੂ ਦਾ ਰਸ ਅਤੇ ਮੁਲਤਾਨੀ ਮਿੱਟੀ ਮਿਲਾਓ। ਇਸ ਨਾਲ ਖੁਸ਼ਕ ਚਮੜੀ ਸੁੰਦਰ ਅਤੇ ਕੋਮਲ ਬਣਦੀ ਹੈ।
- ਇਕ ਚਮਚ ਕੱਚੇ ਦੁੱਧ ਵਿਚ ਥੋੜ੍ਹਾ ਜਿਹਾ ਨਿੰਬੂ ਦਾ ਰਸ ਮਿਲਾ ਕੇ ਲਗਾਉਣ ਨਾਲ ਚਿਹਰੇ ਦੀ ਸੁੰਦਰਤਾ ਵਧਦੀ ਹੈ ਅਤੇ ਚਿਹਰੇ ਦਾ ਰੰਗ ਵੀ ਨਿੱਖਰਦਾ ਹੈ।
- ਚਿਹਰੇ ਦੀ ਦੇਖਭਾਲ ਤੋਂ ਬਾਅਦ ਹੁਣ ਹੱਥਾਂ ਅਤੇ ਪੈਰਾਂ ਦੀ ਦੇਖਭਾਲ ਦੀ ਵਾਰੀ ਆਉਂਦੀ ਹੈ। ਇਸ ਲਈ ਹੁਣ ਅਸੀਂ ਹੱਥਾਂ ਅਤੇ ਪੈਰਾਂ ਦੀ ਸੁੰਦਰਤਾ ਵਧਾਉਣ ਵਾਲੇ ਉਪਾਅ ਦੱਸ ਰਹੇ ਹਾਂ-
- ਪਾਣੀ ਵਿਚ ਨਿੰਬੂ ਦੇ ਰਸ ਦੀਆਂ ਬੂੰਦਾਂ ਪਾ ਕੇ ਦਿਨ ਵਿਚ ਦੋ ਤੋਂ ਚਾਰ ਵਾਰ ਹੱਥਾਂ ਅਤੇ ਪੈਰਾਂ ਨੂੰ ਧੋਣ ਨਾਲ ਦਾਗ-ਧੱਬੇ ਦੂਰ ਹੋ ਜਾਂਦੇ ਹਨ।
- ਇਕ ਨਿੰਬੂ ਜਾਂ ਆਲੂ ਦਾ ਟੁਕੜਾ ਲੈ ਕੇ ਕੂਹਣੀਆਂ ਅਤੇ ਗੋਡਿਆਂ 'ਤੇ ਰਗੜੋ। ਚੰਗੀ ਤਰ੍ਹਾਂ ਰਗੜਨ ਤੋਂ ਬਾਅਦ ਪਾਣੀ ਨਾਲ ਧੋ ਦਿਓ। ਇਸ ਨਾਲ ਉਥੋਂ ਦੀ ਚਮੜੀ ਸਾਫ਼ ਹੋ ਜਾਵੇਗੀ।
- ਟਮਾਟਰ ਦੇ ਰਸ ਵਿਚ ਸ਼ਹਿਦ ਮਿਲਾ ਕੇ ਹੱਥਾਂ ਅਤੇ ਪੈਰਾਂ 'ਤੇ ਲਗਾਓ। ਇਸ ਨਾਲ ਚਮੜੀ ਕੋਮਲ ਬਣਦੀ ਹੈ।
- ਨਹੁੰਆਂ ਵਿਚ ਨਵੀਂ ਚਮਕ ਲਿਆਉਣ ਲਈ ਨਹੁੰਆਂ 'ਤੇ ਨਿੰਬੂ ਦਾ ਟੁਕੜਾ ਮਲਣਾ ਚਾਹੀਦਾ ਹੈ। ਚਿਹਰਾ, ਹੱਥਾਂ ਅਤੇ ਪੈਰਾਂ ਦੀ ਦੇਖਭਾਲ ਤੋਂ ਬਾਅਦ ਵਾਲਾਂ ਦੀ ਵਾਰੀ ਆਉਂਦੀ ਹੈ। ਖੂਬਸੂਰਤ ਵਾਲਾਂ ਤੋਂ ਬਿਨਾਂ ਨਾਰੀ ਦੀ ਸੁੰਦਰਤਾ ਅਧੂਰੀ ਹੀ ਲੱਗਦੀ ਹੈ।
- ਵਾਲਾਂ ਵਿਚ ਜੇ ਸਿੱਕਰੀ ਹੋਵੇ ਤਾਂ ਦਹੀਂ ਵਿਚ ਨਿੰਬੂ ਦੇ ਰਸ ਦੀਆਂ ਬੂੰਦਾਂ ਪਾ ਕੇ ਵਾਲਾਂ ਦੀਆਂ ਜੜ੍ਹਾਂ ਵਿਚ ਲਗਾਓ ਅਤੇ ਚੰਗੀ ਤਰ੍ਹਾਂ ਮਾਲਿਸ਼ ਕਰੋ। ਉਸ ਤੋਂ ਬਾਅਦ 15-20 ਮਿੰਟ ਲਈ ਇਸੇ ਤਰ੍ਹਾਂ ਹੀ ਛੱਡ ਦਿਓ। ਫਿਰ ਪਾਣੀ ਨਾਲ ਚੰਗੀ ਤਰ੍ਹਾਂ ਧੋ ਲਓ।
- ਵਾਲਾਂ ਨੂੰ ਸਿਹਤਮੰਦ, ਚਮਕਦਾਰ ਅਤੇ ਸੰਘਣੇ ਬਣਾਉਣ ਲਈ ਔਲੇ, ਸ਼ਿਕਾਕਾਈ ਅਤੇ ਰੀਠੇ ਨਾਲ ਵਾਲਾਂ ਨੂੰ ਧੋਵੋ। ਇਸ ਦੀ ਨਿਯਮਤ ਵਰਤੋਂ ਨਾਲ ਵਾਲ ਕਾਫੀ ਸੁੰਦਰ ਅਤੇ ਚਮਕੀਲੇ ਹੁੰਦੇ ਹਨ।

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

# Classified

ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਐੱਪ ਜਾਂ ਈ-ਮੇਲ ਕਰੋ :
604-584-5577
: infopunjabitribune@gmail.com



## BRIDE WANTED

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS 27-12

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. AP 17-01

# ਪਰਿਵਾਰ ਤੋਂ ਮਿਲੀ ਸਾਹਿਤਕ ਗੁੜ੍ਹਤੀ

ਲਿਖਤ : ਡਾ. ਹਰਮਿੰਦਰ ਸਿੰਘ ਬੇਦੀ
ਮੋਬਾਈਲ : 93561-33665



ਮੇਰੇ ਤੋਂ ਛੋਟਾ ਭਰਾ ਸੁਰਿੰਦਰ ਸਿੰਘ ਬੇਦੀ ਬਹੁਤ ਸਾਹਿਤਕ ਰੁਚੀਆਂ ਦਾ ਮਾਲਕ ਸੀ। ਪੰਜਾਬੀ ਵਿਚ ਐੱਮਏ, ਐੱਮ.ਫਿਲ। ਉਹ ਐੱਫਸੀਆਈ 'ਚ ਨੌਕਰੀ ਕਰਦਾ ਸੀ ਪਰ ਉਹਦੇ ਹੱਥ 'ਚ ਹਮੇਸ਼ਾ ਮੈਗਜ਼ੀਨ ਹੁੰਦੇ ਸਨ। ਚੌਥੇ ਨੰਬਰ 'ਤੇ ਮੇਰਾ ਇਕ ਛੋਟਾ ਭਰਾ ਭੁਪਿੰਦਰ ਸਿੰਘ ਬੇਦੀ ਸੀ। ਪੜ੍ਹਿਆ-ਲਿਖਿਆ, ਸੋਹਣਾ-ਸੁਨੱਖਾ ਤੇ ਵਿਆਹਿਆ ਹੋਇਆ ਭਰ ਜਵਾਨੀ 'ਚ ਕਾਰ ਦੀ ਗੈਸ ਲੀਕ ਹੋਣ ਕਰਕੇ ਦੁਨੀਆ ਨੂੰ ਅਲਵਿਦਾ ਕਹਿ ਗਿਆ।

ਡਾ. ਚੰਦਰ ਸ਼ੇਖਰ ਠੀਕ ਕਹਿੰਦੇ ਸਨ ਕਿ ਵਿਆਸ ਕਿਤਨੇ ਵੱਡੇ ਰਿਸ਼ੀ ਨੇ। ਵਿਆਸ ਪੀਠ ਗਿਆਨ ਦੀ ਪੀਠ ਐ। ਏਸ ਪੀਠ ਦਾ ਮੈਨੂੰ ਵੀ ਅਸ਼ੀਰਵਾਦ ਮਿਲਿਆ ਤੇ ਮੈਂ ਹਿੰਦੀ ਕਾਵਿ ਜਗਤ 'ਚ ਆਪਣੇ ਹਸਤਾਖ਼ਰ ਕੀਤੇ। ਡਾ. ਚੰਦਰ ਸ਼ੇਖਰ ਦੀ ਦੇਣ ਨੂੰ ਮੈਂ ਕਦੀ ਭੁਲਾ ਨਹੀਂ ਸਕਦਾ ਤੇ ਜਿਸ ਵੇਲੇ ਮੈਂ ਥੋੜ੍ਹਾ ਜਿਹਾ ਵੀ ਹਿੰਦੀ ਕਾਵਿ ਜਗਤ 'ਚ ਪੈਰ ਰੱਖਣਾ ਸਿੱਖਿਆ ਤਾਂ ਉਹ ਉਸ ਵੇਲੇ ਵੀ ਆਪਣਾ ਅਸ਼ੀਰਵਾਦ ਦਿੰਦੇ ਸਨ। ਉਨ੍ਹਾਂ ਦੇ ਸੰਪਾਦਨ ਹੇਠ ਸੌਰਵ ਪੱਤ੍ਰਿਕਾ ਦਾ ਪੰਜਾਬ ਵਿਸ਼ੇਸ਼ ਅੰਕ ਨਿਕਲਿਆ ਸੀ। ਮੈਨੂੰ ਯਾਦ ਐ ਕਿ ਡਾ. ਚੰਦਰ ਸ਼ੇਖਰ ਨੇ ਮੇਰੀਆਂ ਕਵਿਤਾਵਾਂ ਵੀ ਛਾਪੀਆਂ ਤੇ ਇਕ ਬਹੁਤ ਵੱਡੀ ਭੂਮਿਕਾ 'ਚ ਮੇਰੀਆਂ ਉਨ੍ਹਾਂ ਕਵਿਤਾਵਾਂ 'ਤੇ ਟਿੱਪਣੀ ਵੀ ਕੀਤੀ। ਜਿਸ ਵੇਲੇ ਮੈਂ ਕਾਲਜ 'ਚ ਆਇਆ, ਯੂਨੀਵਰਸਿਟੀ 'ਚ ਪ੍ਰਵੇਸ਼ ਕੀਤਾ ਤਾਂ ਬਹੁਤ ਵੱਡੇ ਸਮੁੰਦਰ ਵਰਗੇ ਜਿਹੜੇ ਆਲੋਚਕ, ਗਿਆਨਵਾਨ ਸਨ, ਉਨ੍ਹਾਂ ਦੀ ਸੰਗਤ ਮਿਲੀ। ਉਨ੍ਹਾਂ 'ਚੋਂ ਸਭ ਤੋਂ ਵੱਡਾ ਨਾਮ ਰਮੇਸ਼ ਕੁੰਤਲ ਮੇਘ ਜੀ ਦਾ ਅਤੇ ਡਾ. ਧਰਮਪਾਲ ਮੈਣੀ ਦਾ ਹੈ।

ਬੀਤੇ ਦੀਆਂ ਪੈੜਾਂ ਦੀ ਪਛਾਣ ਕਰਨੀ ਅਤੇ ਉਨ੍ਹਾਂ 'ਤੇ ਸੁਰੱਖਿਅਤ ਢੰਗ ਨਾਲ ਚੱਲਣਾ ਬਹੁਤ ਔਖਾ ਕਾਰਜ ਹੁੰਦਾ ਹੈ। ਸਾਡੇ ਘਰ 'ਚ ਅਨੁਸ਼ਾਸਨ ਅਤੇ ਮਰਿਆਦਾ, ਦੋ ਵੱਡੀਆਂ ਤਾਕਤਾਂ ਹਮੇਸ਼ਾ ਕਾਰਜਸ਼ੀਲ ਰਹਿੰਦੀਆਂ ਸਨ। ਭਾਪਾ ਜੀ ਦਾ ਆਦੇਸ਼ ਇਹ ਹੁੰਦਾ ਸੀ ਕਿ ਹਨੇਰਾ ਪੈਣ ਤੋਂ ਪਹਿਲਾਂ ਹਰ ਹਾਲਤ 'ਚ ਤੁਸੀਂ ਘਰ ਹੋਣੇ ਚਾਹੀਦੇ ਹੋ। ਅੱਜ ਵੀ ਉਨ੍ਹਾਂ ਦੀ ਇਹ ਮਰਿਆਦਾ ਮੇਰੇ ਜੀਵਨ ਦੇ ਅੰਗ-ਸੰਗ ਚੱਲਦੀ ਹੈ। ਮੈਂ ਕਿਤੇ ਵੀ ਹੋਵਾਂ, ਜਦੋਂ ਸ਼ਾਮ ਢਲਣ ਲੱਗਦੀ ਹੈ ਤੇ ਮੇਰਾ ਮਨ ਘਰ ਪਹੁੰਚਣ ਨੂੰ ਕਾਹਲਾ ਪੈ ਜਾਂਦਾ ਹੈ। ਕਈ ਵਾਰੀ ਤਾਂ ਇੱਥੋਂ ਤੱਕ ਹੁੰਦਾ ਹੈ ਕਿ ਕਿਸੇ ਬਹੁਤ ਜ਼ਰੂਰੀ ਕਾਰਜ 'ਚ ਮੈਂ ਪੰਜਾਬ ਦੀ ਕਿਸੇ ਯੂਨੀਵਰਸਿਟੀ, ਕਾਲਜ ਜਾਂ ਸੰਸਥਾ 'ਚ ਭਾਸ਼ਣ ਦੇਣ ਲਈ ਜਾਂਦਾ ਹਾਂ ਪਰ ਜਿੱਥੋਂ ਸ਼ਾਮ ਢਲਦੀ ਹੈ ਮੈਂ ਸਾਰੇ ਦੋਸਤਾਂ, ਮਿੱਤਰਾਂ ਅਤੇ ਕਾਲਜ ਦੇ ਅਧਿਕਾਰੀਆਂ ਨੂੰ ਅਲਵਿਦਾ ਕਹਿਣ ਵਿਚ ਇਕ ਮਿੰਟ ਨਹੀਂ ਲਾਉਂਦਾ। ਕਈ ਵਾਰੀ ਚੰਗਾ ਵੀ ਨਹੀਂ ਲੱਗਦਾ। ਉਨ੍ਹਾਂ ਦਾ ਬਣਿਆ ਖਾਣਾ, ਪਿਆਰ ਅਤੇ ਸਤਿਕਾਰ ਨਾਲ ਬਣੀ ਹੋਈ ਚਾਹ ਦਾ ਸੁਆਦ ਵੀ ਮੈਨੂੰ ਫਿੱਕਾ ਲੱਗਦਾ ਹੈ ਕਿ ਮੈਂ ਜਲਦੀ ਤੋਂ ਜਲਦੀ ਘਰ ਪਹੁੰਚਾਂ।

ਟਾਲਸਟਾਏ ਆਪਣੀਆਂ ਯਾਦਾਂ 'ਚ ਅਕਸਰ ਕਹਿੰਦਾ ਹੈ ਕਿ ਸ਼ਹਿਰ ਉਹੀ ਹੁੰਦਾ ਹੈ ਜਿਹਨੂੰ ਅਸੀਂ ਹੌਲੀ-ਹੌਲੀ ਦਿਨ ਵੇਲੇ ਪੈਦਲ ਚੱਲ ਕੇ ਵੇਖਦੇ ਹਾਂ। ਇਹ ਬੜੇ ਜ਼ਰੂਰੀ ਨੁਕਤੇ ਮੈਂ ਆਪਣੇ ਬਚਪਨ ਤੋਂ ਮੈਂ ਆਪਣੇ ਮਾਤਾ-ਪਿਤਾ ਤੋਂ ਸਿੱਖੇ। ਮੇਰੇ ਸਾਰੇ ਭਰਾ ਵੀ ਇਸੇ ਅਨੁਸ਼ਾਸਨ ਦਾ ਪਾਲਣ ਕਰਦੇ ਸਨ। ਘਰ 'ਚ ਸਾਹਿਤਕ ਪੱਤ੍ਰਿਕਾਵਾਂ ਆਉਂਦੀਆਂ ਸਨ। ਸਭ ਭਰਾ ਪੜ੍ਹਦੇ ਸਨ। ਕਈ ਵਾਰੀ ਭਾਪਾ ਜੀ ਨੂੰ ਪੜ੍ਹ ਕੇ ਪੰਜਾਬੀ ਦੀਆਂ ਪੱਤ੍ਰਿਕਾਵਾਂ ਦੀਆਂ ਕਵਿਤਾਵਾਂ ਸੁਣਾਉਣੀਆਂ ਤੇ ਕਈ ਵਾਰੀ ਉਨ੍ਹਾਂ ਨੇ ਉਰਦੂ ਦੀਆਂ ਬਿਹਤਰੀਨ ਗ਼ਜ਼ਲਾਂ ਸਾਡੇ ਤੱਕ ਪਹੁੰਚਾਉਣੀਆਂ। ਪਰਿਵਾਰ 'ਚ ਇਹ ਸਾਹਿਤਕ ਆਦਾਨ-ਪ੍ਰਦਾਨ ਚੱਲਦਾ ਰਹਿੰਦਾ ਸੀ। ਇਸੇ ਲਈ ਅੱਜ ਮੈਂ ਜਦ ਆਪਣੇ ਵੱਡੇ ਭਰਾ ਹਰਜਿੰਦਰ ਸਿੰਘ ਬੇਦੀ ਜਿਹੜੇ ਕੈਨੇਡਾ 'ਚ ਰਹਿੰਦੇ ਹਨ, ਉਨ੍ਹਾਂ ਨੂੰ ਵੀ ਦੇਖਦਾ ਹਾਂ ਕਿ ਉਹ ਲਗਾਤਾਰ ਕਿਤਾਬਾਂ ਅਤੇ ਮੈਗਜ਼ੀਨਾਂ ਦੀ ਦੁਨੀਆ 'ਚ ਵਿਚਰਦੇ ਹਨ। ਆਪਣੇ ਵਪਾਰਕ ਰੁਝੇਵਿਆਂ ਤੋਂ ਵਿਹਲੇ ਹੋ ਕੇ ਉਨ੍ਹਾਂ ਨੇ ਕਿਤਾਬਾਂ ਵੀ ਪੜ੍ਹਨੀਆਂ ਹਨ, ਮੈਗਜ਼ੀਨ ਤੇ ਰਸਾਲੇ ਵੀ ਪੜ੍ਹਨੇ ਹਨ ਅਤੇ ਕੈਨੇਡਾ ਤੋਂ ਮੈਨੂੰ ਲੰਬੇ-ਲੰਬੇ ਫੋਨ ਕਰ ਕੇ ਕਦੇ ਮਹਾਤਮਾ ਬੁੱਧ ਬਾਰੇ, ਕਦੇ ਅਚਾਰੀਆ ਰਜਨੀਸ਼ ਤੇ ਕਦੇ ਦੇਸ਼ ਦੇ ਹੋਰ ਹੁਨਰਮੰਦ ਲੋਕਾਂ ਬਾਰੇ ਸੰਵਾਦ ਵੀ ਕਰਦੇ ਹਨ ਤੇ ਖੁੱਲ੍ਹ ਕੇ ਆਪਣੀ ਰਾਇ ਵੀ ਦਿੰਦੇ ਹਨ।

ਮੇਰੇ ਤੋਂ ਛੋਟਾ ਭਰਾ ਸੁਰਿੰਦਰ ਸਿੰਘ ਬੇਦੀ ਬਹੁਤ ਸਾਹਿਤਕ ਰੁਚੀਆਂ ਦਾ ਮਾਲਕ ਸੀ। ਪੰਜਾਬੀ ਵਿਚ ਐੱਮਏ, ਐੱਮ.ਫਿਲ। ਉਹ ਐੱਫਸੀਆਈ 'ਚ ਨੌਕਰੀ ਕਰਦਾ ਸੀ ਪਰ ਉਹਦੇ ਹੱਥ 'ਚ ਹਮੇਸ਼ਾ ਮੈਗਜ਼ੀਨ ਹੁੰਦੇ ਸਨ। ਚੌਥੇ ਨੰਬਰ 'ਤੇ ਮੇਰਾ ਇਕ ਛੋਟਾ ਭਰਾ ਭੁਪਿੰਦਰ ਸਿੰਘ ਬੇਦੀ ਸੀ। ਪੜ੍ਹਿਆ-ਲਿਖਿਆ, ਸੋਹਣਾ-ਸੁਨੱਖਾ ਤੇ ਵਿਆਹਿਆ ਹੋਇਆ ਭਰ ਜਵਾਨੀ 'ਚ ਕਾਰ ਦੀ ਗੈਸ ਲੀਕ ਹੋਣ ਕਰਕੇ ਦੁਨੀਆ ਨੂੰ ਅਲਵਿਦਾ ਕਹਿ ਗਿਆ। ਮੇਰਾ ਛੋਟਾ ਭਰਾ ਡਾ. ਕੁਲਦੀਪ ਸਿੰਘ ਬੇਦੀ ਦੰਦਾਂ ਦਾ ਪ੍ਰਸਿੱਧ ਡਾਕਟਰ ਹੈ। ਉਹਦੇ ਆਪਣੇ ਘਰ 'ਚ ਬਹੁਤ ਵੱਡੀ ਲਾਇਬ੍ਰੇਰੀ ਹੈ। ਉਹ ਹਿੰਦੀ, ਪੰਜਾਬੀ, ਅੰਗਰੇਜ਼ੀ ਦੀਆਂ ਕਿਤਾਬਾਂ ਲਗਾਤਾਰ ਖ਼ਰੀਦਦਾ ਰਹਿੰਦਾ ਹੈ, ਪੜ੍ਹਦਾ ਰਹਿੰਦਾ ਹੈ ਤੇ ਦੰਦਾਂ ਬਾਰੇ, ਚਿਕਿਤਸਾ ਬਾਰੇ ਲੰਬੇ-ਲੰਬੇ ਲੇਖ ਲਿਖਦਾ ਰਹਿੰਦਾ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪੰਜਾਬੀ ਵਿਚ ਲਿਖੀ ਹੋਈ ਉਹਦੀ ਦੰਦਾਂ ਦੀ ਪਹਿਲੀ ਕਿਤਾਬ 'ਨਰੋਏ ਦੰਦ' ਪ੍ਰਕਾਸ਼ਿਤ ਕੀਤੀ। 'ਨਰੋਏ ਦੰਦ' ਕਿਤਾਬ ਨੂੰ ਪੰਜਾਬ ਸਰਕਾਰ ਨੇ ਪਹਿਲੀ ਦੰਦਾਂ ਬਾਰੇ ਕਿਤਾਬ ਪੰਜਾਬੀ ਵਿਚ ਲਿਖੀ ਹੋਣ ਕਰ ਕੇ ਪੁਰਸਕ੍ਰਿਤ ਵੀ ਕੀਤਾ। ਉਹ ਅੱਜ ਵੀ ਇਸ ਗੱਲ 'ਤੇ ਮਾਣ ਮਹਿਸੂਸ ਕਰਦਾ ਹੈ ਕਿ ਸਾਡੇ ਘਰ ਦੇ ਸਾਹਿਤਕ ਮਾਹੌਲ ਨੇ ਉਸ ਨੂੰ ਲਿਖਣ, ਪੜ੍ਹਨ ਅਤੇ ਸਾਹਿਤਕ ਰੁਚੀਆਂ ਬਖ਼ਸ਼ੀਆਂ ਜਿਸ ਸਦਕਾ ਡਾਕਟਰ ਹੋਣ ਦੇ ਨਾਲ-ਨਾਲ ਉਹਦਾ ਸਾਹਿਤ ਤੇ ਲਘੂ ਕਹਾਣੀਆਂ ਦੇ ਨਾਲ-ਨਾਲ ਕਵਿਤਾ 'ਚ ਵੀ ਇਕ ਚੰਗਾ ਉੱਭਰਦਾ ਹੋਇਆ ਨਾਂ ਹੈ।

ਇਸੇ ਤਰ੍ਹਾਂ ਮੇਰੀ ਭੈਣ ਰਾਣੀ ਬੇਦੀ ਫ਼ਿਰੋਜ਼ਪੁਰ ਵਿਖੇ ਹਾਕੀ ਖਿਡਾਰੀਆਂ ਦੇ ਬਹੁਤ ਵੱਡੇ ਪਰਿਵਾਰ 'ਚ ਵਿਆਹੀ ਹੋਈ ਹੈ। ਉਹ ਵੀ ਬਜ਼ੁਰਗ ਹੋ ਗਈ ਹੈ। ਅੱਜ ਵੀ ਜਦੋਂ ਮੇਰੇ ਘਰ ਆਉਂਦੀ ਹੈ ਤਾਂ ਉਹਨੂੰ ਕਿਸੇ ਹੋਰ ਵਸਤੂ ਦੀ ਚਾਹਤ ਨਹੀਂ ਹੁੰਦੀ। ਉਹ ਪਹਿਲੀ ਗੱਲ ਇਹੀ ਕਰਦੀ ਹੈ ਕਿ ਮੈਨੂੰ ਪੁਰਾਣੀਆਂ ਪੱਤ੍ਰਿਕਾਵਾਂ, ਚੰਗੀਆਂ ਕਿਤਾਬਾਂ ਦਿਓ। ਮੈਂ ਕਈ ਵਾਰੀ ਉਸ ਨੂੰ ਪੁੱਛਦਾ ਹਾਂ ਕਿ ਤੇਰੇ ਬੱਚੇ ਵੱਡੇ ਹੋ ਗਏ ਨੇ। ਤੁਹਾਡਾ ਆਪਣਾ ਵਪਾਰ ਹੈ। ਤੂੰ ਅੱਜ ਵੀ ਮੈਗਜ਼ੀਨ ਅਤੇ ਕਿਤਾਬਾਂ ਦੀਆਂ ਗੱਲਾਂ ਕਿਉਂ ਕਰਨੀ ਏਂ? ਤੇ ਉਹ ਕਹਿੰਦੀ ਏ ਕਿ ਮੈਨੂੰ ਪਰਿਵਾਰ ਤੋਂ ਗੁੜ੍ਹਤੀ ਮਿਲੀ ਹੋਈ ਹੈ। ਮੈਂ ਪੰਜਵੀਂ-ਛੇਵੀਂ ਜਮਾਤ ਤੋਂ ਹੀ ਘਰ 'ਚ ਪੰਜਾਬੀ ਪੱਤ੍ਰਿਕਾਵਾਂ 'ਪ੍ਰੀਤਲੜੀ', 'ਆਰਸੀ' ਤੇ ਹਿੰਦੀ ਦੀ 'ਧਰਮ ਯੁੱਗ' ਤੇ 'ਹਿੰਦੁਸਤਾਨ' ਵਰਗੀਆਂ ਪੱਤ੍ਰਿਕਾਵਾਂ ਪੜ੍ਹਦੀ ਰਹੀ ਹਾਂ। ਮੇਰੀ ਭੁੱਖ ਤੇ ਪਿਆਸ ਉਦੋਂ ਖ਼ਤਮ ਹੁੰਦੀ ਹੈ ਜਦੋਂ ਮੈਂ ਚੰਗਾ ਮੈਗਜ਼ੀਨ ਪੜ੍ਹ ਲੈਂਦੀ ਹਾਂ।

ਸਾਡੇ ਪਰਿਵਾਰ ਦੇ ਸਾਹਿਤਕ ਮਾਹੌਲ ਕਾਰਨ ਮੈਂ ਲਗਾਤਾਰ ਹਿੰਦੀ ਅਤੇ ਪੰਜਾਬੀ ਸਾਹਿਤ ਨਾਲ ਕੇਵਲ ਜੁੜਿਆ ਹੀ ਨਹੀਂ ਰਿਹਾ ਬਲਕਿ ਇਕ ਲੇਖਕ ਵਜੋਂ ਮੈਂ ਪੰਜਾਬੀ 'ਚ ਅੱਠ ਕਿਤਾਬਾਂ ਰਚੀਆਂ। ਹਿੰਦੀ 'ਚ ਪੰਜਾਹ ਤੋਂ ਉੱਪਰ ਕਿਤਾਬਾਂ ਦੀ ਸਿਰਜਣਾ ਕੀਤੀ। ਅੰਗਰੇਜ਼ੀ 'ਚ ਕਿਤਾਬਾਂ ਲਿਖੀਆਂ ਅਤੇ ਆਪਣੇ ਏਹ ਸਾਰੇ ਪਰਿਵੇਸ਼ ਦਾ ਜਿਹੜਾ ਥੋੜ੍ਹਾ ਪ੍ਰਭਾਵ ਮੇਰੇ ਮਿੱਤਰਾਂ, ਦੋਸਤਾਂ, ਵਿਦਿਆਰਥੀਆਂ ਤੇ ਜਾਣਨ ਵਾਲੇ ਉਨ੍ਹਾਂ ਪਰਿਵਾਰਾਂ 'ਤੇ ਵੀ ਪਿਆ ਜਿਨ੍ਹਾਂ ਨੇ ਸਾਹਿਤਕ ਲਗਨ ਮੇਰੇ ਘਰ ਦੇ ਪਰਿਵੇਸ਼ ਤੋਂ ਗ੍ਰਹਿਣ ਕੀਤੀ। ਮੈਨੂੰ ਬੜਾ ਚੰਗਾ ਲੱਗਦਾ ਹੈ ਜਦੋਂ ਕੋਈ ਮੇਰਾ ਵਿਦਿਆਰਥੀ ਹਿੰਦੀ 'ਚ ਕੋਈ ਵੱਡੀ ਪ੍ਰਾਪਤੀ ਕਰਦਾ ਏ, ਪੁਰਸਕਾਰ ਪ੍ਰਾਪਤ ਕਰਦਾ ਏ, ਕਿਤਾਬ ਲਿਖਦਾ ਏ ਤੇ ਉਹ ਮੈਨੂੰ ਹਮੇਸ਼ਾ ਚੇਤੇ ਕਰਵਾਉਂਦਾ ਹੈ ਕਿ ਮੇਰੀ ਪਹਿਲੀ ਰਚਨਾ, ਮੇਰੀ ਪਹਿਲੀ ਕਵਿਤਾ, ਮੇਰਾ ਪਹਿਲਾ ਆਲੋਚਨਾਤਮਕ ਨਿਬੰਧ ਤੁਸੀਂ ਪੜ੍ਹ ਕੇ ਮੈਨੂੰ ਪ੍ਰੇਰਨਾ ਦਿੱਤੀ ਸੀ। ਅੱਜ ਮੈਂ ਤੁਹਾਡੀ ਪ੍ਰੇਰਨਾ ਸਦਕਾ ਆਪਣੇ ਕਾਲਜ, ਯੂਨੀਵਰਸਿਟੀ, ਸਕੂਲ 'ਚ ਸਿਰਕੱਢ ਲੇਖਕ ਮੰਨਿਆ ਜਾਂਦਾ ਹਾਂ। ਮੈਂ ਕਈ ਵਾਰੀ ਸੋਚਦਾਂ ਕਿ ਮੇਰੀ ਇਹੋ ਪ੍ਰਾਪਤੀ ਹੈ। ਜਿਸ ਨਦੀ ਦੇ ਕੰਢੇ ਮੈਂ ਹੌਲੀ-ਹੌਲੀ ਤੁਰਿਆ, ਓਸ ਨਦੀ ਦੇ ਪਵਿੱਤਰ ਜਲ ਨੇ ਮੇਰੇ ਵਿਦਿਆਰਥੀਆਂ ਤੇ ਮੇਰੇ ਪਰਿਵਾਰ ਦੇ ਮੈਂਬਰਾਂ ਨੂੰ ਵੀ ਸਾਹਿਤ ਦਾ ਅੰਮ੍ਰਿਤ ਜਲ ਬਖ਼ਸ਼ਿਆ।

# ਜਦੋਂ ਗੁਰਮੁੱਖ ਸ਼ੇਰਗਿੱਲ ਨੇ ਬਜ਼ੁਰਗ ਔਰਤ ਨੂੰ ਮੱਚਦੀ ਅੱਗ ’ਚੋਂ ਕੱਢਿਆ



ਸੰਨ 1974, ਮਹੀਨਾ ਮਈ, ਇੰਗਲੈਂਡ ਦੇ ਸ਼ਹਿਰ ਵੌਲਸਾਲ ਦੀ ਚਰਚਿਤ ਅੱਗ ਦੀ ਘਟਨਾ, ਜਿਸ ਦਾ ਸੱਚ ਕੁਝ ਹੋਰ ਸੀ ਅਤੇ ਨਿਕਲਿਆ ਕੁਝ ਹੋਰ। ਇਸ ਘਟਨਾ ਦਾ ਸੱਚ ਜਲੰਧਰ ਜ਼ਿਲ੍ਹੇ ਦੇ ਪਿੰਡ ਜਮਸ਼ੇਰ ਖਾਸ ਦੇ ਜੰਮਪਲ ਗੁਰਮੁਖ ਸਿੰਘ ਸ਼ੇਰਗਿੱਲ ਨਾਲ ਜੁੜਿਆ ਹੋਇਆ ਹੈ। ਗੁਰਮੁੱਖ ਸਿੰਘ ਜਦੋਂ 19 ਸਾਲ ਦੀ ਚੜ੍ਹਦੀ ਜਵਾਨੀ ਵਿੱਚ ਸੀ, ਦੁਪਿਹਰ ਦੇ 2 ਵਜੇ ਆਪਣੇ ਕੰਮ ਤੋਂ ਬੱਸ ਰਾਹੀਂ ਆਪਣੇ ਘਰ ਜਾ ਰਿਹਾ ਸੀ। ਰਸਤੇ ਵਿੱਚ ਇੱਕ ਲੜਕੀ ਬੱਸ ਦੇ ਅੱਗੇ ਹੋ ਕੇ ਉੱਚੀ ਉੱਚੀ ਕੁਰਲਾਅ ਅਤੇ ਰੌਲ਼ਾ ਪਾਉਂਦੀ ਮਦਦ ਲਈ ਪੁਕਾਰ ਰਹੀ ਸੀ ਕਿ ਸਾਡੇ ਘਰ ਨੂੰ ਅੱਗ ਲੱਗ ਗਈ ਹੈ ਜਿਸ ਘਰ ਅੰਦਰ ਮੇਰੀ ਮਾਂ ਫਸ ਗਈ ਹੈ ਉਸ ਨੂੰ ਬਚਾਉ।

ਮੂਹਰੇ ਖੜ੍ਹੀ ਲੜਕੀ ਨੂੰ ਵੇਖ ਕੇ ਬੱਸ ਰੁਕ ਗਈ ਤਾਂ ਦੇਖਿਆ ਕਿ ਘਰ ਲਟਾ-ਲਟ ਮੱਚ ਰਿਹਾ ਸੀ। ਬੱਸ ਵਿਚਲੀਆਂ ਸਾਰੀਆਂ ਸਵਾਰੀਆਂ ਬੱਸ ਵਿੱਚੋਂ ਉੱਤਰ ਗਈਆਂ, ਕਿਸੇ ਦੀ ਹਿੰਮਤ ਨਾ ਪਈ ਕਿ ਕੋਈ ਮੱਚਦੇ ਭਾਂਬੜਾਂ ਵਿੱਚੋਂ ਅੱਗ ‘ਚ ਘਿਰੀ ਇੱਕ ਬਜ਼ੁਰਗ ਔਰਤ ਨੂੰ ਕਿਸੇ ਤਰੀਕੇ ਬਚਾ ਸਕੇ।

ਨੌਜਵਾਨ ਗੁਰਮੁਖ ਸਿੰਘ ਸ਼ੇਰਗਿੱਲ ਨੇ ਪੰਜਾਬੀਆਂ ਵਾਲੀ ਦਲੇਰੀ ਦਿਖਾਉਂਦਿਆਂ ਹੋਇਆਂ ਆਪਣੀ ਦੁੱਧ ਵਾਲੀ ਕੱਚ ਦੀ ਖਾਲੀ ਬੋਤਲ ਚੁੱਕੀ ਅਤੇ ਜਲਦੀ ਨਾਲ ਘਰ ਦੀ ਪਿਛਲੇ ਪਾਸੇ ਰਸੋਈ ਵਾਲੀ ਖਿੜਕੀ ਤੋੜ ਕੇ ਅੰਦਰ ਛਾਲ ਮਾਰ ਦਿੱਤੀ। ਉਸ ਨੇ ਦੇਖਿਆ ਕਿ ਧੂੰਏ ਨਾਲ ਇੱਕ ਬਜੁਰਗ ਔਰਤ ਦਾ ਬੁਰਾ ਹਾਲ ਹੋਇਆ ਪਿਆ ਹੈ, ਉਹ ਕਦੇ ਉੱਠ ਖੜ੍ਹੇ ਕਦੇ ਡਿੱਗ ਪਵੇ। ਗੁਰਮੁਖ ਸਿੰਘ ਉਸ ਬਜ਼ੁਰਗ ਨੂੰ ਚੁੱਕ ਕੇ ਬਾਹਰ ਲੈ ਆਉਣ ਲਈ ਜੱਦੋ ਜਹਿਦ ਕਰਨ ਲੱਗਾ। ਅੰਦਰ ਜਿਆਦਾ ਧੂੰਏਂ ਕਾਰਨ ਉਸ ਨੂੰ ਮੁਸ਼ਕਲ ਆ ਰਹੀ ਸੀ ਕਿ ਉਹ ਬਜ਼ੁਰਗ ਔਰਤ ਨੂੰ ਕਿਸੇ ਤਰੀਕੇ ਜਲਦੀ ਬਾਹਰ ਕੱਢ ਸਕੇ।

ਇਸ ਤੋਂ ਇਲਾਵਾ ਦੋ ਹੋਰ ਆਦਮੀ ਜਿਨ੍ਹਾਂ ਵਿੱਚੋਂ ਇੱਕ ਦਾ ਨਾਮ ਮੋਹਨ ਲਾਲ ਸੀ ਅਤੇ ਦੂਜਾ ਵੀ ਪੰਜਾਬੀ ਸੀ ਜੋ ਕਿ ਦੋਵੇਂ ਪਿਛਲੇ ਦਰਵਾਜੇ ਕੋਲ ਮਦਦ ਲਈ ਆ ਖੜ੍ਹੇ ਹੋਏ।

ਜਿਉਂ ਹੀ ਗੁਰਮੁਖ ਸਿੰਘ ਸ਼ੇਰਗਿੱਲ ਉਸ ਬਜ਼ੁਰਗ ਔਰਤ, ਜਿਸਦਾ ਨਾਮ ‘ਪੀਟ’ ਸੀ, ਬਜ਼ੁਰਗ ਔਰਤ ਨੂੰ ਦਰਵਾਜ਼ੇ ਦੇ ਨੇੜੇ ਲੈ ਆਇਆਂ ਦੋਵਾਂ ਨੂੰ ਉਨ੍ਹਾਂ ਦੋਵਾਂ ਵਿਅਕਤੀਆਂ ਨੇ ਬਾਹਰ ਖਿੱਚ ਲਿਆ। ਉਸ ਸਮੇਂ ਗੁਰਮੁਖ ਸ਼ੇਰਗਿੱਲ ਨੂੰ ਵੀ ਧੂਆਂ ਚੜ੍ਹ ਗਿਆ ਅਤੇ ਉਸ ਦੀ ਨਕਸੀਰ ਫੁੱਟ ਗਈ। ਜੇ ਕਰ ਗੁਰਮੁੱਖ ਸਿੰਘ ਅਤੇ ਉਹ ਬਜ਼ੁਰਗ ਔਰਤ ਕੁਝ ਸੈਕਿੰਟ ਹੋਰ ਅੰਦਰ ਰਹਿ ਜਾਂਦੇ ਤਾਂ ਉਸ ਬਜ਼ੁਰਗ ਔਰਤ ਨੇ ਤਾਂ ਮਰਨਾ ਹੀ ਮਰਨਾ ਸੀ, ਪਰ ਗੁਰਮੁਖ ਸਿੰਘ ਦੀ ਜਾਨ ਵੀ ਜਾ ਸਕਦੀ ਸੀ।

ਅੱਗ ਨਾਲ ਮੱਚ ਰਹੇ ਘਰ ਦੀ ਇੱਕ ਗੁਆਂਢਣ ਸ਼੍ਰੀਮਤੀ ਗਰਟਰੂਡ ਹੈਂਪਟਨ ਨੇ ਕਿਹਾ ਕਿ, "ਧੂੰਆਂ ਅਤੇ ਅੱਗ ਦੀਆਂ ਲਾਟਾਂ ਸੱਚਮੁੱਚ ਹੀ ਏਨੀਆਂ ਭਿਆਨਕ ਸਨ ਕਿ ਅੱਗ ਵਿੱਚੋਂ ਬਚ ਨਿਕਲਣਾ ਮੁਸ਼ਕਲ ਸੀ।”

ਉਸ ਸਮੇ ਹੈਪਟਨ ਨੇ ਪੰਜਾਬੀਆਂ ਦੀ ਦਲੇਰੀ ਦੀ ਦਾਦ ਦਿੰਦਿਆਂ ਕਿਹਾ ਕਿ ਪੰਜਾਬ ਦੇ ਦਲੇਰ ਲੋਕਾਂ ਦਾ ਦੁਨੀਆਂ ‘ਚ ਕੋਈ ਬਦਲ ਨਹੀਂ। ਸਿਰਫ਼ ਪੰਜਾਬੀ ਲੋਕਾਂ ਨੇ ਹੀ ਬਚਾ ਲਈ ਅੱਗ ਦੇ ਮੱਚਦੇ ਭਾਂਬੜਾਂ ਨੂੰ ਟਿੱਚ ਸਮਝਿਆ।

ਜਦੋਂ ਇਹ ਖ਼ਬਰ ਇੰਗਲੈਂਡ ਦੇ ਅਖਬਾਰਾਂ ਵਿੱਚ ਛਪੀ ਤਾਂ ਗੋਰੇ ਲੋਕ ਉਸ ਸਮੇਂ ਤੋਂ ਪੰਜਾਬੀਆਂ ਦੀ ਬਹੁਤ ਇੱਜ਼ਤ ਕਰਨ ਲੱਗ ਪਏ ਅਤੇ ਹਰ ਪਲੇਟਫਾਰਮ ‘ਤੇ ਇਸ ਬਹਾਦਰੀ ਦੇ ਗੁਣ ਗਾਣ ਲੱਗੇ।

ਗੁਰਮੁਖ ਸਿੰਘ ਸ਼ੇਰਗਿੱਲ ਨੇ ਸਰੀ ਤੋਂ ਛਪਦੇ ‘ਪੰਜਾਬ ਗਾਰਡੀਅਨ’ ਅਖ਼ਬਾਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਖਬਰ ਉਸ ਸਮੇ ਇੰਗਲੈਂਡ ਦੇ ਮੁੱਖ ਅਖ਼ਬਾਰ ‘ਐਕਸਪ੍ਰੈਸ ਸਟਾਰ’ ਅਤੇ ‘ਈਵਨਿੰਗ ਮੇਲ’ ਦੇ ਮੁੱਖ ਪੰਨੇ ‘ਤੇ ਛਪੀ ਸੀ। ਸ਼ੇਰਗਿੱਲ ਦੇ ਦੱਸਣ ਮੁਤਾਬਿਕ ਇਹ ਦੋਵੇਂ ਅਖਬਾਰਾਂ ਉਸ ਨੇ ਕਈ ਸਾਲ ਸਾਂਭ ਕੇ ਰੱਖੀਆਂ ਪਰ 1992 ਵਿੱਚ ਜਦੋਂ ਉਹ ਕੈਨੇਡਾ ਆ ਗਿਆ, ਅਖਬਾਰਾਂ ਤਾਂ ਏਧਰ ਉੱਧਰ ਹੋ ਗਈਆਂ, ਨਾ ਲੱਭੀਆਂ, ਪਰ ਧੰਨਵਾਦ ਹੈ ਕਿ ਅੱਜ ਦੇ ਤਕਨੀਕੀ ਯੁੱਗ ਦਾ ਜਿਸ ਦੇ ਜ਼ਰੀਏ ਇਹ ਖ਼ਬਰ ਲੱਭ ਗਈ ਅਤੇ ਸਤਨਾਮ ਸਿੰਘ ਭੁੱਲਰ ‘ਫਿਲਮ ਮੇਕਰ’ ਦਾ, ਜਿਸ ਨੇ ਇਹ ਕੰਪਿਊਟਰ ਵਿੱਚੋਂ ਕੱਢ ਕੇ ਉਸ ਨੂੰ ਦਿੱਤੀ।

ਬਾਅਦ ਵਿੱਚ ਜਦੋਂ ਫਾਇਰ ਬ੍ਰਿਗੇਡ ਅਤੇ ਪੁਲਿਸ ਅਧਿਕਾਰੀਆਂ ਨੇ ਅੱਗ ਲੱਗਣ ਬਾਰੇ ਬਰੀਕੀ ਨਾਲ ਜਾਂਚ ਕੀਤੀ ਤਾਂ ਪਤਾ ਲੱਗਿਆ ਕਿ ਘਰ ਨੂੰ ਅੱਗ ‘ਸ੍ਰੀਮਤੀ ਪੀਟ’ ਦੀ ਉਸੇ ਧੀ ‘ਮੈਰੀ ਟੇਲਰ’ ਨੇ ਹੀ ਲਾਈ ਸੀ ਜੋ ਕਿ ਮਦਦ ਲਈ ਪੁਕਾਰ ਰਹੀ ਸੀ। ਮੈਰੀ ਘਰ ਨੂੰ ਜਾਣਬੁੱਝ ਕੇ ਅੱਗ ਲਾਉਣ ਪਿੱਛੋਂ ਆਪ ਤਾਂ ਖੁਦ ਬਾਹਰ ਨਿਕਲ ਗਈ ਪਰ ਬਜ਼ੁਰਗ ਮਾਤਾ ਨੂੰ ਘਰ ਦੇ ਅੰਦਰ ਹੀ ਛੱਡ ਆਈ ਸੀ।

ਜਦੋਂ ਗੁਰਮੁਖ ਸਿੰਘ ਸ਼ੇਰਗਿੱਲ ਨੂੰ ਇਹ ਪੁੱਛਿਆ ਗਿਆ ਕਿ ਉਸ ਵਿੱਚ ਇੰਨਾਂ ਹੌਸਲਾ ਕਿਵੇਂ ਆਇਆ ਤਾਂ ਉਸ ਦੇ ਦੱਸਿਆ ਕਿ ਮੇਰੇ ਪਿਤਾ ਸ. ਪਿਆਰਾ ਸਿੰਘ ਅਤੇ ਮਾਤਾ ਰੇਸ਼ਮ ਕੌਰ ਵੱਲੋਂ ਦਿੱਤੇ ਸੰਸਕਾਰਾਂ ਵਿੱਚੋਂ ਕਿਸੇ ਦੀ ਮਦਦ ਕਰਨਾ ਵੀ ਇੱਕ ਗੁਣ ਹੈ।

ਉਸ ਨੇ ਆਪਣੇ ਪਿੰਡ ਜਮਸ਼ੇਰ ਖਾਸ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਜਦੋਂ ਉਹ ਬਚਪਨ ਦੀ ਛੋਟੀ ਉਮਰ ਵਿੱਚ ਸੀ ਤਾਂ ਪਿੰਡ ਦੀ ਖੂਹੀ ਵਿੱਚ ਡਿੱਗ ਪਿਆ ਸੀ ਅਤੇ ਮੇਰੇ ਪਿਤਾ ਨੇ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਮੇਰੇ ਮਗਰ ਹੀ ਖੂਹੀ ਵਿੱਚ ਛਾਲ ਮਾਰ ਦਿੱਤੀ ਤੇ ਮੈਨੂੰ ਬਚਾ ਲਿਆ। ਉਸਦੀ ਨੇ ਕਿਹਾ ਕਿ ਉਸ ਬਜ਼ੁਰਗ ਔਰਤ ਦੀ ਜਾਨ ਬਚਾਉਣ ਦਾ ਹੌਸਲਾ ਮੇਰੇ ਪਿਤਾ ਵੱਲੋਂ ਦਿੱਤੇ ਸੰਸਕਾਰਾਂ ਦਾ ਇੱਕ ਹਿੱਸਾ ਹਨ। ਮੇਰੇ ਮਾਤਾ ਜੀ ਰੇਸ਼ਮ ਕੌਰ ਵੀ ਆਮ ਹੀ ਕਹਿੰਦੇ ਰਹਿੰਦੇ ਸਨ ਕਿ ਮਦਦ ਹਮੇਸ਼ਾਂ ਲੋੜਵੰਦਾਂ ਦੀ ਜਰੂਰ ਕਰਨੀ ਚਾਹੀਦੀ ਹੈ, ਕਿਸੇ ਦੀ ਜਾਨ ਬਚਾਉਣੀ ਸਭ ਤੋਂ ਵੱਡਾ ਪੁੰਨ ਹੈ।

**ਵੱਲੋਂ :- ਬਰਾੜ- ਭਗਤਾ ਭਾਈ ਕਾ**
604-751-1113 (**ਕੈਨੇਡਾ**)

# ਵਾਸ਼ਿੰਗਟਨ 'ਚ ਅਮਰੀਕੀ ਫ਼ੌਜ ਦੇ ਹੈਲੀਕਾਪਟਰ ਨਾਲ ਟਕਰਾਇਆ ਜਹਾਜ਼, 64 ਲੋਕ ਸਨ ਸਵਾਰ




ਅਮਰੀਕਾ ਦੇ ਵਾਸ਼ਿੰਗਟਨ ਡੀਸੀ ਨੇੜੇ ਇੱਕ ਅਮਰੀਕਨ ਏਅਰਲਾਈਨਜ਼ ਦਾ ਜਹਾਜ਼ ਹਵਾ ਵਿੱਚ ਹੀ ਇੱਕ ਬਲੈਕ ਹਾਕ ਹੈਲੀਕਾਪਟਰ ਨਾਲ ਟਕਰਾ ਗਿਆ। ਇਸ ਜਹਾਜ਼ 'ਚ 64 ਲੋਕ ਸਵਾਰ ਸਨ। ਇਨ੍ਹਾਂ ਵਿੱਚ 60 ਯਾਤਰੀ ਅਤੇ ਚਾਰ ਚਾਲਕ ਦਲ ਦੇ ਮੈਂਬਰ ਸ਼ਾਮਲ ਹਨ। ਪੁਲਿਸ ਅਧਿਕਾਰੀਆਂ ਨੇ ਬੀਬੀਸੀ ਦੇ ਅਮਰੀਕੀ ਸਹਿਯੋਗੀ ਨਿਊਜ਼ ਚੈਨਲ ਸੀਬੀਐੱਸ ਨੂੰ ਦੱਸਿਆ ਕਿ ਹੁਣ ਤੱਕ 19 ਲੋਕਾਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਜਾ ਚੁੱਕੀਆਂ ਹਨ। ਇਸ ਸੀਆਰਜੇ 700 ਜਹਾਜ਼ ਨੇ ਵਾਸ਼ਿੰਗਟਨ ਤੋਂ ਕਾਨਸਾਸ ਲਈ ਉਡਾਨ ਭਰੀ ਸੀ। ਅਮਰੀਕੀ ਮੀਡੀਆ ਤੋਂ ਆ ਰਹੀਆਂ ਖ਼ਬਰਾਂ ਮੁਤਾਬਕ, ਟੱਕਰ ਤੋਂ ਬਾਅਦ ਜਹਾਜ਼ ਹਵਾ ਵਿੱਚ ਹੀ ਦੋ ਹਿੱਸਿਆਂ 'ਚ ਟੁੱਟ ਗਿਆ ਅਤੇ ਪੋਟੋਮੈਕ ਨਦੀ 'ਚ ਜਾ ਡਿੱਗਿਆ। ਨਦੀ 'ਚ ਯਾਤਰੀਆਂ ਦੀ ਭਾਲ ਅਤੇ ਬਚਾਅ ਕਾਰਜ ਜਾਰੀ ਹਨ। ਸਥਾਨਕ ਸਮੇਂ ਮੁਤਾਬਕ ਰਾਤ 9 ਵਜੇ ਰੀਗਨ ਵਾਸ਼ਿੰਗਟਨ ਨੈਸ਼ਨਲ ਏਅਰਪੋਰਟ ਨੇੜੇ ਵਾਪਰੇ ਇਸ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਸ ਜਹਾਜ਼ ਨੇ ਰੀਗਨ ਨੈਸ਼ਨਲ ਏਅਰਪੋਰਟ ਤੋਂ ਉਡਾਣ ਭਰੀ ਸੀ। ਹਾਦਸੇ ਤੋਂ ਬਾਅਦ ਵੱਡੀ ਗਿਣਤੀ 'ਚ ਐਮਰਜੈਂਸੀ ਫੋਰਸ ਦੇ ਮੈਂਬਰ ਹਵਾਈ ਅੱਡੇ 'ਤੇ ਪਹੁੰਚ ਗਏ ਹਨ। 10 ਤੋਂ ਵੱਧ ਐਂਬੂਲੈਂਸਾਂ ਅਤੇ ਟਰੱਕ ਵੀ ਮੌਕੇ 'ਤੇ ਮੌਜੂਦ ਹਨ। ਰੀਗਨ ਏਅਰਪੋਰਟ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਲਿਖਿਆ ਕਿ ਫ਼ਿਲਹਾਲ ਸਾਰੀਆਂ ਉਡਾਣਾਂ ਨੂੰ ਰੋਕ ਦਿੱਤਾ ਗਿਆ ਹੈ। ਇੱਕ ਅਮਰੀਕੀ ਫ਼ੌਜੀ ਅਧਿਕਾਰੀ ਨੇ ਦੱਸਿਆ ਹੈ ਕਿ ਇਸ ਹਾਦਸੇ ਵਿੱਚ ਸ਼ਾਮਲ ਹੈਲੀਕਾਪਟਰ ਅਮਰੀਕੀ ਫ਼ੌਜ ਦਾ ਬਲੈਕ ਹਾਕ ਹੈਲੀਕਾਪਟਰ ਸੀ।

## ਹੈਲੀਕਾਪਟਰ ਵਿੱਚ ਤਿੰਨ ਅਮਰੀਕੀ ਫ਼ੌਜੀ ਸਵਾਰ ਸਨ।

ਖ਼ਬਰ ਏਜੰਸੀ ਰਾਇਟਰਜ਼ ਨਾਲ ਗੱਲ ਕਰਦੇ ਹੋਏ ਇੱਕ ਅਧਿਕਾਰੀ ਨੇ ਕਿਹਾ ਹੈ ਕਿ ਇਸ ਹੈਲੀਕਾਪਟਰ ਵਿੱਚ ਕੋਈ ਸੀਨੀਅਰ ਅਧਿਕਾਰੀ ਨਹੀਂ ਸੀ ਪਰ ਇਸ 'ਚ ਸਵਾਰ ਫੌਜੀਆਂ ਦੀ ਹਾਲਤ ਵੀ ਸਪੱਸ਼ਟ ਨਹੀਂ ਹੈ।

ਸੀਬੀਐੱਸ ਨਾਲ ਗੱਲਬਾਤ ਕਰਦਿਆਂ ਇੱਕ ਹੋਰ ਫ਼ੌਜੀ ਅਧਿਕਾਰੀ ਨੇ ਦੱਸਿਆ ਕਿ ਇਸ ਹੈਲੀਕਾਪਟਰ ਨੇ ਵਰਜੀਨੀਆ ਦੇ ਫ਼ੋਰਟ ਬੇਲੀਵੋਰ ਤੋਂ ਉਡਾਣ ਭਰੀ ਸੀ। ਇਹ ਹਵਾਈ ਅੱਡਾ ਰੋਨਾਲਡ ਰੀਗਨ ਨੈਸ਼ਨਲ ਏਅਰਪੋਰਟ ਦੇ ਦੱਖਣ-ਪੱਛਮ ਵਿੱਚ ਸਥਿਤ ਹੈ।

ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਕਿਹਾ, "ਮੈਨੂੰ ਰੀਗਨ ਨੈਸ਼ਨਲ ਏਅਰਪੋਰਟ 'ਤੇ ਹੋਏ ਹਾਦਸੇ ਦੀ ਪੂਰੀ ਜਾਣਕਾਰੀ ਮਿਲੀ ਹੈ। ਮੈਂ ਸਥਿਤੀ 'ਤੇ ਨਜ਼ਰ ਰੱਖ ਰਿਹਾ ਹਾਂ। ਪ੍ਰਮਾਤਮਾ ਇਸ ਹਾਦਸੇ ਵਿੱਚ ਮਾਰੇ ਗਏ ਲੋਕਾਂ ਦੀ ਆਤਮਾ ਨੂੰ ਸ਼ਾਂਤੀ ਦੇਵੇ।"

## ਜਹਾਜ਼ ਨਦੀ ਵਿੱਚ ਡਿੱਗਿਆ

ਵਾਸ਼ਿੰਗਟਨ ਡੀਸੀ ਦੇ ਫਾਇਰ ਅਤੇ ਈਐੱਮਐੱਸ ਵਿਭਾਗ ਨੇ ਕਿਹਾ ਹੈ ਕਿ ਜਹਾਜ਼ ਪੋਟੋਮੈਕ ਨਦੀ ਵਿੱਚ ਡਿੱਗਿਆ ਹੈ। ਫਾਇਰਬੋਟਸ ਨਦੀ 'ਚ ਮੁਸਾਫਰਾਂ ਦੇ ਬਚਾਅ ਅਤੇ ਰਾਹਤ ਕਾਰਜ 'ਚ ਲੱਗੀਆਂ ਹੋਈਆਂ ਹਨ।

ਉੱਪ-ਰਾਸ਼ਟਰਪਤੀ ਜੇਡੀ ਵੈਂਸ ਨੇ ਸੋਸ਼ਲ ਮੀਡੀਆ ਅਕਾਊਂਟ ਐਕਸ 'ਤੇ ਲਿਖਿਆ, "ਅਸੀਂ ਹਾਦਸੇ ਦੇ ਸਾਰੇ ਪੀੜਤਾਂ ਲਈ ਪ੍ਰਾਰਥਨਾ ਕਰ ਰਹੇ ਹਾਂ। ਅਸੀਂ ਸਥਿਤੀ 'ਤੇ ਨਜ਼ਰ ਰੱਖ ਰਹੇ ਹਾਂ ਅਤੇ ਬਿਹਤਰੀ ਦੀ ਆਸ ਕਰ ਰਹੇ ਹਾਂ।" ਵਾਸ਼ਿੰਗਟਿਨ ਡੀਸੀ ਵਿੱਚ ਪੋਟੋਮੈਕ ਨਦੀ ਅੰਦਰ ਬਚਾਅ ਕਾਰਜ ਸੌਖੇ ਨਹੀਂ ਹਨ। ਘਟਨਾ ਸਥਲ ਉੱਤੇ ਰਾਹਤ ਕਰਮੀ ਪਾਣੀ ਵਿੱਚ ਡਿੱਗੇ ਹਾਦਸਾਗ੍ਰਸਤ ਵਾਹਨ ਉੱਤੇ ਛਾਲਾਂ ਮਾਰਦੇ ਦੇਖੇ ਗਏ। ਐਮਰਜੈਂਸੀ ਸੇਵਾਵਾਂ ਦੇ ਮੁਖੀ ਜੌਨ ਡੌਨਲੇ ਨੇ ਚੇਤਾਵਨੀ ਦਿੰਦਿਆਂ ਦੱਸਿਆ,"ਉੱਥੇ ਰਾਤ ਦਾ ਘੁੱਪ ਹਨੇਰਾ ਹੈ। ਬਹੁਤ ਘੱਟ ਰੌਸ਼ਨੀ ਅਤੇ ਬਰਫ਼ੀਲੇ ਵਾਤਾਵਰਣ ਕਾਰਨ ਰਾਹਤ ਕਰਮੀਆਂ ਲਈ ਕੰਮ ਕਰਨਾ ਔਖਾ ਹੈ।" ਜੌਨ ਨੇ ਦੱਸਿਆ ਕਿ ਉਹ ਰੇਡੀਓ ਸੁਣ ਰਹੇ ਸਨ ਜਦੋਂ ਇਸ ਹਾਦਸੇ ਸਬੰਧੀ ਉਨ੍ਹਾਂ ਨੂੰ ਫ਼ੋਨ ਆਇਆ। ਉਨ੍ਹਾਂ ਕਿਹਾ,"ਹਾਦਸਾਗ੍ਰਸਤ ਜਹਾਜ਼ ਦੀ ਭਾਲ ਵਿੱਚ ਬਚਾਅ ਕਿਸ਼ਤੀਆਂ ਬਹੁਤ ਤੇਜ਼ੀ ਨਾਲ ਨਦੀ ਵਿੱਚ ਉਤਾਰੀਆਂ ਗਈਆਂ।" ਜਦੋਂ ਲੋਕਾਂ ਦੇ ਜ਼ਿਉਂਦੇ ਹੋਣ ਦੀ ਸੰਭਾਵਨਾ ਬਾਰੇ ਪੁੱਛਿਆ ਗਿਆ ਤਾਂ ਜੌਨ ਨੇ ਕਿਹਾ ਕਿ ਇਸ ਬਾਰੇ ਕੁਝ ਸਪੱਸ਼ਟ ਨਹੀਂ ਕਿਹਾ ਜਾ ਸਕਦਾ, ਪਰ ਹਾਲੇ ਬਚਾਅ ਦਸਤੇ ਪੀੜਤਾਂ ਦੀ ਭਾਲ ਵਿੱਚ ਲੱਗੇ ਹੋਏ ਹਨ।

ਉਨ੍ਹਾਂ ਕਿਹਾ, "ਸਾਨੂੰ ਨਹੀਂ ਪਤਾ ਕੋਈ ਜਿਉਂਦਾ ਵੀ ਬਚਿਆ ਜਾਂ ਨਹੀਂ।" ਹਾਦਸੇ ਦੇ ਚਸ਼ਮਦੀਦ ਸਥਾਨਕ ਨਾਗਰਿਕ ਜਿੰਮੀ ਮੈਜ਼ੇਓ ਨੇ ਕਿਹਾ ਕਿ ਉਹ ਅਸਮਾਨ ਵਿੱਚ ਜਹਾਜ਼ ਨੂੰ ਦੇਖ ਰਹੇ ਸਨ।

ਉਨ੍ਹਾਂ ਦੱਸਿਆ ਕਿ ਜਹਾਜ਼ ਆਮ ਉਡਾਣਾਂ ਵਰਗਾ ਨਹੀਂ ਸੀ ਨਜ਼ਰ ਆ ਰਿਹਾ। ਇਸ ਤੋਂ ਬਾਅਦ ਅਚਾਨਕ ਉਨ੍ਹਾਂ ਨੇ ਅਸਮਾਨ ਵਿੱਚ ਇੱਕ ਚਿੱਟੀ ਚਮਕ ਵੇਖੀ। ਜਿੰਮੀ ਨੇ ਸੋਚਿਆ ਕਿ ਉਹ ਇੱਕ ਸ਼ੂਟਿੰਗ ਸਟਾਰ ਹੋ ਸਕਦਾ ਹੈ। ਉਨ੍ਹਾਂ ਨੇ ਇਸ ਬਾਰੇ ਬਹੁਤਾ ਨਹੀਂ ਸੋਚਿਆ ਪਰ ਫ਼ਿਰ ਉਨ੍ਹਾਂ ਨੇ ਐਮਰਜੈਂਸੀ ਸੇਵਾਵਾਂ ਦੀਆਂ ਗੱਡੀਆਂ ਨੂੰ ਮੌਕੇ 'ਤੇ ਪਹੁੰਚਦੇ ਦੇਖਿਆ।

## ਪੈਂਟਾਗਨ ਦੀ ਨਜ਼ਰ

ਅਮਰੀਕੀ ਰੱਖਿਆ ਮੰਤਰੀ ਪੀਟ ਹੇਗਸੇਥ ਨੇ ਸੋਸ਼ਲ ਮੀਡੀਆ ਅਕਾਊਂਟ ਐਕਸ 'ਤੇ ਲਿਖਿਆ, "ਅਸੀਂ ਮਾਮਲੇ 'ਤੇ ਨਜ਼ਰ ਰੱਖ ਰਹੇ ਹਾਂ। ਅਸੀਂ ਹਰ ਲੋੜ ਦੀ ਪੂਰਤੀ ਲਈ ਤਿਆਰ ਹਾਂ। ਅਸੀਂ ਦੁਰਘਟਨਾ ਦੇ ਹਰ ਇੱਕ ਪੀੜਤ ਲਈ ਪ੍ਰਾਰਥਨਾ ਕਰ ਰਹੇ ਹਾਂ।"

ਵਾਸ਼ਿੰਗਟਨ ਡੀਸੀ ਤੋਂ ਰਿਪੋਰਟਿੰਗ ਕਰਦੇ ਹੋਏ ਰਾਸੇਲ ਲੂਕਰ ਨੇ ਲਿਖਿਆ, "ਮੈਂ ਹੁਣੇ ਹੀ ਹਵਾਈ ਅੱਡੇ ਦੇ ਨੇੜੇ ਇੱਕ ਇਮਾਰਤ ਵਿੱਚ ਰਹਿਣ ਵਾਲੇ ਜੋਸੇ ਨਾਲ ਗੱਲ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਹਾਦਸਾ ਜਹਾਜ਼ ਦੇ ਉਤਰਨ ਤੋਂ ਕੁਝ ਮਿੰਟ ਪਹਿਲਾਂ ਹੋਇਆ ਜਾਪਦਾ ਹੈ।"

"ਟਰਮੀਨਲ 'ਤੇ ਵੱਡੀ ਗਿਣਤੀ 'ਚ ਲੋਕ ਮੌਜੂਦ ਹਨ। ਉਨ੍ਹਾਂ ਨੂੰ ਨਜ਼ਰ ਆ ਰਿਹਾ ਸੀ ਕਿ ਦੁਰਘਟਨਾ ਪੀੜਤਾਂ ਨੂੰ ਉਥੋਂ ਚੁੱਕ ਕੇ ਲਿਜਾਇਆ ਜਾ ਰਿਹਾ ਹੈ।" "ਇਸ ਹਾਦਸੇ ਨੂੰ ਦੇਖ ਕੇ ਉੱਥੇ ਮੌਜੂਦ ਲੋਕ ਸਹਿਮ ਗਏ।"

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ

| | |
|---|---|
| ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 – 6.00 ਵਜੇ |
| ਆਸਾ ਕੀ ਵਾਰ | : 6.00 –7.45 ਵਜੇ |
| ਅਰਦਾਸ / ਹੁਕਮਨਾਮਾ | : 7.45 – 8.00 ਵਜੇ |
| ਕਥਾ / ਹੁਕਮਨਾਮਾ | : 8.00 – 8.30 ਵਜੇ |
| ਕੀਰਤਨ | : 8.30 – 9.40 ਵਜੇ |
| ਕਥਾ | : 9.40 – 10.30 ਵਜੇ |
| ਢਾਡੀ | : 10.30 – 11.30 |
| **ਸਮਾਪਤੀ** | : 8:00 ਵਜੇ |

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30–5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30–6:40 ਵਜੇ |
| ਕਥਾ | : 6:40–7:15 ਵਜੇ |
| ਢਾਡੀ | : 7:15 –8:00 ਵਜੇ |
| ਸਮਾਪਤੀ | : 8:00 ਵਜੇ |

#### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ ਤੱਕ
ਕੀਤਾ ਜਾਂਦਾ ਹੈ।

- ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਜਨਮ ਦਿਹਾੜਾ ਬਾਬਾ ਦੀਪ ਸਿੰਘ ਦਾ ਅਤੇ ਸ੍ਰੀ ਗੁਰੂ ਸਿੰਘ ਸਭਾ ਦਾ ਉਦਘਾਟਨ ਦਿਵਸ ਮਨਾਇਆ ਜਾਵੇਗਾ।
- ਜਨਵਰੀ 24 ਦਿਨ ਸ਼ੁੱਕਰਵਾਰ ਨੂੰ ਅੰਤਮ ਸਸਕਾਰ ਸਵ: ਬੀਬੀ ਕੁਲਬੀਰ ਕੌਰ ਧਾਮੀ ਦਾ 10:00 ਵਜੇ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ। ਉਪਰੰਤ ਭੋਗ 11:30 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
- ਬੀਬੀ ਬਲਵਿੰਦਰ ਕੋਰ ਪਰਵਾਰ ਵੱਲੋਂ ਅਰੰਭ 24 ਜਨਵਰੀ 9:30 ਵਜੇ। ਭੋਗ। 26 ਜਨਵਰੀ ਦਿਨ ਐਤਵਾਰ 9:30 ਪਾਏ ਜਾਣਗੇ ਓਪਰੰਤ ਕੀਰਤਨ ਲੰਗਰ ਦੀ ਸੇਵਾ ਹੋਵੇਗੀ।
- ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਕੁਲਵੰਤ ਸਿੰਘ ਜੋਹਲ ਪਰਿਵਾਰ ਵਲੋਂ ਹੋਵੇਗੀ।
- ਸ਼ਨਿੱਚਰਵਾਰ ਜਨਵਰੀ 25 ਨੂੰ ਅਨੰਦਕਾਰਜ ਕਾਕਾ ਲਵਪ੍ਰੀਤ ਸਿੰਘ ਦਾ ਹੋਵੇਗਾ।
- ਸ਼ਨਿੱਚਰਵਾਰ ਸਵੇਰੇ 9:00 ਵਜੇ ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਮਨਦੀਪ ਸਿੰਘ ਪਰਿਵਾਰ ਵਲੋਂ ਹੋਵੇਗੀ।
- ਸ਼ਾਮ ਦੇ ਕੀਰਤਨ ਅਤੇ ਲੰਗਰ ਦੀ ਸੇਵਾ ਤਿੰਨ ਪਰਿਵਾਰਾਂ ਵਲੋਂ ਹੋਵੇਗੀ:
  1. ਭਾਈ ਸੁਖਵਿੰਦਰ ਸਿੰਘ ਪਰਿਵਾਰ ਵਲੋਂ ਬੱਚੇ ਗੁਰਬਾਜ਼ ਸਿੰਘ ਦੇ ਜਨਮ ਦੀ ਖੁਸ਼ੀ ਵਿੱਚ
  2. ਭਾਈ ਹਰਿੰਦਰ ਸਿੰਘ ਖੇਲਾ ਅਤੇ ਬੀਬੀ ਸਰਬਜੀਤ ਕੌਰ ਬਰਾੜ ਵਲੋਂ
  3. ਬੀਬੀ ਨਵਰੀਤ ਕੌਰ ਢਿੱਲੋਂ ਪਰਿਵਾਰ ਵਲੋਂ
- ਐਤਵਾਰ 26 ਜਨਵਰੀ ਨੂੰ 9:30 ਵਜੇ ਸਟੂਡੈਂਟ ਬੱਚਿਆਂ ਵਲੋਂ ਕੀਤੇ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਖੁੱਲ੍ਹੇ ਦੀਵਾਨ ਸਜਣਗੇ ਅਤੇ ਲੰਗਰ ਦੀ ਸੇਵਾ ਹੋਵੇਗੀ।
- ਸ਼ਾਮ ਦੇ ਕੀਰਤਨ ਅਤੇ ਲੰਗਰ ਦੀ ਸੇਵਾ ਦੋ ਪਰਿਵਾਰਾਂ ਵਲੋਂ ਹੋਵੇਗੀ:
  1. ਬੀਬੀ ਗੁਰਦੇਵ ਕੌਰ ਪਰਿਵਾਰ ਵਲੋਂ
  2. ਭਾਈ ਹਰਜਿੰਦਰ ਸਿੰਘ ਰਾਏ ਪਰਿਵਾਰ ਵਲੋਂ

---

ਰਾਗੀ ਜੱਥਾ : ਭਾਈ ਜਸਵੰਤ ਸਿੰਘ ਅੰਮ੍ਰਿਤਸਰ ਵਾਲੇ
ਭਾਈ ਸੁੰਦਰ ਸਿੰਘ ਦਿੱਲੀ ਵਾਲੇ
ਕਥਾਵਾਚਕ : ਭਾਈ ਗੁਰਬਚਨ ਸਿੰਘ ਪੰਨਵਾਂ
ਢਾਡੀ ਜਥਾ : ਭਾਈ ਗੁਰਜੀਵਨ ਸਿੰਘ ਅਰਜਨਵਾਲ

---

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7–8 ਵਜੇ ਤੱਕ ਲੱਗਦੀਆਂ ਹਨ।**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604–590–3232, 604–590–3224**

# ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ ਵੱਲੋਂ ਸਿਲਵਰ ਜੁਬਲੀ ’ਤੇ ਦੋ ਰੋਜ਼ਾ ਕਾਨਫ਼ਰੰਸ ਕਰਵਾਏਗੀ

## ਕੁਲਵਿੰਦਰ, ਜਗਜੀਤ ਨੌਸ਼ਹਿਰਵੀ ਅਤੇ ਨੀਲਮ ਲਾਜ ਸੈਣੀ ਦੀ ਟੀਮ ਕਾਰਜਕਾਰਨੀ ਲਈ ਮੁੜ ਚੁਣੀ ਗਈ

**ਸਰੀ, (ਹਰਦਮ ਮਾਨ):** ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਕੈਲੀਫੋਰਨੀਆ ਦੀ ਮਾਸਿਕ ਮਿਲਣੀ ਹੋਈ। ਸਭ ਤੋਂ ਪਹਿਲਾਂ ਪ੍ਰਧਾਨ ਕੁਲਵਿੰਦਰ ਨੇ ਨਵੇਂ ਸਾਲ ਨੂੰ ਜੀ ਆਇਆਂ ਕਹਿੰਦੇ ਹੋਏ ਹਾਜ਼ਰ ਮੈਂਬਰਾਂ ਨੂੰ ਪਿਛਲੇ ਵਰ੍ਹੇ ਦੀ ਕਾਨਫ਼ਰੰਸ ਦੀ ਸਫ਼ਲਤਾ ਲਈ ਵਧਾਈ ਦਿੱਤੀ। ਉਸ ਨੇ ਕਿਹਾ ਕਿ ਇਹ ਕਾਰਜ ਸਭ ਦੇ ਭਰਵੇਂ ਸਹਿਯੋਗ ਨਾ.ਲ ਹੀ ਕਾਮਯਾਬ ਰਿਹਾ। ਜਨਰਲ ਸਕੱਤਰ ਜਗਜੀਤ ਨੌਸ਼ਿਹਰਵੀ ਨੇ ਕਾਨਫਰੰਸ ਦੇ ਆਮਦਨ/ਖ਼ਰਚ ਦੀ ਪਾਰਦਰਸ਼ੀ ਰਿਪੋਰਟ ਪੇਸ਼ ਕੀਤੀ। ਜਿਸ ਦੀ ਸਭ ਵੱਲੋਂ ਸ਼ਲਾਘਾ ਕੀਤੀ ਗਈ। ਮੀਤ ਪ੍ਰਧਾਨ ਪ੍ਰੋ. ਸੁਰਿੰਦਰ ਸਿੰਘ ਸੀਰਤ ਨੇ ਕਿਹਾ ਕਿ ਕੁਲਵਿੰਦਰ, ਜਗਜੀਤ ਨੌਸ਼ਿਹਰਵੀ ਅਤੇ ਲਾਜ ਨੀਲਮ ਸੈਣੀ ਦੀ ਤਿੱਕੜੀ ਦੀ ਮਿਹਨਤ ਸਦਕਾ ਪਿਛਲੇ ਵਰ੍ਹੇ ਵਿਪਸਾਅ ਗੁਣਾਤਮਕ ਮਿਲਣੀਆਂ ਅਤੇ ਕਾਨਫਰੰਸ ਕਰਵਾਉਣ ਵਿੱਚ ਕਾਮਯਾਬ ਰਹੀ ਹੈ। ਇਸ ਨਿਰੰਤਰਤਾ ਨੂੰ ਬਣਾਈ ਰੱਖਣ ਅਤੇ ਵੱਡੀਆਂ ਪੁਲਾਂਘਾਂ ਪੁੱਟਣ ਲਈ ਕੁਲਵਿੰਦਰ, ਜਗਜੀਤ ਅਤੇ ਨੀਲਮ ਦੀ ਤਿੱਕੜੀ ਵਾਲੀ ਮੁੜ ਦੋ ਸਾਲ ਕਾਰਜਕਾਰਨੀ ਲਈ ਚੁਣ ਲਈ ਜਾਵੇ। ਆਰਗੇਨਾਈਜ਼ਰ ਡਾ. ਸੁਖਵਿੰਦਰ ਕੰਬੋਜ ਨੇ ਹੱਥ ਖੜ੍ਹਾ ਕਰਕੇ ਆਪਣੀ ਪ੍ਰਵਾਨਗੀ ਦਿੱਤੀ ਅਤੇ ਸਮੂਹ ਮੈਂਬਰਾਂ ਨੇ ਇਸ ਫ਼ੈਸਲੇ ਦਾ ਤਾੜੀਆਂ ਨਾ.ਲ ਸੁਆਗਤ ਕੀਤਾ।



ਕੁਲਵਿੰਦਰ ਨੇ ਸਭ ਮੈਂਬਰਾਂ ਦਾ ਇਸ ਫ਼ੈਸਲੇ ਲਈ ਇੱਕ ਵਾਰੀ ਫਿਰ ਧੰਨਵਾਦ ਕਰਦੇ ਹੋਏ ਕਿਹਾ ਕਿ ਪਿਛਲੇ ਵਰ੍ਹੇ ਐਸ਼ ਕੁਮ ਐਸ਼ ਅਤੇ ਮੁਕੇਸ਼ ਸ਼ਰਮਾ ਨੇ ਕਾਨਫ਼ਰੰਸ ਨੂੰ ਨੇਪਰੇ ਚਾੜ੍ਹਨ ਲਈ ਬਹੁਤ ਸਹਿਯੋਹ ਦਿੱਤਾ ਹੈ। ਉਹ ਦੋਵਾਂ ਨੂੰ ਕਾਰਜਕਾਰਨੀ ਵਿੱਚ ਸ਼ਾਮਲ ਕਰਾਂਗੇ। ਉਸ ਨੇ ਇਹ ਵੀ ਕਿਹਾ ਕਿ ਇਸ ਵਰ੍ਹੇ ਵਿਪਸਾ ਸਿਲਵਰ ਜੁਬਲੀ ’ਤੇ ਦੋ ਰੋਜ਼ਾ ਕਾਨਫ਼ਰੰਸ ਕਰਵਾਏਗੀ। ਸੁਖਦੇਵ ਸਾਹਿਲ ਨੇ ਦੱਸਿਆ ਕਿ ਉਹ ਅਕਾਦਮੀ ਦੇ ਮੈਂਬਰਾਂ ਦੀਆਂ ਗ਼ਜ਼ਲਾਂ ਅਤੇ ਗੀਤਾਂ ਦੀ ਵਿਸ਼ੇਸ਼ ਐਲਬਮ ਤਿਆਰ ਕਰੇਗਾ ਜੋ ਕਾਨਫ਼ਰੰਸ ਮੌਕੇ ਲੋਕ ਅਰਪਣ ਕੀਤੀ ਜਾਵੇਗੀ।

ਉਪਰੰਤ ਇਸ ਵਰ੍ਹੇ ਕਰਵਾਏ ਜਾਣ ਵਾਲੇ ਪ੍ਰੋਗਰਾਮਾਂ ਨੂੰ ਤਰਤੀਬ ਦਿੱਤੀ ਗਈ ਜਿਸ ਅਨੁਸਾਰ ਜਨਵਰੀ ਦੇ ਅਖ਼ੀਰਲੇ ਹਫ਼ਤੇ ਅਕਾਦਮੀ ਵੱਲੋਂ ਸਪਾਂਸਰਾਂ ਦੇ ਸਨਮਾਨ ਲਈ ਮੀਟਿੰਗ ਬੁਲਾਈ ਜਾਵੇਗੀ। ਮਾਰਚ ਵਿੱਚ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ ਜਾਵੇਗਾ। ਅਪ੍ਰੈਲ ਵਿੱਚ ਲਾਜ ਨੀਲਮ ਸੈਣੀ ਦੇ ਸਵੈ ਜੀਵਨੀ ਮੂਲਕ ਨਾਵਲ ‘ਅਲਵਿਦਾ!...ਕਦੀ ਵੀ ਨਹੀਂ’ ਅਤੇ ਮਈ ਮਹੀਨੇ ਜਗਜੀਤ ਦੇ ਕਾਵਿ ਸੰਗ੍ਰਹਿ ‘ਹਾਲ ਉਥਾਈਂ ਕਹੀਏ’ ’ਤੇ ਗੋਸ਼ਟੀ ਕਰਵਾਈ ਜਾਵੇਗੀ। ਜੂਨ ਮਹੀਨੇ ਕਹਾਣੀ ਦਰਬਾਰ ਹੋਵੇਗਾ। ਹਰਜਿੰਦਰ ਕੰਗ ਦੇ ਕਾਵਿ ਸੰਗ੍ਰਹਿ ‘ਵੇਲ ਰੁਪਏ ਦੀ ਵੇਲ’ ਅਤੇ ਸੁਰਜੀਤ ਸਖੀ ਦੀ ਕਿਤਾਬ ‘ਗੱਲ ਤਾਂ ਚੱਲਦੀ ਰਹੇਗੀ’ ਉੱਪਰ ਵਿਚਾਰ-ਵਟਾਂਦਰਾ ਵੀ ਕਰਵਾਇਆ ਜਾਵੇਗਾ ਅਤੇ ਨਵੇਂ ਵਰ੍ਹੇ ਵਿੱਚ ਦੋ ਮੀਟਿੰਗਾਂ ਡਾ. ਹੁੰਦਲ ਦੇ ਗ੍ਰਹਿ ਵਿਖੇ ਕਰਵਾਈਆਂ ਜਾਣਗੀਆਂ।

ਨਵੇਂ ਸਾਲ ਵਿੱਚ ਨਵੀਆਂ ਉਮੰਗਾਂ ਨਾ.ਲ ਪਰਵੇਸ਼ ਕਰਨ ਲਈ ਸੁਖਦੇਵ ਸਾਹਿਲ ਨੇ ਸੁਰ ਅਤੇ ਸਾਜ਼ ਨਾ.ਲ ਸਾਂਝ ਪਾਈ। ਉਸ ਨੇ ਤਾਰਾ ਸਾਗਰ ਦਾ ਗੀਤ, ਕੁਲਵਿੰਦਰ, ਜਗਜੀਤ ਅਤੇ ਪ੍ਰੋ. ਸੀਰਤ ਦੀਆਂ ਗ਼ਜ਼ਲਾਂ ਦਾ ਗਾਇਨ ਕਰਕੇ ਸਭ ਨੂੰ ਮੰਤਰ ਮੁਗਧ ਕਰ ਦਿੱਤਾ। ਇਸ ਮਿਲਣੀ ਵਿੱਚ ਸੁਖਪਾਲ ਸੰਘੇੜਾ, ਪੰਕਜ, ਅਮਰਜੀਤ ਪੰਨੂੰ, ਗੁਲਸ਼ਨ ਦਿਆਲ, ਵਿਜੈ ਸਿੰਘ, ਸੁਖਦੇਵ ਸਾਹਿਲ, ਸੋਨੂੰ ਅਤੇ ਪ੍ਰੋ. ਬਲਜਿੰਦਰ ਸਿੰਘ ਸਵੈਚ ਸ਼ਾਮਲ ਹੋਏ।

# ਅਮਰੀਕਾ ਦੀਆਂ ਟੈਰਿਫ ਧਮਕੀਆਂ ਦਾ ਮੁਕਾਬਲਾ ਕਰਨ ਲਈ ਬੀ.ਸੀ. ਸਰਕਾਰ ਹਰਕਤ ’ਚ ਆਈ

## ਮੰਤਰੀ ਰਵੀ ਕਾਹਲੋਂ ਦੀ ਪ੍ਰਧਾਨਗੀ ਹੇਠ 10 ਮੈਂਬਰੀ ਕੈਬਨਿਟ ਕਮੇਟੀ ਦਾ ਗਠਨ

**ਸਰੀ, (ਹਰਦਮ ਮਾਨ):** ਬੀ.ਸੀ. ਦੇ ਪ੍ਰੀਮੀਅਰ ਡੇਵਿਡ ਈਬੀ ਵੱਲੋਂ ਇੱਕ ਨਵੀਂ ਕੈਬਨਟ ਕਮੇਟੀ ਦਾ ਗਠਨ ਕੀਤਾ ਗਿਆ ਹੈ ਜੋ ਬੀਸੀ ਦੇ ਕਾਮਿਆਂ, ਕਾਰੋਬਾਰੀਆਂ ਅਤੇ ਅਰਥ ਵਿਵਸਥਾ ਨੂੰ ਅਮਰੀਕਾ ਦੇ ਪ੍ਰਸਤਾਵਿ ਟੈਰਿਫ ਖਤਰਿਆਂ ਤੋਂ ਬਚਾਉਣ ਲਈ ਸਰਕਾਰੀ ਤਾਲਮੇਲ ਦਾ ਕਾਰਜ ਕਰੇਗੀ। ਇਸ ਕੈਬਨਿਟ ਕਮੇਟੀ ਲਈ ਰਵੀ ਕਾਹਲੋਂ (ਹਾਊਸਿੰਗ ਤੇ ਮਿਊਨਸੀਪਲ ਮਾਮਲਿਆਂ ਦੇ ਮੰਤਰੀ) ਨੂੰ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ ਹੈ। ਕਮੇਟੀ ਦੇ ਬਾਕੀ ਮੈਂਬਰਾਂ ਵਿੱਚ ਡਾਇਨਾ ਗਿਬਸਨ (ਨੌਕਰੀਆਂ, ਆਰਥਿਕ ਵਿਕਾਸ ਅਤੇ ਨਵੀਨਤਾ ਮੰਤਰੀ), ਬ੍ਰੈਂਡਾ ਬੇਲੀ (ਵਿੱਤ ਮੰਤਰੀ), ਐਡਰੀਅਨ ਡਿਕਸ (ਊਰਜਾ ਅਤੇ ਜਲਵਾਯੂ ਹੱਲ ਮੰਤਰੀ), ਲਾਨਾ ਪੋਪਹੈਮ (ਖੇਤੀਬਾੜੀ ਅਤੇ ਖੁਰਾਕ ਮੰਤਰੀ), ਰੈਂਡੇਨ ਨੀਲ (ਪਾਣੀ, ਭੂਮੀ ਅਤੇ ਸਰੋਤ ਪ੍ਰਬੰਧਨ ਮੰਤਰੀ), ਰਿਕ ਗਲੂਮੈਕ (ਵਪਾਰ ਰਾਜ ਮੰਤਰੀ), ਰਵੀ ਪਰਮਾਰ (ਜੰਗਲਾਤ ਮੰਤਰੀ), ਜਗਰੂਪ ਬਰਾੜ (ਮਾਈਨਿੰਗ ਅਤੇ ਮਹੱਤਵਪੂਰਨ ਖਾਣਿਜ ਮੰਤਰੀ) ਅਤੇ ਤਾਮਾਰਾ ਡੇਵਿਡਸਨ (ਵਾਤਾਵਰਨ ਅਤੇ ਪਾਰਕ ਮੰਤਰੀ) ਸ਼ਾਮਿਲ ਹਨ।

ਇਸ ਕਮੇਟੀ ਨੂੰ ‘ਵਾਰ ਰੂਮ’ (ਜੰਗੀ ਕਮਰਾ) ਦਾ ਨਾਂ ਦਿੱਤਾ ਗਿਆ ਹੈ ਜੋ ਬ੍ਰਿਟਿਸ਼ ਕਲੰਬੀਆ ਵੱਲੋਂ ਜਵਾਬੀ ਕਾਰਵਾਈ ਕਰਨ ਅਤੇ ਸੂਬੇ



ਦੀ ਆਰਥਿਕਤਾ ਨੂੰ ਵਧਾਉਣ ਲਈ ਕਾਰਜ ਕਰੇਗੀ। ਪ੍ਰੀਮੀਅਰ ਡੇਵਿਡ ਈਬੀ ਨੇ ਪ੍ਰਸਤਾਵਿਤ ਅਮਰੀਕੀ ਟਾਰਿਫ ਨੂੰ ਬੀਸੀ ਦੇ ਪਰਿਵਾਰਾਂ ‘ਤੇ ਸਿੱਧਾ ਹਮਲਾ ਦੱਸਿਆ ਹੈ ਅਤੇ ਕਿਹਾ ਹੈ ਕਿ ਇਹ ਖਤਰਾ ਜਲਦੀ ਹੀ ਦੂਰ ਹੋਣ ਵਾਲਾ ਨਹੀਂ। ਹਰ ਮੰਤਰੀ ਦੀ ਲੜਾਈ ਇਸ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਏਗੀ।

ਇਸ ਕਮੇਟੀ ਵੱਲੋਂ ਜਵਾਬੀ ਕਾਰਵਾਈ ਅਤੇ ਅਮਰੀਕੀ ਫੈਸਲਾ ਲੈਣ ਵਾਲਿਆਂ ਤੱਕ ਪਹੁੰਚ ਕਰਨ ਲਈ ਤਿੰਨ ਨੁਕਾਤੀ ਰਣਨੀਤੀ ਬਣਾਈ ਗਈ ਹੈ ਜਿਸ ਤਹਿਤ ਅਮਰੀਕੀ ਟੈਰਿਫਾਂ ਦਾ ਜਵਾਬ ਸਖਤੀ ਨਾਲ ਦੇਣਾ, ਅਮਰੀਕੀ ਫੈਸਲਾ ਲੈਣ ਵਾਲਿਆਂ ਤੱਕ ਪਹੁੰਚ ਕਰਨਾ, ਉਦਯੋਗ ਅਤੇ ਕਾਮਿਆਂ ਦੇ ਸਮਰਥਨ ਨਾਲ ਬੀਸੀ ਦੀ ਆਰਥਿਕਤਾ ਨੂੰ ਮਜਬੂਤ ਕਰਨ ਵਾਲੇ ਪ੍ਰੋਜੈਕਟਾਂ ਵਿਚ ਤੇਜ਼ੀ ਲਿਆਉਣਾ ਅਤੇ ਉਤਪਾਦਾਂ ਲਈ ਵਪਾਰਕ ਬਾਜ਼ਾਰਾਂ ਨੂੰ ਵਿਭਿੰਨ ਬਣਾਉਣਾ ਸ਼ਾਮਿਲ ਹੈ ਤਾਂ ਜੋ ਬ੍ਰਿਟਿਸ਼ ਕੋਲੰਬੀਆ ਦੇ ਲੋਕ ਅਮਰੀਕੀ ਬਾਜ਼ਾਰਾਂ ਅਤੇ ਕਾਰੋਬਾਰਾਂ ‘ਤੇ ਘੱਟ ਨਿਰਭਰ ਹੋਣ। ਕਮੇਟੀ ਦੇ ਪ੍ਰਧਾਨ ਰਵੀ ਕਾਹਲੋਂ ਨੇ ਕਿਹਾ ਹੈ ਕਿ ਉਹ ਤੇ ਉਹਨਾਂ ਦੇ ਸਾਥੀ ਕਾਮਿਆਂ, ਕਾਰੋਬਾਰੀਆਂ ਅਤੇ ਭਾਈਚਾਰਕ ਆਗੂਆਂ ਨਾਲ ਮੋਢੇ ਨਾਲ ਮੋਢਾ ਲਾ ਕੇ ਲਾ ਕੇ ਕੰਮ ਕਰਨਗੇ।

# ਟਰੰਪ ਦੀ ਟੀਮ ਨੇ ਕੈਨੇਡਾ ਅਤੇ ਮੈਕਸੀਕੋ ’ਤੇ ਦੋ-ਪੜਾਅ ‘ਚ ਟੈਰਿਫ ਯੋਜਨਾ ਦੀ ਦਿੱਤੀ ਧਮਕੀ

ਔਟਵਾ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਟੀਮ ਨੇ ਕੈਨੇਡਾ ਅਤੇ ਮੈਕਸੀਕੋ ਲਈ ਨਵੀਂ ਟੈਰਿਫ ਯੋਜਨਾ ਦੀ ਧਮਕੀ ਦਿੱਤੀ ਹੈ, ਜਿਸ ਵਿੱਚ ਪਹਿਲੇ ਪੜਾਅ ਦੇ ਤੌਰ 'ਤੇ ਇਹ ਦਰਖਾਸਤ ਕੀਤੀ ਗਈ ਹੈ ਕਿ ਕਈ ਸ਼ੁਰੂਆਤੀ ਵਪਾਰਕ ਜੁਰਮਾਨੇ ਲਗਾਏ ਜਾ ਸਕਦੇ ਹਨ। ਇਸ ਤੋਂ ਇਲਾਵਾ, ਅਗਲੇ ਕੁਝ ਮਹੀਨਿਆਂ ਵਿੱਚ ਟੈਰਿਫ ਦਾ ਵਿਸ਼ਾਲ ਦਾਇਰਾ ਲਾਗੂ ਕਰਨ ਦੀ ਸੰਭਾਵਨਾ ਵੀ ਜਤਾਈ ਗਈ ਹੈ। ਇਸ ਨਵੀਂ ਧਮਕੀ ਨਾਲ, ਕੈਨੇਡਾ ਅਤੇ ਮੈਕਸੀਕੋ ਵਿੱਚ ਕਾਫੀ ਚਿੰਤਾਵਾਂ ਉਠ ਰਹੀਆਂ ਹਨ, ਜਿਨ੍ਹਾਂ ਦੇ ਨਾਲ ਅੰਤਰਰਾਸ਼ਟਰੀ ਵਪਾਰ ਅਤੇ ਸਾਂਝੇ ਤਾਲਮੇਲ ਵਿੱਚ ਕਾਫੀ ਸੰਕਟ ਪੈਦਾ ਹੋ ਸਕਦਾ ਹੈ।

ਬੁੱਧਵਾਰ ਨੂੰ ਅਮਰੀਕੀ ਸੈਨੇਟ ਵਿੱਚ ਹੋਈ ਇੱਕ ਮੀਟਿੰਗ ਦੌਰਾਨ ਜਿੱਥੇ ਟਰੰਪ ਦੀ ਟੈਰਿਫ ਨੀਤੀ ਦੇ ਇੰਚਾਰਜ, ਹਾਵਰਡ ਲੁਟਨਿਕ, ਨੂੰ ਪੁਸ਼ਟੀਕਰਨ ਦੇ ਲਈ ਚੁਣਿਆ ਗਿਆ, ਇਹ ਜਾਣਕਾਰੀ ਸਾਹਮਣੇ ਆਈ। ਇਸ ਮੀਟਿੰਗ ਦੇ ਦੌਰਾਨ, ਮਿਸ਼ੀਗਨ ਦੇ ਸੈਨੇਟਰ ਗੈਰੀ ਪੀਟਰਜ਼ ਨੇ ਹਾਵਰਡ ਤੋਂ ਪੁੱਛਿਆ ਕਿ ਇਹ ਵਪਾਰ ਯੁੱਧ ਉਨ੍ਹਾਂ ਦੇ ਸੂਬੇ ਲਈ ਕੀ ਅਰਥ ਰੱਖਦਾ ਹੈ। ਹਾਵਰਡ ਨੇ ਕਿਹਾ ਕਿ ਇਹ ਦੋ-ਪੜਾਅ ਵਾਲੀ ਟੈਰਿਫ ਨੀਤੀ, ਸਭ ਤੋਂ ਪਹਿਲਾਂ ਫੈਂਟਾਨਿਲ ਸੰਕਟ ਨਾਲ ਨਜਿੱਠਣ ਲਈ ਇੱਕ ਐਮਰਜੈਂਸੀ ਕਾਰਵਾਈ ਹੋ ਸਕਦੀ ਹੈ। ਇਸੇ ਸਬੰਧ ਵਿੱਚ, ਉਹਨਾਂ ਨੇ




ਕੈਨੇਡਾ ਨੂੰ ਸੰਕੇਤ ਦਿੱਤਾ ਕਿ ਉਹ ਆਪਣੀ ਸਰਹੱਦਾਂ ਨੂੰ ਮਜ਼ਬੂਤ ਕਰੇ ਅਤੇ ਜ਼ਿਆਦਾ ਨਸ਼ੀਲੇ ਪਦਾਰਥਾਂ ਦੇ ਪ੍ਰਵੇਸ਼ ਨੂੰ ਰੋਕੇ।

ਹਾਵਰਡ ਨੇ ਕੈਨੇਡਾ ਅਤੇ ਮੈਕਸੀਕੋ ਦੀ ਮੌਜੂਦਾ ਕਾਰਵਾਈ ਨੂੰ ਸਾਰੇ ਖੇਤਰ ਵਿੱਚ 'ਤੇਜ਼' ਕਿਹਾ, ਪਰ ਉਹਨਾਂ ਨੇ ਸਾਫ਼ ਤੌਰ 'ਤੇ ਇਹ ਵੀ ਜ਼ਾਹਰ ਕੀਤਾ ਕਿ ਜੇਕਰ ਇਹ ਦੇਸ਼ ਕਾਰਵਾਈਆਂ ਵਿੱਚ ਸਫਲ ਨਹੀਂ ਹੋਏ, ਤਾਂ ਟੈਰਿਫ ਲਗਾਏ ਜਾ ਸਕਦੇ ਹਨ। ਇਸ ਸਬੰਧੀ ਕੈਨੇਡੀਅਨ ਅਧਿਕਾਰੀ ਅਮਰੀਕੀ ਹਮਰੁਤਬਾ ਨਾਲ ਗਹਿਰੇ ਸੰਪਰਕ ਵਿੱਚ ਹਨ, ਪਰ ਹਾਲਾਤ ਅਜੇ ਵੀ ਸੰਭਾਵਨਾਵਾਂ ਨਾਲ ਭਰੇ ਹੋਏ ਹਨ।

ਕੈਨੇਡੀਅਨ ਅਧਿਕਾਰੀਆਂ ਨੂੰ ਮੰਨਣਾ ਹੈ ਕਿ 1 ਫਰਵਰੀ ਨੂੰ ਟਰੰਪ ਆਪਣੀ ਟੈਰਿਫ ਨੀਤੀ ਨੂੰ ਲਾਗੂ ਕਰਨ ਦੀ ਆਪਣੀ ਧਮਕੀ ਨੂੰ ਅਮਲ ਵਿਚ ਲਿਆ ਸਕਦੇ ਹਨ। ਇਸ ਨਾਲ ਕੈਨੇਡਾ ਅਤੇ ਮੈਕਸੀਕੋ ਨੂੰ ਮੁੱਖ ਤੌਰ 'ਤੇ ਵਪਾਰਕ ਜੁਰਮਾਨੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਹਾਵਰਡ ਨੇ ਸਪਸ਼ਟ ਕੀਤਾ ਕਿ ਅਮਰੀਕਾ ਮਿਸ਼ਿਗਨ ਅਤੇ ਓਹਾਇਓ ਜੈਸੇ ਸੂਬਿਆਂ ਵਿੱਚ ਆਟੋ ਨਿਰਮਾਣ ਅਤੇ ਡੇਅਰੀ ਸੈਕਟਰਾਂ ਵਿੱਚ ਵਧੇਰੇ ਕਾਰਵਾਈ ਕਰ ਸਕਦਾ ਹੈ, ਜਿਸਦੇ ਨਾਲ ਇਸ ਖੇਤਰ ਦੇ ਕਾਰੋਬਾਰ ਉੱਤੇ ਵਿਸ਼ਾਲ ਪ੍ਰਭਾਵ ਪੈਣ ਦੀ ਸੰਭਾਵਨਾ ਹੈ। ਟੈਰਿਫਾਂ ਦੇ ਲਾਗੂ ਹੋਣ ਨਾਲ ਇਹ ਸਪਸ਼ਟ ਹੈ ਕਿ ਕੈਨੇਡਾ ਅਤੇ ਮੈਕਸੀਕੋ ਵਿੱਚ ਅੰਤਰਰਾਸ਼ਟਰੀ ਵਪਾਰ ਅਤੇ ਵਪਾਰਕ ਸੰਬੰਧਾਂ ਵਿੱਚ ਵੱਡੇ ਤਬਦੀਲੀਆਂ ਹੋ ਸਕਦੀਆਂ ਹਨ। ਟਰੰਪ ਦੀ ਟੀਮ ਨੂੰ ਉਮੀਦ ਹੈ ਕਿ ਕੈਨੇਡਾ ਅਤੇ ਮੈਕਸੀਕੋ ਆਪਣੀਆਂ ਕਾਰਵਾਈਆਂ ਵਿਚ ਤੇਜ਼ੀ ਲਿਆਂਦੇਗਾ, ਨਹੀਂ ਤਾਂ ਇਹ ਟੈਰਿਫ ਵਧੇਰੇ ਹੋ ਸਕਦੇ ਹਨ।

# ਕ੍ਰਿਸਟੀਆ ਫ਼੍ਰੀਲੈਂਡ ਨੇ ਟਰੰਪ ਅੱਗੇ ਡਟਣ ਲਈ 200 ਬਿਲੀਅਨ ਡਾਲਰ ਦੇ ਜਵਾਬੀ ਟੈਰਿਫ਼ ਦਾ ਕੀਤਾ ਐਲਾਨ



ਔਟਵਾ, ਲਿਬਰਲ ਲੀਡਰਸ਼ਿਪ ਦੀ ਦੌੜ ਵਿੱਚ ਸ਼ਾਮਲ ਕ੍ਰਿਸਟੀਆ ਫ੍ਰੀਲੈਂਡ ਨੇ ਸੋਮਵਾਰ ਨੂੰ ਅਮਰੀਕਾ ਵਿਰੁੱਧ 200 ਬਿਲੀਅਨ ਡਾਲਰ ਮੁੱਲ ਦੇ ਜਵਾਬੀ ਟੈਰਿਫ ਲਾਗੂ ਕਰਨ ਦੀ ਯੋਜਨਾ ਜਾਰੀ ਕੀਤੀ। ਇਹ ਯੋਜਨਾ ਅਮਰੀਕਾ ਵਲੋਂ ਕੈਨੇਡੀਅਨ ਉਤਪਾਦਾਂ 'ਤੇ 25% ਟੈਰਿਫ ਲਾਉਣ ਦੀ ਸੰਭਾਵਨਾ ਦੇ ਜਵਾਬ ਵਿੱਚ ਤਿਆਰ ਕੀਤੀ ਗਈ ਹੈ।

ਫ੍ਰੀਲੈਂਡ ਨੇ ਕਿਹਾ ਕਿ ਉਹ ਟਰੰਪ ਦੀਆਂ ਵਪਾਰਕ ਧਮਕੀਆਂ ਤੋਂ ਪਹਿਲਾਂ ਹੀ ਅਮਰੀਕਾ ਵਿਰੁੱਧ ਉਤਪਾਦਾਂ ਦੀ ਇੱਕ ਲੰਬੀ ਸੂਚੀ ਜਾਰੀ ਕਰ ਰਹੇ ਹਨ। ਉਨ੍ਹਾਂ ਨੇ ਕਿਹਾ, "ਇਹ ਇੱਕ ਅਗਾਊਂ ਰਣਨੀਤੀ ਹੋਵੇਗੀ, ਜੋ ਅਮਰੀਕੀ ਸਰਕਾਰ ਨੂੰ ਚੇਤਾਵਨੀ ਦੇਣ ਦਾ ਕੰਮ ਕਰੇਗੀ ਕਿ ਟਰੰਪ ਦੇ ਗ਼ੈਰ-ਨਿਆਂਉਣੇ ਫੈਸਲੇ ਕੈਨੇਡਾ ਨੂੰ ਮੰਨੂੰ ਨਹੀਂ।"

ਫ੍ਰੀਲੈਂਡ ਨੇ ਫ਼ੈਡਰਲ ਸਰਕਾਰ ਨੂੰ ਅਮਰੀਕਾ ਖ਼ਿਲਾਫ਼ ਸਖ਼ਤ ਰੁਖ ਅਪਣਾਉਣ ਦੀ ਸਲਾਹ ਦਿੱਤੀ ਹੈ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਟੈਰਿਫ 'ਚ ਵਿਸਕਾਨਸਿਨ ਦੇ ਡੇਅਰੀ ਉਤਪਾਦ, ਫਲੋਰੀਡਾ ਦੇ ਸੰਤਰੇ ਅਤੇ ਮਿਸ਼ੀਗਨ ਦੇ ਡਿਸ਼ਵਾਸ਼ਰਾਂ ਵਰਗੇ ਉਤਪਾਦ ਸ਼ਾਮਲ ਹੋਣ।

ਫ੍ਰੀਲੈਂਡ ਨੇ ਟਰੰਪ ਦੀਆਂ ਵਪਾਰਕ ਨੀਤੀਆਂ ਵਿਰੁੱਧ ਅੰਤਰਰਾਸ਼ਟਰੀ ਸੰਮੇਲਨ ਦੀ ਗੱਲ ਵੀ ਕੀਤੀ। ਉਨ੍ਹਾਂ ਨੇ ਕਿਹਾ ਕਿ ਮੈਕਸੀਕੋ, ਡੈਨਮਾਰਕ, ਪਨਾਮਾ ਅਤੇ ਯੂਰਪੀ ਯੂਨੀਅਨ ਦੇ ਨੇਤਾ ਇਸ ਸੰਮੇਲਨ 'ਚ ਸ਼ਾਮਲ ਹੋਣ। ਉਨ੍ਹਾਂ ਅਮਰੀਕਾ ਵਲੋਂ ਡੈਨਮਾਰਕ ਦੀ ਗ੍ਰੀਨਲੈਂਡ ਤੇ ਪਨਾਮਾ ਨਹਿਰ ਉੱਤੇ ਹੱਕ ਜਤਾਉਣ ਦੀ ਵੀ ਨਿੰਦਾ ਕੀਤੀ। ਕੈਨੇਡਾ ਦੀ ਵਿਦੇਸ਼ ਮੰਤਰੀ ਮੈਲੇਨੀ ਜੋਲੀ ਨੇ ਕਿਹਾ ਕਿ ਉਹ ਅਜੇ ਵੀ ਟਰੰਪ ਨੂੰ ਰਾਜਨੀਤਕ ਤਰੀਕੇ ਨਾਲ ਮਨਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਪਰ, ਜੇਕਰ ਟੈਰਿਫ ਲਾਗੂ ਹੁੰਦੇ ਹਨ, ਤਾਂ ਕੈਨੇਡਾ ਵਿਰੋਧੀ ਉਪਾਵਾਂ ਨਾਲ ਜਵਾਬ ਦੇਣ ਲਈ ਤਿਆਰ ਹੈ।

ਉਨ੍ਹਾਂ ਨੇ ਕਿਹਾ, "ਕੈਨੇਡਾ, ਯੂਰਪੀ ਯੂਨੀਅਨ, ਯੂ.ਕੇ. ਅਤੇ ਮੈਕਸੀਕੋ ਨਾਲ ਮਿਲ ਕੇ ਸੰਯੁਕਤ ਰਣਨੀਤੀ ਬਣਾ ਰਿਹਾ ਹੈ, ਤਾਂ ਕਿ ਅਸੀਂ ਅਮਰੀਕੀ ਵਪਾਰਕ ਨੀਤੀਆਂ ਦਾ ਭਲਿਆ-ਬੁਰਾ ਅੰਕਲਨ ਕਰ ਸਕੀਏ।"

ਬੀਤੇ ਦਿਨੀਂ ਟਰੰਪ ਨੇ ਕੋਲੰਬੀਆ ਦੇ ਉਤਪਾਦਾਂ 'ਤੇ 25% ਟੈਰਿਫ ਲਾ ਦਿੱਤੇ, ਕਿਉਂਕਿ ਕੋਲੰਬੀਆ ਨੇ ਆਪਣੇ ਨਾਗਰਿਕਾਂ ਦੀ ਵਾਪਸੀ ਤੋਂ ਇਨਕਾਰ ਕਰ ਦਿੱਤਾ ਸੀ। ਪਰ, ਕੋਲੰਬੀਆ ਨੇ ਫੈਸਲਾ ਬਦਲਣ ਮਗਰੋਂ, ਟਰੰਪ ਨੇ ਵੀ ਟੈਰਿਫ ਹਟਾਉਣ ਦਾ ਸੰਕੇਤ ਦਿੱਤਾ।

ਫ੍ਰੀਲੈਂਡ ਨੇ ਟਰੰਪ ਵਿਰੁੱਧ ਸਖ਼ਤ ਰੁਖ ਅਪਣਾਉਣ ਨੂੰ ਆਪਣੀ ਲੀਡਰਸ਼ਿਪ ਮੁਹਿੰਮ ਦਾ ਕੇਂਦਰੀ ਹਿੱਸਾ ਬਣਾਇਆ ਹੈ। ਉਨ੍ਹਾਂ ਨੇ ਲਿਬਰਲ ਵੋਟਰਾਂ ਨੂੰ ਯਾਦ ਦਵਾਇਆ ਕਿ 2016-2020 ਦੌਰਾਨ, ਉਨ੍ਹਾਂ ਨੇ ਨਾਫਟਾ ਮੁੜ-ਗੱਲਬਾਤ 'ਚ ਅਹਿਮ ਭੂਮਿਕਾ ਨਿਭਾਈ ਸੀ।

ਮਾਰਕ ਕਾਰਨੀ, ਜੋ ਕਿ ਲਿਬਰਲ ਲੀਡਰਸ਼ਿਪ ਦੀ ਦੌੜ 'ਚ ਇਕ ਹੋਰ ਮਜ਼ਬੂਤ ਦਾਅਵੇਦਾਰ ਹਨ, ਵੀ ਕੈਨੇਡਾ ਵਲੋਂ ਜਵਾਬੀ ਟੈਰਿਫ ਲਾਗੂ ਕਰਨ ਦੇ ਸਮਰਥਕ ਹਨ। ਕੈਨੇਡਾ ਅਤੇ ਅਮਰੀਕਾ ਵਿਚਕਾਰ ਵਪਾਰਕ ਰਣਨੀਤੀਆਂ 'ਤੇ ਤਣਾਅ ਬਣਿਆ ਹੋਇਆ ਹੈ। ਜਦਕਿ ਵਿਦੇਸ਼ ਮੰਤਰੀ ਜੋਲੀ ਕੂਟਨੀਤੀ ਦੀ ਗੱਲ ਕਰ ਰਹੇ ਹਨ, ਫ੍ਰੀਲੈਂਡ ਨੇ ਲਿਬਰਲ ਪਾਰਟੀ 'ਚ ਆਪਣੀ ਮਜ਼ਬੂਤ ਪਹੁੰਚ ਬਣਾਉਣ ਲਈ ਟਰੰਪ ਵਿਰੋਧੀ ਪਲਾਨ ਨੂੰ ਪ੍ਰਸਤੁਤ ਕੀਤਾ ਹੈ। ਅਗਲੇ ਕੁ ਹਫਤਿਆਂ 'ਚ ਇਸ ਮੁੱਦੇ 'ਤੇ ਹੋਰ ਤਾਜ਼ਾ ਵਿਕਾਸ ਹੋਣ ਦੀ ਸੰਭਾਵਨਾ ਹੈ।

# ਰਿਪੁਦਮਨ ਸਿੰਘ ਮਲਿਕ ਦੇ ਕਤਲ ਮਾਮਲੇ 'ਚ ਇੱਕ ਮੁਲਜ਼ਮ ਨੂੰ 20 ਸਾਲ ਦੀ ਸਜ਼ਾ



ਰਿਪੁਦਮਨ ਸਿੰਘ ਮਲਿਕ ਦੇ ਕਤਲ ਮਾਮਲੇ ਵਿੱਚ ਦੋ ਹਿੱਟਮੈਨਾਂ ਵਿੱਚੋਂ ਇੱਕ ਨੂੰ ਕੈਨੇਡਾ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅਕਤੂਬਰ, 2024 ਨੂੰ ਟਨਰ ਫੌਕਸ ਅਤੇ ਜੋਸ ਲੋਪੇਜ਼ ਨੇ ਸਿੱਖ ਕਾਰੋਬਾਰੀ ਰਿਪੁਦਮਨ ਸਿੰਘ ਮਲਿਕ ਦੇ ਸੈਕੰਡ ਡਿਗਰੀ ਮਰਡਰ ਲਈ ਆਪਣਾ ਜੁਰਮ ਕਬੂਲ ਕੀਤਾ ਹੈ।

ਟਨਰ ਫ਼ੋਕਸ ਨੂੰ ਬ੍ਰਿਟਿਸ਼ ਕੋਲੰਬੀਆ ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਸਜ਼ਾ ਸੁਣਾਈ। ਫ਼ੌਕਸ ਨੂੰ 20 ਸਾਲਾਂ ਤੱਕ ਕੈਨੇਡਾ ਦੀ ਜੇਲ੍ਹ ਵਿੱਚ ਰਹਿਣਾ ਪਵੇਗਾ ਅਤੇ ਉਨ੍ਹਾਂ ਨੂੰ ਇਸ ਸਮੇਂ ਦੌਰਾਨ ਪੈਰੋਲ ਵੀ ਨਹੀਂ ਮਿਲੇਗੀ। ਲੋਪੇਜ਼ ਨੂੰ ਸ਼ੁੱਕਰਵਾਰ ਨੂੰ ਸਜ਼ਾ ਸੁਣਾਈ ਜਾਵੇਗੀ। ਰਿਪੁਦਮਨ ਦਾ ਸਾਲ 2022 ਵਿੱਚ ਕੈਨੇਡਾ ਦੇ ਸਰੀ ਵਿੱਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

ਵੈਸਮਿਨੇਸਟਰ ਦੀ ਅਦਾਲਤ ਵਿੱਚ ਮੌਜੂਦ ਰਿਪੋਰਟਰਾਂ ਮੁਤਾਬਕ ਮਲਿਕ ਦੀ ਨੂੰਹ ਸੰਦੀਪ ਕੌਰ ਧਾਲੀਵਾਲ ਨੇ ਮੁਲਜ਼ਿਮਾਂ ਨੂੰ ਅਪੀਲ ਕੀਤੀ ਸੀ ਕਿ ਉਹ ਰਿਪੁਦਮਨ ਦੇ ਕਤਲ ਲਈ ਪੈਸੇ ਦੇਣ ਵਾਲੇ ਦਾ ਨਾਮ ਜ਼ਾਹਰ ਕਰ ਦੇਣ।

ਰਿਪੁਦਮਨ ਮਲਿਕ ਦਾ 14 ਜੁਲਾਈ, 2022 ਨੂੰ ਕੈਨੇਡਾ ਦੇ ਸਰੀ ਵਿੱਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

ਪੁਲਿਸ ਨੂੰ ਘਟਨਾ ਵਾਲੀ ਥਾਂ ਦੇ ਨੇੜੇ ਹੀ ਇੱਕ ਸੜਿਆ ਹੋਇਆ ਵਾਹਨ ਵੀ ਮਿਲਿਆ ਸੀ। ਸੋਮਵਾਰ ਦਰਜ ਹੋਏ ਬਿਆਨਾਂ ਅਨੁਸਾਰ, ਫੌਕਸ ਅਤੇ ਲੋਪੇਜ਼ ਨੂੰ ਮਲਿਕ ਨੂੰ ਮਾਰਨ ਲਈ ਠੇਕਾ ਦਿੱਤਾ ਗਿਆ ਸੀ ਪਰ ਇਸ ਬਾਰੇ ਸਬੂਤ ਨਹੀਂ ਹਨ ਕਿ ਕਿਸ ਨੇ ਉਨ੍ਹਾਂ ਨੂੰ ਇਸ ਕਤਲ ਲਈ ਸੁਪਾਰੀ ਦਿੱਤੀ ਸੀ।

ਵੈਨਕੂਵਰ ਸਨ ਦੀ ਰਿਪੋਰਟ ਅਨੁਸਾਰ, ਪੁਲਿਸ ਨੇ ਇਨ੍ਹਾਂ ਦੋ ਮੁਲਜ਼ਮਾਂ ਨਾਲ ਜੁੜੇ ਨਿਵਾਸ ਸਥਾਨਾਂ ਵਿੱਚ ਹਮਲੇ ਵਿੱਚ ਵਰਤੀਆਂ ਗਈਆਂ ਦੋ ਹੈਂਡਗਨਜ਼ ਅਤੇ ਨਾਲ ਹੀ ਲੋਪੇਜ਼ ਦੇ ਨਿਊ ਵੈਸਟਮਿੰਸਟਰ ਅਪਾਰਟਮੈਂਟ ਵਿੱਚ 16,485 ਕੈਨੇਡੀਅਨ ਡਾਲਰ (ਕਰੀਬ 10 ਲੱਖ ਰੁਪਏ) ਦੀ ਰਕਮ ਬਰਾਮਦ ਕੀਤੀ।

ਮਲਿਕ ਦੇ ਪਰਿਵਾਰ ਨੇ ਇੱਕ ਬਿਆਨ ਜਾਰੀ ਕਰਕੇ ਮੁਲਜ਼ਮਾਂ ਨੂੰ ਪੁਲਿਸ ਨਾਲ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ ਤਾਂ ਜੋ ਪਤਾ ਲੱਗ ਸਕੇ ਕਿ ਕਤਲ ਲਈ ਕਿਸ ਨੇ ਨਿਰਦੇਸ਼ ਦਿੱਤੇ ਸਨ।

ਪਰਿਵਾਰ ਨੇ ਕਿਹਾ, "ਜਦੋਂ ਤੱਕ ਉਨ੍ਹਾਂ ਨੂੰ ਠੇਕਾ ਦੇਣ ਅਤੇ ਇਸ ਕਤਲ ਨੂੰ ਨਿਰਦੇਸ਼ਤ ਕਰਨ ਲਈ ਜ਼ਿੰਮੇਵਾਰ ਧਿਰਾਂ ਨੂੰ ਅਦਾਲਤ ਵੱਲੋਂ ਸਜ਼ਾ ਨਹੀਂ ਦਿੱਤੀ ਜਾਂਦੀ, ਉਦੋਂ ਤੱਕ ਕੰਮ ਅਧੂਰਾ ਹੈ।"

ਲੋਪੇਜ਼ ਦੇ ਵਕੀਲਾਂ ਨੇ ਕਿਹਾ ਕਿ "ਉਸ ਦੇ ਅੱਗੇ ਲੰਬਾ ਰਾਹ" ਸੀ, "ਅਸੀਂ ਉਸ ਦੀ ਜਵਾਨੀ ਅਤੇ ਉਸ ਦੇ ਪਛਤਾਵੇ ਦੇ ਮੱਦੇਨਜ਼ਰ ਉਸ ਦੇ ਮੁੜ ਵਸੇਬੇ ਦੀਆਂ ਸੰਭਾਵਨਾਵਾਂ ਲਈ ਆਸਵੰਦ ਹਾਂ।"

# ਕੈਨੇਡਾ ਦੀਆਂ ਚੋਣਾਂ ਵਿੱਚ ਵਿਦੇਸ਼ੀ ਦਖ਼ਲਅੰਦਾਜ਼ੀ ਸਬੰਧੀ ਰਿਪੋਰਟ ਕੀਤੀ ਜਾਰੀ




ਔਟਵਾ - ਕੈਨੇਡਾ ਦੀਆਂ ਫੈਡਰਲ ਚੋਣਾਂ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਦਾ ਅਧਿਐਨ ਕਰਨ ਵਾਲੀ ਜਨਤਕ ਜਾਂਚ ਦੇ ਅੰਤਿਮ ਨਤੀਜੇ ਨੇ ਕਿਹਾ ਹੈ ਕਿ ਕਿਸੇ ਪਾਰਲੀਮੈਂਟ ਮੈਂਬਰ ਦੀ ਦੂਜੇ ਦੇਸ਼ਾਂ ਨਾਲ ਸਾਜ਼ਿਸ਼ ਕਰਨ ਜਾਂ ਦੁਸ਼ਮਣੀ ਦਿਵਾਰਾਂ ਦਾ ਹਿੱਸਾ ਹੋਣ ਦਾ ਕੋਈ ਸਬੂਤ ਨਹੀਂ ਮਿਲਿਆ ਹੈ। ਇਸ ਰਿਪੋਰਟ ਨੂੰ ਮੰਗਲਵਾਰ ਨੂੰ ਕਮਿਸ਼ਨਰ ਮੈਰੀ-ਯੋਜ਼ੀ ਹੋਗ ਨੇ ਜਾਰੀ ਕੀਤਾ।

ਇਸ ਜਾਂਚ ਦੀ ਸ਼ੁਰੂਆਤ ਪਿਛਲੇ ਸਾਲ ਹੋਈ ਸੀ, ਜਦੋਂ ਕਈ ਮੀਡੀਆ ਰਿਪੋਰਟਾਂ ਨੇ ਚੀਨ ਦੇ ਉੱਪਰ 2019 ਅਤੇ 2021 ਦੀਆਂ ਫੈਡਰਲ ਚੋਣਾਂ ਵਿੱਚ ਦਖਲ ਦੇਣ ਦੇ ਦੋਸ਼ ਲਗਾਏ ਸਨ। ਹੋਗ ਅਤੇ ਉਸ ਦੀ ਟੀਮ ਨੇ 16 ਮਹੀਨਿਆਂ ਦੀ ਜਾਂਚ ਕੀਤੀ, ਜਿਸ ਵਿੱਚ 100 ਤੋਂ ਵੱਧ ਗਵਾਹਾਂ ਦੀ ਗਵਾਹੀ ਅਤੇ ਹਜ਼ਾਰਾਂ ਪੰਨਿਆਂ ਦੇ ਸਬੂਤ ਸ਼ਾਮਲ ਸਨ। ਰਿਪੋਰਟ ਵਿੱਚ ਦਰਜ ਹੈ ਕਿ ਹਾਲਾਂਕਿ ਵਿਦੇਸ਼ੀ ਦਖਲਅੰਦਾਜ਼ੀ ਦੀਆਂ ਕੋਸ਼ਿਸ਼ਾਂ ਸੁਰਖੀਆਂ ਵਿੱਚ ਰਹੀਆਂ, ਪਰ "ਇਹ ਵਰਤਾਰਾ ਮਾਮੂਲੀ ਅਤੇ ਮੋਟੇ ਤੌਰ 'ਤੇ ਬੇਅਸਰ ਰਿਹਾ"।

ਹੋਗ ਨੇ ਆਪਣੇ ਬਿਆਨ ਵਿੱਚ ਕਿਹਾ, "ਮੈਨੂੰ ਪਾਰਲੀਮੈਂਟ ਵਿਚ ਗੱਦਾਰ ਹੋਣ ਦਾ ਸਬੂਤ ਨਹੀਂ ਮਿਲਿਆ।" ਉਹਨਾਂ ਨੇ ਵਧਾਇਆ ਕਿ ਕੁਝ ਐਮਪੀਜ਼ ਦੇ ਵਿਵਹਾਰ ਨੂੰ ਚਿੰਤਾਜਨਕ ਮੰਨਿਆ ਜਾ ਸਕਦਾ ਹੈ, ਪਰ ਇਸ ਦਾ ਇਹ ਮਤਲਬ ਨਹੀਂ ਕਿ ਕੈਨੇਡਾ ਦੀਆਂ ਚੋਣਾਂ ਜਾਂ ਪਾਰਲੀਮੈਂਟਰੀ ਕਾਰਜਵਾਈ 'ਤੇ ਕੋਈ ਵਿਦੇਸ਼ੀ ਦਖਲਅੰਦਾਜ਼ੀ ਕੀਤੀ ਗਈ ਹੈ।

ਹੋਗ ਨੇ ਕਿਹਾ ਕਿ ਕਦੇ-ਕਦੇ ਕੁਝ ਵਿਦੇਸ਼ੀ ਸਰਕਾਰਾਂ ਨੇ ਆਪਣੀ ਚਲਾਕੀ ਅਤੇ ਰਣਨੀਤੀਆਂ ਨੂੰ ਅਪਣਾਉਂਦੇ ਹੋਏ ਕੈਨੇਡੀਅਨ ਐਮਪੀਜ਼ ਨੂੰ ਆਪਣੇ ਹਿੱਤਾਂ ਲਈ ਆਕਰਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਉਹਨਾਂ ਦੇ ਇਹ ਕੋਸ਼ਿਸ਼ "ਵਧੇਰੇ ਪਛਾਣੇ ਗਏ" । ਉਹਨਾਂ ਨੇ ਆਪਣੇ ਬਿਆਨ ਵਿੱਚ ਲਿਖਿਆ, "ਇਹ ਵਰਤਾਰਾ ਜ਼ਰੂਰ ਮਿਆਰੀ ਨਹੀਂ ਸੀ, ਪਰ ਇਹ ਪ੍ਰਯਾਸ ਕਦੇ ਵੀ ਹਾਲਤਾਂ 'ਚ ਇੱਕ ਜੰਗਲ ਦਾ ਪ੍ਰਵਾਹ ਕਰਨ ਵਾਲੇ ਨਹੀਂ ਬਣੇ।"

ਹੋਗ ਨੇ ਰਿਪੋਰਟ ਵਿੱਚ ਇਹ ਵੀ ਕਿਹਾ ਕਿ "ਗ਼ਲਤ ਅਤੇ ਝੂਠੀ ਜਾਣਕਾਰੀ ਲੋਕਤੰਤਰ ਲਈ ਵਧੇਰੇ ਵੱਡਾ ਖ਼ਤਰਾ ਪੈਦਾ ਕਰਦੀ ਹੈ।" ਇਸ ਵਿੱਚ ਪਾਇਆ ਗਿਆ ਕਿ ਗਲਤ ਜਾਣਕਾਰੀ ਦੀ ਵਰਤੋਂ ਹੋ ਸਕਦੀ ਹੈ, ਜਿਸ ਨਾਲ ਚੋਣਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਹੋਗ ਦੇ ਅਨੁਸਾਰ, ਇਹ "ਹਾਨੀਕਾਰਕ" ਅਤੇ "ਸ਼ਕਤੀਸ਼ਾਲੀ" ਤਰੀਕਿਆਂ ਨਾਲ ਲੋਕਾਂ ਨੂੰ ਗਲਤ ਦਿਸ਼ਾ ਵਿੱਚ ਗਤੀਸ਼ੀਲ ਕੀਤਾ ਜਾਂਦਾ ਹੈ।

ਹੋਗ ਨੇ ਸਰਕਾਰ ਦੀ ਕਾਰਵਾਈ 'ਤੇ ਵੀ ਤੀਖੀ ਸਮੀਖਿਆ ਕੀਤੀ। ਉਹਨਾਂ ਨੇ ਕਿਹਾ ਕਿ ਸਰਕਾਰ ਵਿਦੇਸ਼ੀ ਦਖਲਅੰਦਾਜ਼ੀ ਦੇ ਖ਼ਤਰੇ ਨਾਲ ਨਿਪਟਣ ਵਿੱਚ "ਚੰਗੇ ਤੋਂ ਬਹੁਤ ਦੂਰ" ਰਹੀ ਹੈ। ਉਹਨਾਂ ਨੇ ਇਸ ਗੱਲ ਦਾ ਵੀ ਜ਼ਿਕਰ ਕੀਤਾ ਕਿ ਕਈ ਵਾਰ ਸਰਕਾਰ ਨੇ ਕਾਰਵਾਈ ਕਰਨ ਵਿੱਚ ਸਾਫ਼ ਤੌਰ 'ਤੇ ਦੇਰ ਕੀਤੀ ਅਤੇ ਕਈ ਵੱਖਰੀਆਂ ਧਿਰਾਂ ਵਿਚਕਾਰ ਤਾਲਮੇਲ ਦੀ ਘਾਟ ਰਹੀ।

ਹੋਗ ਨੇ ਇਹ ਵੀ ਕਿਹਾ ਕਿ ਸਰਕਾਰ ਨੇ ਅਖੀਰਕਾਰ ਵਿਦੇਸ਼ੀ ਦਖਲਅੰਦਾਜ਼ੀ ਦੇ ਮੁਕਾਬਲੇ ਵਿੱਚ ਕੁਝ ਤਰਜੀਹਾਂ ਦਿੱਤੀ ਹਨ, ਜਿਵੇਂ ਕਿ ਜਨਤਾ ਨੂੰ ਬਿਹਤਰ ਸੁਚੇਤ ਕਰਨਾ, ਪਰ ਉਹਨਾਂ ਦੇ ਅਨੁਸਾਰ ਇਹ ਕੋਸ਼ਿਸ਼ਾਂ ਹੁਣ ਤੱਕ "ਟੁੱਟਵੀਆਂ ਅਤੇ ਕਮਜ਼ੋਰ" ਰਹੀਆਂ ਹਨ।

ਕਮਿਸ਼ਨ ਨੇ 51 ਸਿਫ਼ਾਰਸ਼ਾਂ ਕੀਤੀਆਂ ਹਨ, ਜਿਨ੍ਹਾਂ ਵਿੱਚੋਂ ਕੁਝ ਝੂਠੀ ਜਾਣਕਾਰੀ ਨਾਲ ਨਿਪਟਣ ਅਤੇ ਖ਼ੁਫ਼ੀਆ ਜਾਣਕਾਰੀ ਸਾਂਝੀ ਕਰਨ ਦੇ ਤਰੀਕਿਆਂ ਵਿੱਚ ਸੁਧਾਰ ਕਰਨ ਦੀ ਗੱਲ ਕੀਤੀ ਗਈ ਹੈ। ਹੋਗ ਨੇ ਕਿਹਾ ਕਿ ਕੈਨੇਡਾ ਨੂੰ ਆਪਣੇ ਨਿਯਮਾਂ ਨੂੰ ਤਾਜ਼ਾ ਕਰਨਾ ਚਾਹੀਦਾ ਹੈ, ਤਾਂ ਕਿ ਵਿਦੇਸ਼ੀ ਦਖਲਅੰਦਾਜ਼ੀ ਦੀਆਂ ਕੋਸ਼ਿਸ਼ਾਂ ਨੂੰ ਸਮਝਣ ਅਤੇ ਉਹਨਾਂ ਨੂੰ ਖ਼ਤਮ ਕਰਨ ਵਿੱਚ ਬਿਹਤਰ ਤਰੀਕੇ ਨਾਲ ਕੰਮ ਕੀਤਾ ਜਾ ਸਕੇ।

ਅੰਤਿਮ ਰਿਪੋਰਟ ਨੇ ਸਥਿਰਤਾ ਦਾ ਸੰਕੇਤ ਦਿੱਤਾ ਹੈ, ਜਿੱਥੇ ਕੈਨੇਡਾ ਦੀ ਸੰਸਥਾਵਾਂ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਦੀ ਕੋਸ਼ਿਸ਼ਾਂ ਨੂੰ ਬਹੁਤ ਮਾਤਰਾ ਵਿੱਚ ਘਟੀਆ ਅਤੇ ਬੇਅਸਰ ਪ੍ਰਵਿਰਤੀਆਂ ਵਜੋਂ ਦਰਸਾਇਆ ਗਿਆ। ਹਾਲਾਂਕਿ ਸਰਕਾਰ ਨੂੰ ਆਪਣੇ ਰਿਸਪਾਂਸ ਵਿੱਚ ਬਿਹਤਰਤਾ ਦੀ ਲੋੜ ਹੈ, ਪਰ ਇਸ ਰਿਪੋਰਟ ਨੇ ਕਿਸੇ ਵੀ ਗੱਦਾਰ ਦੀ ਮੌਜੂਦਗੀ ਜਾਂ ਸੰਸਥਾਵਾਂ ਵਿੱਚ ਵਧੇਰੇ ਖ਼ਤਰੇ ਦਾ ਪੁਸ਼ਟੀ ਨਹੀਂ ਕੀਤੀ।


fruiticana hee jaana!
Your one and only Punjabi
neighbourhood store Since 1994
੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ
BIGGEST SALE IN CANADA
UNBEATABLE EXTRA SUPER SPECIAL
YELLOW ONIONS
Yellow Onions 50 lbs
ਪੀਲੇ ਗੰਢੇ
$10.98 bag
EXTRA SUPER SUPER SPECIAL
Roma Tomatoes
ਰੋਮਾ ਟਮਾਟਰ
99¢ lb
Roasted Peanuts
ਭੁੱਜੀ ਮੂੰਗਫਲੀ
$1.99 lb
SUPER SPECIAL
English Cucumbers
ਇੰਗਲਿਸ਼ ਖੀਰੇ
2 for $1.50
SUPER SPECIAL
Santrae (Ponkan Mandarin)
ਸੰਤਰੇ (ਪੋਂਕਾਨ ਮੈਂਡਰਿਨ)
$1.98 lb
Indican Lychee Juice 2 L
ਇੰਡੀਕਨ ਲੀਚੀ ਜੂਸ 2 lt
$3.99 ea.
Peeled Garlic 3 lbs
ਛਿਲਿਆ ਹੋਇਆ ਲਸਣ
$5.99 pkg.
SUPER SPECIAL
Green Bell Peppers
ਹਰੀ ਸ਼ਿਮਲਾ ਮਿਰਚ
99¢ lb
Rapini (Sarson da Saag)
ਸਰਸੋਂ ਦਾ ਸਾਗ
$2.98 bunch
Brown Roasted Salted Cashews
ਭੁਰੇ ਭੁੰਨੇ ਹੋਏ ਨਮਕੀਨ ਕਾਜੂ
$4.99 lb
Red Delicious Apples USA
ਲਾਲ ਸਵਾਦ ਸੇਬ ਯੂ.ਐਸ.
99¢ lb
Fresh Spinach
ਪਾਲਕ
$1.69 bunch
Fresh Moli (Daikon)
ਮੂਲੀ
99¢ lb
Indican Tea 216's
ਇੰਡੀਕਨ ਚਾਹ
$5.98 box
Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$11.98 bottle
Cilantro
ਧਣੀਆ
2 bunches for $1.29
Fresh Ginger
ਤਾਜਾ ਅਦੱਰਕ
$1.88 lb
Seedless Oranges (Small)
ਛੋਟਾ ਸੰਤਰੇ ( ਬਿਨਾ ਬੀਜ ਤੋਂ )
99¢ lb
Red Lentil Whole, Red Lentil Split, Black Chana & Chickpeas 4 lbs (Indican)
$3.98 bag
Indican Punjabi Biscuits 1.5 lbs
ਇੰਡੀਕਨ ਪੰਜਾਬੀ ਕੂਕੀਜ਼
$5.98 pkg.
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.88 bag
Fresh Methi
ਤਾਜਾ ਮੇਥੀ
$1.99 bunch
Red Onions 25 lbs
ਲਾਲ ਗੰਢੇ
RED ONIONS
$16.99 bag
Fine Cane Sugar (Indican) 8 lbs
ਗੰਨੇ ਦੀ ਖੰਡ 8lbs
$5.99 bag
Fri Jan 31, 2025 - Wed Feb 05, 2025
We reserve the right to limit the quantities while they last
Specials valid for Lower Mainland only
23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana
SINCE 1994
BUSINESS HOURS
9 AM - 8 PM
7 DAYS A WEEK
THE SOUTH SURREY/WHITE ROCK FRUITICANA NOW OPEN AT 1812, 152ND ST.
Newton 13783 72nd Ave. Surrey 604-590-2080
Newton 13174 64th Ave. Surrey 604-598-9220
Scott Road 12047 80th Ave. Surrey 604-591-5032
Scott Road 104-7028 120th St. 604-590-8864
Cedar Hills 12867 96th Ave. Surrey 604-588-6620
Fleetwood 101-15933 Fraser Hwy 604-593-5163
Fleetwood 15230 84 Ave. 236-317-6272
Surrey 12990 72nd Ave. 604-503-5510
Surrey 12788 76A Ave. Surrey 604-597-1676
Surrey 16788 64 Ave. 604-372-2023
Surrey 101-7228 192St. 604-575-3750
Surrey 101-1812 152St. 604-539-5736
New Westminster 101-331 6th St. 604-395-3595
Abbotsford 2785 Bourquin Crescent W. 604-744-0328
Abbotsford 31205 Maclure Rd. 604-504-5877
Port Coquitlam 2807 Shaughnessy St. 604-464-0822
Vancouver 6257 Fraser St. 604-321-9931
Richmond 4101 No.5 Rd. 604-244-9520